ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ॥

ਸਤਿਗੁਰ ਤੇ ਜੋ ਮੁਹ ਫੇਰੇ



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

ਸੰਤ ਜਗਦੀਸ਼ ਸਿੰਘ ਨਾਮਧਾਰੀ



Sri Satguru Jagjit Singh Ji E-library

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

In order to continue conserving, digitising and publishing our numerous literature online, we are asking for your support and involvement.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

Digitising our treasures is an ambitious undertaking. Every page, every object, must be photographed individually and with great care. The whole photographic process including lighting, colour temperature, and environmental controls must all be precisely regulated. Post processing is also done with meticulous care including orientation, de-skewing, sizing and finally quality control to ensure the documents reflect the true state of the originals.

To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information about the process or your contribution - please contact

Email: NamdhariElibrary@gmail.com

kirpal singh chana

ਸਤਿਗੁਰ ਤੇ ਜੋ ਮੁਹ ਫੇਰੇ

ਇਸੇ ਕਲਮ ਤੋਂ :

ਕੀ ਇਹ ਗੁਰਮਤਿ ਹੈ ਕਿ ਮਨਮਤਿ, ਅਠਾਰਾਂ ਸਵਾਲ (1977)

ਅਵਾਮ ਨਾਲ ਧੋਖਾ (1979)

ਰਵਾਨੀ (ਜਲੰਧਰ) ਵਿਚ ਕਈ ਲੜੀਵਾਰ ਲੇਖ (1985-92)

ਗੁਰਮਤਿ ਅਤੇ ਨੀਲਾ ਕਾਲਾ ਰੰਗ (1997)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਿਆਈ ਬਾਰੇ ਬੁਧੀਜੀਵੀ ਪੁਰਸ਼ਾਂ ਦੇ ਵਿਚਾਰ *(ਪ੍ਰਕਾਸ਼ਨ ਅਧੀਨ)*

ਗੁਰਮਤਿ ਅਤੇ ਛੂਆਛੂਤ *(ਅਪ੍ਰਕਾਸ਼ਿਤ)*

सिक्ख पंथ में देवी पूजा *(अप्रकाशित)*

सिक्ख पंथ की गौरवशाली गोरक्षक परंपरा *(अप्रकाशित)*

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

ਸਤਿਗੁਰ ਤੇ ਜੋ ਮੁਹ ਫੇਰੇ

ਸੰਤ ਜਗਦੀਸ਼ ਸਿੰਘ ਜੀ ਨਾਮਧਾਰੀ

ਪ੍ਰਕਾਸ਼ਨ ਵਿਭਾਗ
ਮਾਤਾ ਭਗਵਤੀ ਧਰਮ ਕਰਮ ਆਸ਼ਰਮ
ਅੰਮ੍ਰਿਤਸਰ

SATGUR TE JO MUH PHERE

by :
Sant Jagdish Singh Ji Namdhari

ਪਹਿਲੀ ਵਾਰ : ਸੰਮਤ ੨੦੫੫
ਸੰਨ ੧੯੯੮

ਟਾਈਟਲ ਫ਼ੋਟੋ :
ਐੱਸ.ਐੱਚ.ਆਰ. ਸਿੰਘ
ਸ੍ਰੀ ਭੈਣੀ ਸਾਹਿਬ (ਲੁਧਿਆਣਾ)

ਪ੍ਰਕਾਸ਼ਕ :
ਪ੍ਰਕਾਸ਼ਨ ਵਿਭਾਗ,
ਮਾਤਾ ਭਗਵਤੀ ਧਰਮ ਕਰਮ ਆਸ਼ਰਮ
ਗੁਰੂ ਜਗਜੀਤ (ਜੱਜ) ਨਗਰ,
ਗਲੀ ਨੰ: 8, ਅੰਮ੍ਰਿਤਸਰ

ਟਾਈਪ ਸੈਟਰ :
ਕੇ.ਜੀ. ਗ੍ਰਾਫ਼ਿਕਸ,
98, ਸਿਟੀ ਸੈਂਟਰ, ਅੰਮ੍ਰਿਤਸਰ-143 004

ਛਾਪਕ :
ਪ੍ਰਿੰਟਵੈੱਲ,
146, ਇੰਡਸਟ੍ਰੀਅਲ ਫ਼ੋਕਲ ਪੁਆਇੰਟ,
ਅੰਮ੍ਰਿਤਸਰ

ਮੁੱਲ : 50 ਰੁਪਏ

ਸਾਦਰ ਸਮਰਪਿਤ

ਮੇਰੀ ਪਰਮ ਪੂਜਯ ਮਾਤਾ

ਸੁਰਗੀਯ ਠਾਕੁਰਾਇਨ ਭਗਵਤੀ ਦੇਵੀ ਜੀ ਨੂੰ,

ਜਿਨ੍ਹਾਂ ਦੀ ਮਮਤਾਮਈ ਧੁੰਦਲੀ ਯਾਦ

ਮੈਨੂੰ ਅੱਜ ਵੀ ਤੜਪਾਉਂਦੀ ਹੈ !

ਜਿਨ੍ਹਾਂ ਦੀ ਪਵਿੱਤਰ ਕੁੱਖੋਂ

ਜਨਮ ਲੈਣ ਕਰਕੇ ਹੀ

ਮੈਨੂੰ ਪੂਰੇ ਸਤਿਗੁਰੂ ਦੀ

ਪ੍ਰਾਪਤੀ ਹੋਈ ਹੈ !!

ਕੀ ਕਿੱਥੇ ?

ਮੇਰੀ ਨਿਗਾਹ ਵਿਚ

ਹਥਲੀ ਪੁਸਤਕ **'ਸਤਿਗੁਰ ਤੇ ਜੋ ਮੁਹੁ ਫੇਰੇ'** ਕਰਤਾ ਸੰਤ ਜਗਦੀਸ਼ ਸਿੰਘ ਅੰਮ੍ਰਿਤਸਰ ਦੀ ਲਿਖੀ ਹੋਈ ਪੜ੍ਹੀ। ਪੜ੍ਹ ਕੇ ਮਨ ਪ੍ਰਸੰਨ ਹੋਇਆ। ਪਰਮ ਸਤਿਕਾਰ ਯੋਗ ਨਾਮਧਾਰੀ ਸਤਿਗੁਰੂ ਬਾਬਾ ਜਗਜੀਤ ਸਿੰਘ ਜੀ ਮਹਾਰਾਜ ਦੀ ਪੈਰੋਕਾਰੀ ਨੂੰ ਬੜੇ ਸੁਚੱਜੇ ਢੰਗ ਨਾਲ, ਗੁਰਬਾਣੀ, ਸਿੱਖ ਇਤਿਹਾਸ ਦੁਆਰਾ ਸਿੱਧ ਕੀਤਾ ਹੈ ਕਿ ਸਤਿਗੁਰੂ ਤੋਂ ਬੇਮੁਖ ਹੋਇਆਂ, ਜਨਮਾਂ ਦੇ ਵਿਯੋਗ ਲੱਗਦੇ ਹਨ। ਇਸ ਲਈ ਸਿੱਖ ਨੂੰ ਕਦੀ ਵੀ ਆਪਣੇ ਗੁਰੂ ਤੋਂ ਬੇਮੁਖ ਨਹੀਂ ਹੋਣਾ ਚਾਹੀਦਾ। ਮੈਂ ਵੀ ਸਿੱਖ ਹੋਣ ਦੇ ਨਾਤੇ ਇਸ ਰਾਏ ਦਾ ਕਾਇਲ ਹਾਂ। ਗੁਰੂ ਗੋਬਿੰਦ ਸਿੰਘ ਜੀ ਦਾ ਬੇਮੁਖ ਮਸੰਦਾਂ ਨੂੰ ਸਾੜਨਾ, ਚਾਲੀ ਮੁਕਤਿਆਂ ਦੀ ਬਖ਼ਸ਼-ਬੰਦੀ ਕਰਨੀ, ਇਹ ਸਭ ਗੱਲਾਂ ਗੁਰਮਤਿ ਅਨੁਸਾਰ ਹਨ। ਇਹ ਪੁਸਤਕ ਅੱਜ ਦੇ ਸਮੇਂ ਅਸਾਂ ਨੂੰ ਬੇਮੁਖ ਹੋਣ ਤੋਂ ਬਚਾਏਗੀ। ਮੈਂ ਆਲ ਇੰਡੀਆ ਸਿੰਘ ਸਭਾ ਦਾ ਜਨਰਲ ਸਕੱਤਰ ਹੋਣ ਦੇ ਨਾਤੇ ਸਭ ਸਿੱਖਾਂ ਨੂੰ ਅਪੀਲ ਕਰਦਾ ਹਾਂ ਕਿ ਇਸ ਪੁਸਤਕ ਤੋਂ ਮਾਰਗ ਦਰਸ਼ਨ ਲੈਣ।

ਗੁਰੂ ਪੰਥ ਦਾ ਦਾਸ :

ਮਾਨ ਸਿੰਘ (ਗਿਆਨੀ)

ਜਨਰਲ ਸਕੱਤਰ

ਆਲ ਇੰਡੀਆ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ,

ਦਿੱਲੀ

ਸ੍ਰੀ ਗੁਰੂ ਨਾਨਕ ਸਤਿਸੰਗ ਸਭਾ (ਰਜਿ:)

ਗੁਰਦੁਆਰਾ ਅਮਰ ਕਲੋਨੀ,

ਦਯਾਨੰਦ ਕਾਲੋਨੀ,

ਲਾਜਪਤ ਨਗਰ, ਦਿੱਲੀ

ਭੂਮਿਕਾ

ਭਾਈ ਗੁਰਦਾਸ ਜੀ ਨੇ ਬੇਮੁਖ ਨੂੰ ਛੁੱਟੜ ਦੀ ਥਾਂ ਦਿੱਤੀ ਹੈ। ਛੁੱਟੜ ਉਹ ਦੁਰਭਾਗਣ ਹੈ, ਜਿਸ ਦਾ ਪਤੀ ਤਾਂ ਹੈ, ਪਰ ਕਿਸੇ ਕਾਰਨ ਪਤੀ ਨੇ ਤਿਆਗਿਆ ਹੋਇਆ ਹੈ। ਭਾਈ ਜੀ ਨੇ ਤਕੜੀ ਦੇ ਦੋਹਾਂ ਪੱਲਿਆਂ 'ਤੇ ਬਿਠਾ, ਇਸ ਸਿੱਟੇ 'ਤੇ ਪੁੱਜੇ ਹਨ ਕਿ ਅਜਿਹੀ ਅਭਾਗਣ ਨੂੰ ਤਾਂ ਸਾਹਿਬ ਵੱਲੋਂ ਜਵਾਬ ਹੈ, ਪਰ ਪੇਕੇ ਵੀ ਝੱਲ ਨਹੀਂ ਸਕਦੇ। ਅਜਿਹੀ ਕੁਕਰਮਣ ਨੂੰ ਅੰਦਰੋਂ ਅੰਦਰੀਂ ਕਰਿਜਣ ਜਾਂ ਕੁੜਨ ਦੇ ਸਿਵਾ ਕੋਈ ਰਾਹ ਨਹੀਂ। ਸੂਲੀ 'ਤੇ ਚੜ੍ਹਨ ਵਾਲੇ ਪ੍ਰਾਣੀ ਨੂੰ ਕੁਝ ਸਮੇਂ ਲਈ ਦੁਖ ਸਹਿਣਾ ਪੈਂਦਾ ਹੈ ਪਰ ਛੁੱਟੜ ਨੂੰ ਚੌਵ੍ਹੀ ਘੰਟੇ ਹੀ ਸੂਲੀ ਜਿੰਨੀ ਤਕਲੀਫ਼ ਹੁੰਦੀ ਹੈ।

ਬੇਮੁਖ ਉਹ ਹੈ, ਜਿਸਨੇ ਗੁਰੂ ਵੱਲੋਂ ਮੂੰਹ ਮੋੜ ਲਿਆ ਹੈ। ਭਾਈ ਗੁਰਦਾਸ ਜੀ ਨੇ ਅਜਿਹੇ ਅਭਾਗੇ ਦੇ ਮੂੰਹ 'ਤੇ ਕਾਲਖ ਜੜੀ ਹੈ।

ਸਤਿਗੁਰ ਪੁਰਖੁ ਅਗੰਮ ਹੈ ਨਿਰਵੈਰ ਨਿਰਾਲਾ।
ਜਾਣਹੁ ਧਰਤੀ ਧਰਮ ਦੀ ਸਚੀ ਧਰਮਸਾਲਾ।
ਜੇਹਾ ਬੀਜੈ ਸੁ ਲੁਣੈ ਫਲ ਕਰਮਸਮਾਲਾ।
ਜਿਉਂ ਕਰ ਨਿਰਮਲ ਆਰਸੀ ਵੇਖ ਵਿਖਾਲਾ।
ਜੇਹਾ ਮੁਹਿ ਕਰਿ ਭਾਲੀਐ ਤੇਹੋ ਵੇਖਾਲਾ।
ਸੇਵਕ ਦਰਗਾਹ ਸੁਰਖਰੂ ਬੇਮੁਖ ਮੂੰਹ ਕਾਲਾ।

ਭਾਰਤੀ ਸਮਾਜ ਵਿਚ ਮੂੰਹ ਕਾਲਾ ਹੋਣਾ ਵੱਡੀ ਦੁਰਭਾਗਤਾ ਹੈ। ਸਮਾਜ ਵਿਚੋਂ ਛੇਕੇ ਵਾਸਤੇ ਮੂੰਹ ਕਾਲਾ ਤੇ ਨੀਲੇ ਪੈਰ ਦਾ ਦਰਜਾ ਹੈ।

ਇਲਾਹੀ ਬਾਣੀ ਨੇ 'ਗੁਰੂ' ਦੀ ਮਹਾਨਤਾ ਦਰਸਾਈ ਹੈ। ਗੁਰੂ ਦੇ ਨੇਤਰਾਂ ਵਿਚ, ਰਸਨਾਂ ਵਿਚ, ਪੈਰਾਂ ਵਿਚ ਅੰਮ੍ਰਿਤ ਹੈ। ਗੁਰੂ ਦੀ ਸਾਰੀ ਦੇਹ ਵੀ ਅੰਮ੍ਰਿਤ ਦੀ ਹੁੰਦੀ ਹੈ। ਸ੍ਰੀ ਗੁਰੂ ਰਾਮਦਾਸ ਜੀ ਦਾ ਫ਼ਰਮਾਨ ਹੈ:

ਗੁਰ ਅੰਮ੍ਰਿਤ ਭਿੰਨੀ ਦੇਹੁਰੀ ਅੰਮ੍ਰਿਤੁ ਬੁਰਕੇ ਰਾਮ ਰਾਜੇ॥
ਜਿਨਾਂ ਗੁਰਬਾਣੀ ਮਨਿ ਭਾਈਆ ਅੰਮ੍ਰਿਤਿ ਛਕ ਛਕੇ॥

ਭਾਵ ਗੁਰੂ ਦੇ ਰੋਮ ਰੋਮ ਵਿਚੋਂ ਅੰਮ੍ਰਿਤ ਝਰਦਾ ਹੈ। ਦੁਰਭਾਗਤਾ ਵਸ ਜੇ ਅਜਿਹੇ ਸ਼ਹਿਦ ਦੇ ਸੋਮੇ ਵੱਲੋਂ ਮੂੰਹ ਮੁੜ ਜਾਵੇ ਤਾਂ ਇਸਤੋਂ ਵੱਧ ਹੋਰ ਕੀ ਖੋਟਾ ਕਰਮ ਹੋ ਸਕਦਾ ਹੈ। ਜਿਹੜਾ ਸੂਰਜ ਵੱਲੋਂ ਮੂੰਹ ਫੇਰ ਲਵੇ ਤਾਂ ਉਸ ਵਾਸਤੇ ਚੌਪਾਸੀਂ ਹਨੇਰਾ ਹੀ ਹਨੇਰਾ ਹੈ। ਉਸਦੇ ਲਾਗੇ ਨੇਕੀ ਨਹੀਂ ਢੁਕ ਸਕਦੀ, ਸੱਚ ਉਸਨੂੰ ਫਿੱਕਾ ਲੱਗਦਾ ਹੈ। ਅਸਤ ਦੇ ਲਿਸ਼ਕਾਰੇ ਉਸ 'ਤੇ ਜਾਦੂ ਕਰਦੇ ਹਨ। ਉਹ ਅੰਨ੍ਹੇ ਖੂਹ ਵਿਚ ਜਾ ਡਿੱਗਦਾ ਹੈ, ਜਿਸ ਵਿਚ ਜਿਥੇ ਝੂਠ ਤੇ ਬਦਫੈਲੀ ਦੇ ਕੀੜੇ, ਮਕੌੜੇ ਕੁਰਬਲ ਕੁਰਬਲ ਕਰਦੇ ਹਨ। ਬੇਮੁਖ ਅੱਕ ਧਤੂਰੇ ਨਾਲੋਂ ਕੌੜਾ ਹੁੰਦਾ ਹੈ, ਉਸਦੇ ਲਾਗੇ ਮਿਠਾਸ ਆ ਨਹੀਂ ਸਕਦੀ।

ਸ੍ਰੀ ਗੁਰੂ ਅਮਰਦਾਸ ਜੀ ਤਾਂ ਅਖ਼ੀਰ ਨੂੰ ਹੱਥ ਲਾ ਦਿੱਤਾ ਹੈ। ਆਪ ਕਹਿੰਦੇ ਹਨ :

ਸਤਿਗੁਰ ਤੇ ਜੋ ਮੁਹੇ ਫੇਰੇ ਓਇ ਭ੍ਰਮਦੇ ਨ ਟਿਕਨਿ ॥
ਧਰਤਿ ਅਸਮਾਨੁ ਨ ਝਲਈ ਵਿਚਿ ਵਿਸਟਾ ਪਏ ਪਚੰਨਿ ॥੨੩੩॥

ਮੇਰੀ ਤਾਂ ਇਹ ਮਨੋਂ ਅਰਦਾਸ ਹੈ ਕਿ ਸੱਚੇ ਪਾਤਸ਼ਾਹ ਕਿਸੇ ਨੂੰ ਅਜਿਹੀ ਪੁੱਠੀ ਮਤ ਨਾ ਦੇਵੇ, ਸਭ ਨੂੰ ਸੁਮੱਤ ਬਖ਼ਸ਼ੇ ਤੇ ਆਪਣੇ ਨਾਲ ਜੋੜੀ ਰੱਖੇ।

ਸੰਤ ਜਗਦੀਸ਼ ਸਿੰਘ ਜੀ ਬੜੇ ਗੁਰਮੁਖ ਪਿਆਰੇ ਹਨ, ਗੁਰੂ ਘਰ ਦੇ ਸੇਵਕ ਤੇ ਪ੍ਰਚਾਰਕ ਹਨ। ਆਪ ਦੀ ਲਗਨ, ਮਿਹਨਤ ਤੇ ਖੋਜ ਸ਼ਲਾਘਾਯੋਗ ਹੈ। **'ਸਤਿਗੁਰ ਤੇ ਜੋ ਮੁਹੇ ਫੇਰੇ'** ਕਈ ਉਝੜ ਜਾਂਦਿਆਂ ਨੂੰ ਸਿੱਧੇ ਰਾਹ ਪਾ ਸਕਦੀ ਹੈ। ਇਹਪੁਸਤਕ ਪੜ੍ਹਨਯੋਗ ਹੈ ਅਤੇ ਸਿਖ ਨੂੰ ਬੇਮੁਖ ਤੇ ਬੇਸਿਦਕ ਹੋਣ ਤੋਂ ਬਚਾ ਸਕਦੀ ਹੈ। ਮੈਂ ਸੱਚੇ ਪਾਤਸ਼ਾਹ ਜੀ ਦੇ ਚਰਨਾਂ ਵਿਚ ਅਰਦਾਸ ਕਰਦਾ ਹਾਂ ਕਿ ਉਹ ਸ੍ਰੀ ਜਗਦੀਸ਼ ਸਿੰਘ ਜੀ ਨੂੰ ਦੀਰਘ ਆਯੂ ਅਤੇ ਦੇਹ ਅਰੋਗਤਾ ਬਖ਼ਸ਼ਣ ਤਾਕਿ ਇਹ ਪੰਥ ਦੀ ਸੇਵਾ ਵਧ ਚੜ੍ਹ ਕੇ ਕਰਦੇ ਰਹਿਣ।

ਦਾਸ :

18 ਸਤੰਬਰ 1997 **ਮਾਸਟਰ ਨਿਹਾਲ ਸਿੰਘ (ਪੰਥ ਰਤਨ)**

ਅੱਸੂ 2055 ***ਸ੍ਰੀ ਭੈਣੀ ਸਾਹਿਬ***

ਦੋ ਸ਼ਬਦ

ਸਤਿਕਾਰ ਯੋਗ ਜਥੇਦਾਰ ਜਗਦੀਸ਼ ਸਿੰਘ ਅੰਮ੍ਰਿਤਸਰ ਦੀ ਲਿਖੀ ਹੋਈ ਪੁਸਤਕ **'ਸਤਿਗੁਰ ਤੇ ਜੋ ਮੁਹੁ ਫੇਰੇ'** ਪੜ੍ਹੀ। ਇਸ ਵਿਚ ਲਿਖੇ ਹੋਏ ਦ੍ਰਿਸ਼ਟਾਂਤ ਅੱਜ ਦੇ ਭੌਤਿਕਵਾਦ ਦੇ ਪ੍ਰਭਾਵ ਹੇਠ ਆਏ ਚੰਗੇ ਚੰਗੇ ਪੁਰਸ਼ ਵੀ ਸਤਿਗੁਰੂ ਤੋਂ ਬੇਮੁਖ ਹੋਣ ਤੋਂ ਸੰਕੋਚ ਨਹੀਂ ਕਰਦੇ ਪਏ, ਇਹ ਅੱਜ ਦੇ ਸਮੇਂ ਦਾ ਕੁਪ੍ਰਭਾਵ ਹੈ। ਇਸ ਤੋਂ ਬਚਣ ਲਈ ਇਹ ਪੁਸਤਕ ਮੀਲ ਪੱਥਰ ਸਿੱਧ ਹੋਵੇਗੀ। ਗੁਰੂ ਤੋਂ ਬੇਮੁਖ ਹੋਣ ਦੇ ਪਾਪ ਬਾਰੇ ਗੁਰੂ ਜੀ ਲਿਖਦੇ ਹਨ :

ਪਾਪੀ ਬਹੁ ਪ੍ਰਕਾਰ ਕੇ ਉਤਮ ਮਧਮ ਜਾਣ॥
ਹਤਿਆ ਖਟ ਪ੍ਰਕਾਰ ਹੈ ਮਨ ਮਹਿ ਲਿਹੁ ਪਛਾਣ॥
ਰਿਣ ਹਤਿਆ, ਕੰਨਿਆ ਹਤਿਆ, ਵਿਸ਼ਵਾਸ਼ ਘਾਤ ਅਧਿਕਾਏ॥
ਗਊ, ਬ੍ਰਾਹਮਣ ਮਾਰੀਐ ਗੋਤਰੀ ਹੱਤ ਕਰਾਇ॥
ਖਟ ਹਤਿਆ ਕੇ ਤੁਲ ਹੈ ਗੁਰ ਤੇ ਸਿਖ ਫਿਰ ਜਾਇ॥ *(ਜਨਮ ਸਾਖੀ)*

ਉਪਰੋਕਤ ਛੇ ਹੱਤਿਆਂ ਦੇ ਪਾਪਾਂ ਦੀ ਗਿਣਤੀ ਪੰਜ ਸੌ ਛਿਅੱਤਰ ਕਰੋੜ ਬਣਦੀ ਹੈ। ਹੱਥਲੀ ਪੁਸਤਕ ਇਹਨਾਂ ਪਾਪਾਂ ਤੋਂ ਬਚਣ ਲਈ ਸਿੱਖ ਦਾ ਸਦਾ ਹੀ ਮਾਰਗ ਦਰਸ਼ਨ ਕਰਦੀ ਰਹੇਗੀ। ਸ਼ਾਸਤਰਕਾਰਾਂ ਨੇ ਸੰਤਾਨ ਦੋ ਪ੍ਰਕਾਰ ਦੀ ਮੰਨੀ ਹੈ ਇਕ ਬਿੰਦੀ, ਇਕ ਨਾਦੀ। ਮੇਰੀ ਨਾਦੀ ਸੰਤਾਨ ਵੀ ਕਾਫ਼ੀ ਹੈ, ਉਸ ਵਿਚੋਂ ਇਹ ਮੇਰਾ ਹੋਣਹਾਰ ਸ਼ਾਗਿਰਦ, ਜਿਸਨੇ ਇਸ ਤੋਂ ਪਹਿਲਾਂ ਇਕ ਪੁਸਤਕ 'ਗੁਰਮਤਿ ਅਤੇ ਨੀਲਾ ਕਾਲਾ ਰੰਗ' ਨਾਮਧਾਰੀ ਸਮਾਜ ਨੂੰ ਦਿੱਤੀ ਹੈ। ਇਹ ਇਸਨੇ ਦੂਸਰਾ ਸ਼ਲਾਘਾਯੋਗ ਉੱਦਮ ਕੀਤਾ ਹੈ। ਇਸਤੋਂ ਪਹਿਲਾਂ ਸਾਡੇ ਲਿਖਾਰੀਆਂ ਨੇ ਇਸ ਵਿਸ਼ੇ ਵੱਲ ਧਿਆਨ ਨਹੀਂ ਦਿੱਤਾ। ਜਿਸ ਦੀ ਪੂਰਤੀ ਜਥੇਦਾਰ ਜੀ ਵੱਲੋਂ ਹੋਈ ਹੈ। ਮੈਂ ਇਨ੍ਹਾਂ 'ਤੇ ਜਿੰਨਾ ਮਾਣ ਕਰਾਂ ਥੋੜ੍ਹਾ ਹੈ। ਮੈਂ ਆਪਣੇ ਇਸ ਸ਼ਿਸ਼ ਨੂੰ ਆਸ਼ੀਰਵਾਦ ਦੇਂਦਾ ਹੋਇਆ ਇਹ ਆਸ ਕਰਦਾ ਹਾਂ ਕਿ ਇਹ ਦਿਨ ਦੂਣੀ ਤੇ ਰਾਤ ਚੌਗੁਣੀ ਤਰੱਕੀ ਕਰੇ। ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿਚ ਮੇਰੀ ਇਹ ਪ੍ਰਾਰਥਨਾ ਹੈ ਕਿ ਇਸ 'ਤੇ ਹਰ ਪ੍ਰਕਾਰ ਦੀ ਕ੍ਰਿਪਾ ਤੇ ਮਿਹਰ ਰੱਖਣ। ਮੈਂ ਸਾਰੇ ਗੁਰੂ ਨਾਨਕ ਨਾਮ ਲੇਵਾ ਸਿਖ ਸੰਪ੍ਰਦਾਵਾਂ ਨੂੰ ਇਸ ਪੁਸਤਕ ਨੂੰ ਗਹੁ ਨਾਲ ਪੜ੍ਹਨ ਦੀ ਪ੍ਰੇਰਨਾ ਕਰਦਾ ਹਾਂ।

ਸਾਧ ਸੰਗਤ ਦਾ ਦਾਸ
ਪੰਡਿਤ ਗੋਪਾਲ ਸਿੰਘ
(ਗਿਆਨ ਮਾਰਤੰਡ) ਸ੍ਰੀ ਭੈਣੀ ਸਾਹਿਬ

14 ਅੱਸੂ 2055

ਇਹ ਪੁਸਤਕ ਕਿਉਂ ?

ਸਾਰੇ ਸੰਸਾਰ ਦੇ ਧਰਮ ਗ੍ਰੰਥਾਂ ਅਨੁਸਾਰ ਇਸ ਸੰਸਾਰ ਦੀ ਉਪਜ ਦਾ ਮੂਲ ਪਰਮ-ਪ੍ਰਮੇਸ਼ਵਰ ਹੈ। ਸਾਰੀਆਂ ਜੀਵ ਆਤਮਾਵਾਂ ਪ੍ਰਮੇਸ਼ਵਰ ਤੋਂ ਹੀ ਉਪਜੀਆਂ ਹਨ :

ਓਅੰਕਾਰਿ ਬ੍ਰਹਮਾ ਉਤਪਤਿ ॥
ਓਅੰਕਾਰਿ ਕੀਆ ਜਿਨਿ ਚਿਤਿ ॥
ਓਅੰਕਾਰਿ ਸੈਲ ਜੁਗ ਭਏ ॥
ਓਅੰਕਾਰਿ ਬੇਦ ਨਿਰਮਏ ॥ *(ਪੰਨਾ ੯੨੯)*

ਸਾਰੀਆਂ ਜੀਵ ਆਤਮਾਵਾਂ ਦਾ ਅੰਤਿਮ ਮੰਤਵ ਪ੍ਰਮੇਸ਼ਵਰ ਦੇ ਨਾਲ ਇਕ ਰੂਪ ਹੋਣਾ ਹੈ। ਜਦੋਂ ਤਕ ਇਹ ਜੀਵ ਆਤਮਾ ਪ੍ਰਭੂ ਨਾਲ ਅਭੇਦ ਨਹੀਂ ਹੋ ਜਾਂਦੀ, ਓਦੋਂ ਤਕ ਇਸਦਾ ਸੰਸਾਰ ਵਿਚ ਆਵਾਗਮਨ ਬਣਿਆ ਰਹਿੰਦਾ ਹੈ :

ਅਨੇਕ ਜੂਨੀ ਭਰਮਿ ਆਵੈ ਵਿਣੁ ਸਤਿਗੁਰ ਮੁਕਤਿ ਨ ਪਾਏ ॥
ਫਿਰਿ ਮੁਕਤਿ ਪਾਏ ਲਾਗਿ ਚਰਣੀ ਸਤਿਗੁਰੂ ਸਬਦੁ ਸੁਣਾਏ ॥
(ਪੰਨਾ ੯੨੦)

ਸੰਸਾਰ ਵਿਚ ਪ੍ਰਮੇਸ਼ਵਰ ਦਾ ਪ੍ਰਤੱਖ ਰੂਪ ਗੁਰੂ ਹੈ :

ਗੁਰੂਰ ਬ੍ਰਹਮਾ, ਗੁਰੂਰ ਵਿਸ਼ਣੂ, ਗੁਰੂਰ ਦੇਵੋ ਮਹੇਸ਼ਵਰ੍ਹ।
ਗੁਰੂਰ ਸਾਖਸ਼ਾਤ ਪਾਰਬ੍ਰਹਮ ਤਸਮੈ ਸ਼੍ਰੀ ਗੁਰਵੇ ਨਮ੍ਹ।

ਅਤੇ :

ਗੁਰੁ ਈਸਰੁ ਗੁਰ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ ॥ *(ਪੰਨਾ ੨)*

ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪ੍ਰਵਾਣ ॥
ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥ *(ਪੰਨਾ ੭)*

ਇਸੇ ਲਈ ਗੁਰੂ ਨੂੰ ਬ੍ਰਹਮਾ, ਵਿਸ਼ਣੂ ਅਤੇ ਮਹਾਂਦੇਵ ਦਾ ਰੂਪ ਮੰਨ ਕੇ ਪ੍ਰਤੱਖ ਪਾਰਬ੍ਰਹਮ ਦਾ ਰੂਪ ਮੰਨਿਆ ਗਿਆ ਹੈ। ਇਸ ਪ੍ਰਕਾਰ ਗੁਰੂ ਨੇ ਹੀ ਜੀਵ

ਨੂੰ ਈਸ਼ਵਰ ਨਾਲ ਇਕ ਰੂਪ ਹੋਣ ਦਾ ਰਸਤਾ ਦੱਸਣਾ ਹੈ। ਗੁਰੂ ਤੋਂ ਪ੍ਰਾਪਤ ਨਾਮ ਅਤੇ ਗੁਰੂ ਕ੍ਰਿਪਾ ਦੁਆਰਾ ਹੀ ਪਾਰ ਉਤਾਰਾ ਹੋਣਾ ਹੈ। ਸ਼ਾਸਤ੍ਰ ਦਾ ਮੱਤ ਹੈ :

ਮੰਤ੍ਰ ਮੂਲੰ ਗੁਰੂ ਵਾਕਯੰ ਧਿਆਨੰ ਮੂਲੰ ਗੁਰੂ ਮੂਰਤ੍ਰੀ
ਮੋਕਸ਼ ਮੂਲੰ ਗੁਰੂ ਕ੍ਰਿਪਾ।

ਜਾਂ **ਗੁਰੂ ਗੁਰੂ ਗੁਰੂ ਕਰ ਮਨ ਮੋਰ।**
ਗੁਰੂ ਬਿਨਾ ਮੈ ਨਾਹੀ ਹੋਰ।

ਇਸ ਪ੍ਰਕਾਰ ਗੁਰੂ ਨੂੰ ਨਾ ਧਾਰਨ ਕਰਨ ਨਾਲ ਮੁਕਤੀ ਪ੍ਰਾਪਤ ਨਹੀਂ ਹੋ ਸਕਦੀ। ਜੇਕਰ ਕੋਈ ਜੀਵ ਗੁਰੂ ਨੂੰ ਧਾਰਨ ਕਰ ਕੇ ਆਪਣੇ ਗੁਰੂ ਤੋਂ ਬੇਮੁਖ ਹੋ ਜਾਵੇ ਤਾਂ ਇਹ ਗੁਰੂ ਨਾ ਧਾਰਣ ਕਰਨ ਤੋਂ ਵੀ ਵੱਧ ਅਪਰਾਧ ਹੈ। ਗੁਰੂ ਵੱਲੋਂ ਮੂੰਹ ਮੋੜਨ ਵਾਲੇ ਨਾਲ ਪ੍ਰਮੇਸ਼ਵਰ ਵੀ ਰੁੱਸ ਜਾਂਦਾ ਹੈ ਕਿਉਂਕਿ ਗੁਰੂ ਦਾ ਦਰਜਾ ਪ੍ਰਮੇਸ਼ਵਰ ਨਾਲੋਂ ਉੱਚਾ ਹੈ :

ਗੁਰੂ ਗੋਵਿੰਦ ਦੋਊ ਖੜੇ ਕਾਕੇ ਲਾਗੋ ਪਾਯ।
ਬਲਿਹਾਰੀ ਗੁਰ ਆਪਣੇ ਜਿਨ ਗੋਬਿੰਦ ਦਿਯੋ ਬਤਾਯ।

ਵਰਤਮਾਨ ਭੌਤਿਕਵਾਦੀ ਯੁਗ ਵਿਚ ਮਨੁੱਖ ਪ੍ਰਾਚੀਨ ਸੰਸਕਾਰਾਂ ਨੂੰ ਭੁੱਲ ਕੇ ਸਵਾਰਥ ਦੀ ਹਨੇਰੀ ਵਿਚ ਗੁਰੂ ਤੋਂ ਬੇਮੁਖ ਹੁੰਦਾ ਜਾ ਰਿਹਾ ਹੈ। ਇਹੋ ਕਾਰਣ ਹੈ ਕਿ ਚੰਗੇ ਚੰਗੇ ਵਿਦਵਾਨ ਵੀ ਇਸ ਭੌਤਿਕਤਾਵਾਦ ਦੀ ਲਪੇਟ ਵਿਚ ਆ ਕੇ ਗੁਰੂ ਦੀ ਨਿੰਦਾ ਕਰਦੇ ਹਨ। ਇਸ ਲਈ ਸਿੱਖ ਨੂੰ ਪੂਰਾ ਯਤਨ ਕਰ ਕੇ ਅਰਜ਼ ਬੇਨਤੀ ਕਰਨੀ ਚਾਹੀਦੀ ਹੈ ਕਿ ਮੇਰਾ ਸਾਰਾ ਜੀਵਨ ਗੁਰੂ ਦੇ ਸਨਮੁਖ ਰਹਿ ਕੇ ਬੀਤੇ ਅਤੇ ਗੁਰਬਾਣੀ ਦਾ ਨਿਮਨ ਵਾਕ ਉੱਤੇ ਖਰੇ ਉਤਰ ਸਕੀਏ।

ਜੇ ਕੋ ਸਿਖੁ ਗੁਰੂ ਸੇਤੀ ਸਨਮੁਖੁ ਹੋਵੈ॥
ਹੋਵੈ ਤਾ ਸਨਮੁਖੁ ਸਿਖੁ ਕੋਈ ਜੀਅਹੁ ਰਹੈ ਗੁਰ ਨਾਲੇ॥
ਗੁਰ ਕੇ ਚਰਣ ਹਿਰਦੈ ਧਿਆਏ ਅੰਤਰ ਆਤਮੈ ਸਮਾਲੇ॥
ਆਪੁ ਛਡਿ ਸਦਾ ਰਹੈ ਪਰਣੈ ਗੁਰ ਬਿਨੁ ਅਵਰੁ ਨ ਜਾਣੈ ਕੋਏ॥
ਕਹੈ ਨਾਨਕੁ ਸੁਣਹੁ ਸੰਤਹੁ ਸੋ ਸਿਖੁ ਸਨਮੁਖੁ ਹੋਏ॥ *(ਪੰਨਾ ੯੧੯)*

ਕਬੀਰ ਜੀ ਦਾ ਵੀ ਕਥਨ ਹੈ ਕਿ ਜੋ ਸਿਖ ਆਪਣੇ ਗੁਰੂ ਨਾਲ ਆਦਿ ਤੋਂ ਅੰਤ ਤਕ ਨਿਭਾ ਜਾਂਦਾ ਹੈ। ਉਸ ਭੱਦਰ ਪੁਰਸ਼ ਦੀ ਤੁਲਨਾ ਕ੍ਰੋੜਾਂ ਹੀਰਿਆਂ ਤੇ ਰਤਨਾਂ ਨਾਲ ਵੀ ਨਹੀਂ ਕੀਤੀ ਜਾ ਸਕਦੀ।

ਕਬੀਰ ਜੈਸੀ ਉਪਜੀ ਪੇਡ ਤੇ ਜਉ ਤੈਸੀ ਨਿਬਹੈ ਓੜਿ॥
ਹੀਰਾ ਕਿਸ ਕਾ ਬਾਪੁਰਾ ਪੁਜਹਿ ਨ ਰਤਨ ਕਰੋੜਿ॥ *(ਪੰਨਾ ੧੩੭੨)*

ਇਸ ਨਸ਼ਵਰ ਸੰਸਾਰ ਵਿਚ ਤਾਂ ਭਾਵੇਂ ਮਨੁੱਖ ਭੌਤਿਕਵਾਦੀ ਪਦਾਰਥਾਂ ਆਦਿ ਦੇ ਸਹਾਰੇ ਆਪਣਾ ਜੀਵਨ ਬਤੀਤ ਕਰ ਲੈਂਦਾ ਹੈ, ਪਰੰਤੂ ਮਰਨ ਤੋਂ ਬਾਅਦ ਇਹ ਭੌਤਕਵਾਦੀ ਪ੍ਰਵਿਤੀ ਨੇ ਕੰਮ ਨਹੀਂ ਦੇਣਾ ਹੈ। ਉਸ ਸਮੇਂ ਬੇ-ਮੁਖ ਦੀ ਨਿਮਨ ਦਸ਼ਾ ਹੁੰਦੀ ਹੈ।

੧. **ਅਗੈ ਸਿਪਰ ਆਤਸੀ ਪਵਨ ਗਲੀ ਜੰਜੀਰ॥**
ਮਨਮੁਖ ਬੰਧ ਚਲਾਈਐ ਨਿੰਦਕ ਜਿਉ ਵੇਪੀਰ॥ *(ਜਨਮਸਾਖੀ)*

੨. **ਪਾਪ ਕਰੇਦੜ ਸਰਪਰ ਮੁਠੇ॥**
ਅਜਰਾਈਲਿ ਫੜੇ ਫੜਿ ਕੁਠੇ॥
ਦੋਜਕਿ ਪਾਏ ਸਿਰਜਣਹਾਰੈ ਲੇਖਾ ਮੰਗੈ ਬਾਣੀਆ॥
ਸੰਗਿ ਨ ਕੋਈ ਭਈਆ ਬੇਬਾ॥
ਮਾਲੁ ਜੋਬਨੁ ਧਨੁ ਛੋਡਿ ਵਞੇਸਾ॥
ਕਰਣ ਕਰੀਮ ਨ ਜਾਤੋ ਕਰਤਾ ਤਿਲ ਪੀੜੇ ਜਿਉ ਘਣੀਆ॥
(ਪੰਨਾ ੧੦੧੯)

੩. **ਅਗੈ ਦੋਜਕੁ ਤਪਿਆ ਸੁਣੀਐ ਹੂਲ ਪਵੈ ਕਾਹਾਹਾ॥**
ਇਕਨਾ ਨੋ ਸਭ ਸੋਝੀ ਆਈ ਇਕਿ ਫਿਰਦੇ ਵੇਪਰਵਾਹਾ॥
(ਪੰਨਾ ੧੩੮੩)

੪. **ਜਮ ਕੋ ਤ੍ਰਾਸ ਭਇਓ**
ਉਰ ਅੰਤਰਿ ਸਰਨਿ ਗਹੀ ਕਿਰਪਾ ਨਿਧਿ ਤੇਰੀ॥
ਭੈ ਸਰਬੇ ਕੌ ਬਿਸਰਤ ਨਾਹਿਨ ਤਿਹ ਚਿੰਤਾ ਤਨੁ ਜਾਰਾ॥ *(ਪੰਨਾ ੭੦੩)*

ਉਪ੍ਰੋਕਤ ਜਮਾਂ ਦੀ ਮਾਰ ਅਤੇ ਨਰਕ ਤੋਂ ਸਤਿਗੁਰੂ ਹੀ ਬਚਾ ਸਕਦਾ ਹੈ। ਇਸ ਲਈ ਸਤਿਗੁਰੂ ਦੇ ਸਨਮੁਖ ਰਹਿ ਕੇ ਉਸਦੀ ਰਜਾ ਵਿਚ ਹੀ ਰਾਜੀ ਰਹਿਣਾ ਚਾਹੀਦਾ ਹੈ।

ਮਨਮੁਖ ਅਗੈ ਲੇਖਾ ਮੰਗੀਐ ਬਹੁਤੀ ਹੋਵੈ ਮਾਰ॥
ਗੁਰਮੁਖਿ ਪਤਿ ਸਿਉ ਲੇਖਾ ਨਿਬੜੈ ਬਖਸੇ ਸਿਫਤਿ ਭੰਡਾਰ॥
ਓਥੈ ਹਥੁ ਨ ਅਪੜੈ ਕੂਕ ਨ ਸੁਣੀਐ ਪੁਕਾਰ॥
ਓਥੈ ਸਤਿਗੁਰੂ ਬੇਲੀ ਹੋਵੇ ਕਢਿ ਲਏ ਅੰਤੀ ਵਾਰ॥
(ਪੰਨਾ ੧੨੮੧)

ਝੜ ਝਖੜ ਓਹਾੜ ਲਹਰੀ ਵਹਨਿ ਲਖੇਸਰੀ॥
ਸਤਿਗੁਰ ਸਿਉ ਆਲਾਇ ਬੇੜੇ ਡੁਬਣਿ ਨਾਹੀ ਭਉ॥ *(ਪੰਨਾ ੧੪੧੦)*

ਇਸ ਪ੍ਰਕਾਰ ਸਤਿਗੁਰੂ ਦੇ ਸਨਮੁਖ ਰਹਿ ਕੇ ਜੀਵਨ ਬਤੀਤ ਕਰੀਏ ਤਾਂ ਸਤਿਗੁਰੂ ਲੋਕ ਪ੍ਰਲੋਕ ਵਿਚ ਸਹਾਇਤਾ ਕਰਦਾ ਹੈ। ਇਸ ਲਈ ਹਰ ਸਿੱਖ ਨੂੰ ਸਦਾ ਗੁਰੂ ਅਨੁਸਾਰ ਚਲਣ ਦਾ ਪ੍ਰਯਤਨ ਕਰਨਾ ਚਾਹੀਦਾ ਹੈ। ਮੇਰੀ ਵੀ ਸਤਿਗੁਰੂ ਜੀ ਦੇ ਚਰਨਾਂ ਵਿਚ ਅਰਜ ਹੈ ਕਿ ਮੈਂ ਵੀ ਕਹਿੰਦਾ ਲਿਖਦਾ ਹੀ ਨ ਰਹਾਂ। ਮੈਨੂੰ ਵੀ ਅਮਲੀ ਜੀਵਨ ਬਤੀਤ ਕਰਨ ਦਾ ਬਲ ਬਖ਼ਸ਼ਣ। ਇਸੇ ਆਸੇ ਨੂੰ ਮੁਖ ਰੱਖ ਕੇ ਇਹ ਲਘੂ ਪੁਸਤਕ ਲਿਖਣ ਦਾ ਯਤਨ ਕੀਤਾ ਹੈ। ਮੇਰੀ ਗੁਰੂ ਚਰਨਾਂ ਵਿਚ ਅਰਦਾਸ ਹੈ ਕਿ ਅਸੀਂ ਸਾਰੇ ਬੇ-ਮੁਖਤਾ ਤੋਂ ਬਚ ਕੇ ਗੁਰੂ ਦੇ ਮਨਮੁਖ ਰਹਿ ਕੇ ਬਾਬਾ ਮੋਹਰੀ ਜੀ ਤੋਂ ਮਾਰਗ ਦਰਸ਼ਨ ਪ੍ਰਾਪਤ ਕਰੀਏ। ਜਿੰਨਾਂ ਬਾਰੇ ਗੁਰੂ ਵਾਕ ਹੈ।

ਮੋਹਰੀ ਪੁਤੁ ਸਨਮੁਖ ਹੋਇਆ ਰਾਮਦਾਸੈ ਪੈਰੀ ਪਾਇ ਜੀਉ।

ਅੰਤ ਵਿਚ ਮੈਂ ਇਸ ਪੁਸਤਕ ਵਿਚ ਕਿਸੇ ਵੀ ਪ੍ਰਕਾਰ ਦੀ ਰਹਿ ਗਈ ਤਰੁਟੀ ਲਈ ਖਿਮਾ ਦਾ ਯਾਚਕ ਹਾਂ। ਸ੍ਰੀ ਸਤਿਗੁਰੂ ਸੱਚੇ ਪਾਤਸ਼ਾਹ ਜੀ ਦਾ ਹਾਰਦਿਕ ਧੰਨਵਾਦੀ ਹਾਂ, ਜਿੰਨਾਂ ਨੇ ਮੇਰੇ ਕੋਲੋਂ ਇਸ ਪੁਸਤਕ ਦੇ ਰੂਪ ਵਿਚ ਸੇਵਾ ਕਰਾਈ।

ਸ੍ਰੀ ਸਤਿਗੁਰੂ ਜੀ ਅਤੇ ਸਾਧ ਸੰਗਤ ਦਾ ਦਾਸ
ਸੰਤ ਜਗਦੀਸ਼ ਸਿੰਘ ਨਾਮਧਾਰੀ
(ਸੰਰਖਿਅਕ)
ਡੇਰਾ ਮਾਤਾ ਭਗਵਤੀ ਧਰਮ ਕਰਮ ਆਸ਼ਰਮ,
ਗੁਰੂ ਜਗਜੀਤ (ਜਜ) ਨਗਰ, ਗਲੀ ਨੰ: ੮,
ਫਾਟਕ, ੪੦ ਖੂਹ, ਅੰਮ੍ਰਿਤਸਰ।

੨ ਅਕਤੂਬਰ ੧੧੯੮

ਧੰਨਵਾਦ

ਸਰਬ ਪ੍ਰਥਮ ਸਭ ਤੋਂ ਵੱਡਾ ਧੰਨਵਾਦ ਸ੍ਰੀ ਗੁਰੂ ਨਾਨਕ ਸਰੂਪ ਪ੍ਰਾਤਾਸਮਰਣੀਅ, ਅਰਚਨੀਯ, ਬੰਦਨੀਯ ਨਾਨਕ ਤਖਤ ਦੇ ਮੌਜੂਦਾ ਮਾਲਕ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਕਰਦਾ ਹਾਂ। ਜੋ ਹਰ ਥਾਂ ਅੰਗ-ਸੰਗ ਰਹਿ ਕੇ ਗੁਪਤ-ਪ੍ਰਗਟ ਮਦਦ ਕਰ ਰਹੇ ਹਨ। ਜਿੰਨਾਂ ਉਤੇ ਇਹ ਗੁਰੂ ਵਾਕ ਢੁੱਕਦਾ ਹੈ।

ਪ੍ਰਭੂ ਕੀ ਕਲਾ ਬਿਨਾ ਕਹ ਧਾਵੈ॥

ਅਤੇ

ਗੁਰ ਮੇਰੈ ਸੰਗ ਸਦਾ ਹੈ ਨਾਲੇ॥

ਇਸ ਪੁਸਤਕ ਲਈ ਸ੍ਰੀ ਅਮਰ ਭਾਰਤੀ ਜੀ, ਸ੍ਰੀ ਪ੍ਰੀਤਮ ਸਿੰਘ ਜੀ ਕਵੀ, ਪੰਥ ਰਤਨ ਮਾਸਟਰ ਨਿਹਾਲ ਸਿੰਘ ਜੀ, ਪੰਡਿਤ ਗੋਪਾਲ ਸਿੰਘ ਜੀ, ਹਜ਼ੂਰੀ ਸੇਵਕ ਹਰਪਾਲ ਸਿੰਘ, ਪ੍ਰੋ. ਤਾਰਾ ਸਿੰਘ ਅਨਜਾਣ, ਸੂਬਾ ਕਰਤਾਰ ਸਿੰਘ ਜੀ ਓਠੀਆਂ, ਸੰਤ ਸੁਲੱਖਣ ਸਿੰਘ ਜੀ ਭੰਗਵਾ, ਸ੍ਰੀ ਸੁਖਜੀਤ ਸਿੰਘ ਜੀ ਸਰਪੰਚ ਆਦਿ ਨੇ ਆਪਣੇ ਅਨਮੋਲ ਸੁਝਾਵ ਦਿਤੇ।

ਪ੍ਰਕਾਸ਼ਨ ਵਿਭਾਗ ਸ੍ਰੀ ਮਾਨ ਸੰਤ ਜਗਤਾਰ ਸਿੰਘ ਜੀ ਸਪੁੱਤਰ ਵਿਦਿਆ ਭੂਸ਼ਨ ਸ੍ਰੀ ਸੰਤ ਮਹਿੰਦਰ ਸਿੰਘ ਜੀ ਪਨਿਹਾਰੀ ਅਤੇ ਸੰਤ ਅਵਤਾਰ ਸਿੰਘ ਜੀ ਅਮਰਾਸਰ ਦਾ ਬਹੁਤ ਰਿਣੀ ਹੈ, ਜਿਨ੍ਹਾਂ ਨੇ ਆਪਣਾ ਵਿਸ਼ੇਸ਼ ਸਹਿਯੋਗ ਪ੍ਰਦਾਨ ਕੀਤਾ ਹੈ।

ਇਸ ਤੋਂ ਇਲਾਵਾ ਹਜ਼ੂਰੀ ਸੇਵਕ ਸੰਤ ਰਛਪਾਲ ਸਿੰਘ ਜੀ ਜਿਨ੍ਹਾਂ ਨੇ ਮੁੱਖ ਪੰਨੇ ਦੀ ਸਜਾਵਟ ਦਾ ਕੰਮ ਤੇ ਹਰ ਪ੍ਰਕਾਰ ਨਾਲ ਸਹਾਇਤਾ ਕੀਤੀ। ਕਾਕਾ ਸਵਤੰਤਰ ਪਾਲ ਸਿੰਘ ਦਿੱਲੀ ਜਿਸ ਨੇ ਕਿਤਾਬ ਦੇ ਛਪਣ ਤਕ ਅਨਥਕ ਮਿਹਨਤ ਕੀਤੀ।

ਅੰਤ ਵਿਚ ਉਨ੍ਹਾਂ ਸਾਰੇ ਸੱਜਣਾਂ ਦਾ ਅਤੀ ਧੰਨਵਾਦ ਹੈ ਜਿਨ੍ਹਾਂ ਨੇ ਕਿਸੇ ਵੀ ਪ੍ਰਕਾਰ ਨਾਲ ਇਸ ਪੁਸਤਕ ਨੂੰ ਤਿਆਰ ਕਰਨ ਲਈ ਸਹਿਯੋਗ ਦਿੱਤਾ। ਸ੍ਰੀ ਸਤਿਗੁਰੂ ਜੀ ਸਭ ਸਹਿਯੋਗੀਆਂ ਉੱਤੇ ਕ੍ਰਿਪਾ ਕਰਨ।

ਪ੍ਰਕਾਸ਼ਨ ਵਿਭਾਗ

ਮਾਤਾ ਭਗਵਤੀ ਧਰਮ ਕਰਮ ਆਸ਼ਰਮ

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

ਜੇ ਕੋ ਗੁਰ ਤੇ ਵੇਮੁਖ ਹੋਵੈ

ਸਨਾਤਮ ਧਰਮ ਅਥਵਾ ਗੁਰਮਤਿ ਅਨੁਸਾਰ ਜੀਵ ਦੀ ਆਤਮਾ ਪਰਮਾਤਮਾ ਤੋਂ ਉਤਪੰਨ ਹੋਈ ਹੈ:

(੧) **ਕਹੁ ਕਬੀਰ ਇਹ ਰਾਮ ਕੀ ਅੰਸੁ॥**
ਜਸ ਕਾਗਦ ਪਰ ਮਿਟੈ ਨ ਮੰਸੁ॥ *(ਪੰਨਾ ੮੭੧)*

(੨) **ਈਸ ਜੀਵ ਮੈ ਭੇਦ ਨ ਜਾਣੋ॥**
ਚੋਰ ਸਾਧ ਸਭ ਬ੍ਰਹਮ ਪਛਾਣੋ॥ *(ਪੈਂਤੀ ਅਖਰੀ)*

ਧਰਮ ਸ਼ਾਸਤ੍ਰਾਂ ਜਾਂ ਸਨਾਤਨੀ ਮੁਨੀਸ਼ੀਆਂ ਨੇ ਇਸ ਜੀਵ ਦਾ ਪੂਰਣ ਕਲਿਆਣ ਬ੍ਰਹਮ ਨਾਲ ਮਿਲਾਪ ਮੰਨਿਆ ਹੈ।

ਈਸ ਜੀਵ ਸੰਜੋਗ ਦੀ ਵਿਧੀ

ਜੀਵਾਤਮਾ ਦੇ ਪਰਮਾਤਮਾ ਨਾਲ ਸੁਮੇਲ ਦੀ ਸਰਵੋਤਮ ਵਿਧੀ ਪ੍ਰਭੂ-ਭਗਤੀ ਹੈ। ਹਰ ਮਨੁੱਖ ਜੋ ਪਰਮ ਪਰਮੇਸ਼ੁਰ ਸੱਤਾ ਦਾ ਆਸਥਾਵਾਨ ਹੈ, ਉਹ ਯਥਾ-ਸ਼ਕਤੀ ਪ੍ਰਭੂ ਦੀ ਭਗਤੀ ਕਰਦਾ ਹੈ। ਪ੍ਰਭੂ-ਭਗਤੀ ਕਰਨ ਦੀ ਇਕ ਵਿਧੀ ਗੁਰਮਤਿ ਅਨੁਸਾਰ ਅਤੇ ਦੂਸਰੀ ਮਨਮੱਤ ਅਨੁਸਾਰ ਹੈ। ਮਨਮੱਤ ਅਨੁਸਾਰ ਕੀਤੀ ਗਈ ਭਗਤੀ ਅਪ੍ਰਵਾਨ ਹੈ। ਜਿਵੇਂ ਕਿ:

(੧) **ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ॥**
ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ॥ *(ਪੰਨਾ ੪੯੧)*

(੨) **ਮਨਮੁਖ ਭਗਤਿ ਕਰਹਿ ਬਿਨੁ ਸਤਿਗੁਰ**
ਵਿਣੁ ਸਤਿਗੁਰ ਭਗਤਿ ਨ ਹੋਈ ਰਾਮ॥ *(ਪੰਨਾ ੭੬੮)*

(੩) **ਭਾਈ ਰੇ ਗੁਰ ਬਿਨੁ ਭਗਤਿ ਨ ਹੋਇ॥**
ਬਿਨੁ ਗੁਰ ਭਗਤਿ ਨ ਪਾਈਐ
ਜੇ ਲੋਚੈ ਸਭੁ ਕੋਇ॥੧॥ ਰਹਾਉ॥

ਲਖ ਚਉਰਾਸੀਹ ਫੇਰੁ ਪਇਆ ਕਾਮਣਿ ਦੂਜੈ ਭਾਇ ॥
ਬਿਨੁ ਗੁਰ ਨੀਦ ਨ ਆਵਦੀ ਦੁਖੀ ਰੈਣਿ ਵਿਹਾਇ ॥
ਬਿਨੁ ਸਬਦੈ ਪਿਰੁ ਨ ਪਾਈਐ ਬਿਰਥਾ ਜਨਮੁ ਗਵਾਇ ॥੨॥

(ਪੰਨਾ ੩੧)

ਉਪ੍ਰੋਕਤ ਪੰਕਤੀਆਂ ਅਨੁਸਾਰ ਜੇਕਰ ਕੋਈ ਜੀਵਾਤਮਾ ਵੇਮੁਖ ਹੋ ਕੇ ਮਨਮੱਤ ਅਨੁਸਾਰ ਭਗਤੀ ਕਰੇ ਤਾਂ ਉਸ ਦਾ ਜੀਵਨ ਹੀ ਵਿਅਰਥ ਹੋ ਜਾਂਦਾ ਹੈ।

ਗੁਰਮਤਿ ਅਨੁਸਾਰ ਕੋਈ ਦੇਹਧਾਰੀ ਮਹਾਂਪੁਰਖ, ਜੋ ਬ੍ਰਹਮ ਗਿਆਨੀ, ਬ੍ਰਹਮ ਸੋੁਝੀ, ਬ੍ਰਹਮਬੇਤਾ, ਬ੍ਰਹਮ ਗਿਆਤਾ ਹੋਵੇ। ਜਿਸ ਉਪਰ ਨਿਮਨ ਲੱਛਣ ਢੁਕਦੇ ਹੋਣ :

(੧) **ਸਤਿਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ ॥**
ਤਿਸ ਕੈ ਸੰਗਿ ਸਿਖੁ ਉਧਰੈ ਨਾਨਕ ਹਰਿ ਗੁਨ ਗਾਉ ॥

(ਪੰਨਾ ੨੮੬)

(੨) **ਬ੍ਰਹਮੁ ਬਿੰਦੇ ਸੋ ਸਤਿਗੁਰੁ ਕਹੀਐ ਹਰਿ ਹਰਿ ਕਥਾ ਸੁਣਾਵੈ ॥**
ਤਿਸੁ ਗੁਰ ਕਉ ਛਾਦਨ ਭੋਜਨ ਪਾਟ ਪਟੰਬਰ
ਬਹੁ ਬਿਧਿ ਸਤਿ ਕਰਿ ਮੁਖਿ ਸੰਚਹੁ
ਤਿਸੁ ਪੁੰਨ ਕੀ ਫਿਰਿ ਤੋਟਿ ਨਾ ਆਵੈ ॥
ਸਤਿਗੁਰ ਦੇਉ ਪਰਤਖਿ ਹਰਿ ਮੂਰਤਿ ਜੋ ਅੰਮ੍ਰਿਤ ਬਚਨ ਸੁਣਾਵੈ ॥
ਨਾਨਕ ਭਾਗ ਭਲੇ ਤਿਸੁ ਜਨ ਕੇ ਜੋ ਹਰਿ ਚਰਣੀ ਚਿਤੁ ਲਾਵੈ ॥

(ਪੰਨਾ ੧੨੬੪)

ਉਪ੍ਰੋਕਤ ਲੱਖਣਾਂ ਵਾਲੇ ਸਤਿਗੁਰੂ ਜੋ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ, ਸਤਿਗੁਰੂ ਰਾਮ ਸਿੰਘ ਜਾਂ ਗੁਰੂ ਨਾਨਕ ਦੇ ਸੁਰੂਪ ਵਰਤ ਰਹੇ ਹਾਜ਼ਰ ਸਤਿਗੁਰੂ ਵਰਗੇ ਗੁਰੂ ਤੋਂ ਨਾਮ ਪ੍ਰਾਪਤੀ ਕਰਕੇ ਉਸ ਦੀ ਦੱਸੀ ਹੋਈ ਮਰਯਾਦਾ ਅਨੁਸਾਰ ਸੁੱਚ, ਸੋਧ, ਰਸਨਾ ਹਿਲਾ ਕੇ ਮਾਲਾ ਨਾਲ ਭਜਨ ਕਰੇ ਅਤੇ ਗੁਰੂ ਦੇ ਬਚਨਾਂ ਦਾ ਪੂਰੀ ਤਰ੍ਹਾਂ ਪਾਲਨ ਕਰੇ, ਉਹ ਜੀਵ ਹੀ ਮੁਕਤੀ ਪ੍ਰਾਪਤ ਕਰ ਸਕਦਾ ਹੈ।

ਗੁਰੂ ਮਤ ਦੇ ਨਿਯਮ ਅਨੁਸਾਰ ਮਨੁੱਖ ਗੁਰਮੁਖ ਬਣ ਕੇ ਭਗਤੀ ਕਰੇ ਤਾਂ ਪ੍ਰਵਾਨ ਹੋ ਕੇ ਮੋਖਸ਼ ਨੂੰ ਪ੍ਰਾਪਤ ਹੁੰਦਾ ਹੈ। ਜੇਕਰ ਉਪ੍ਰੋਕਤ ਵਿਧੀ ਅਨੁਸਾਰ ਗੁਰੂ ਦਾ ਹੁਕਮ ਨਾ ਮੰਨ ਕੇ ਉਹ ਭਗਤੀ ਕਰਦਾ ਹੈ ਤਾਂ ਕਾਂ, ਕੁੱਤੇ, ਸੂਰ,

ਸੱਪ, ਖੋਤੇ ਦੇ ਤੁੱਲ ਹੈ ਅਤੇ ਮਰਨ ਤੋਂ ਬਾਅਦ ਇਨ੍ਹਾਂ ਜੂਨਾਂ ਨੂੰ ਪ੍ਰਾਪਤ ਹੁੰਦਾ ਹੈ, ਜਿਵੇਂ ਕਿ :

(੧) **ਗੁਰ ਮੰਤ੍ਰ ਹੀਣਸ੍ਹ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ ॥**
ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ ॥੩੩॥
(ਪੰਨਾ ੧੩੫੬)

ਇਸ ਕਰਕੇ ਸਿੱਖਾਂ ਦੇ ਬਾਹਰਵੇਂ ਗੁਰੂ ਜੀ ਦਾ ਹੁਕਮ ਹੈ ਕਿ :

ਜੇ ਕੋਈ ਭਜਨ ਪੁੱਛ ਕੇ ਨਾ ਕਰੂਗਾ, ਉਹ ਦਾ ਮੂੰਹ ਦੋਹੀਂ ਜਹਾਨੀ ਕਾਲਾ ਹੋਊਗਾ। *(ਰਹਿਤਨਾਮਾ ਪਾ: ੧੨ਵੀਂ)*

ਜਿਹੜਾ ਗੁਰਸਿਖ ਉਤਲੇ ਗੁਰੂ ਵਾਕਾਂ ਤੋਂ ਵੇਮੁਖ ਰਹਿ ਕੇ ਅਨੇਕਾਂ ਜਪ ਤਪ, ਪੂਜਾ ਪਾਠ ਆਦਿ ਕਰੇ, ਉਹ ਸਭ ਵਿਅਰਥ ਹਨ। ਇਸ ਪ੍ਰਕਾਰ ਉਹ ਜਨਮ ਮਰਣ ਦੇ ਗੇੜ ਵਿਚ ਹੀ ਫਸਿਆ ਰਹਿੰਦਾ ਹੈ। ਉਸ ਦੀ ਮੁਕਤੀ ਓਦੋਂ ਹੀ ਹੋ ਸਕਦੀ ਹੈ ਜਦੋਂ ਉਹ ਦੇਹਧਾਰੀ ਗੁਰੂ ਰੂਪੀ ਸੂਈ ਦੇ ਨੱਕੇ ਵਿਚੋਂ ਗੁਰਮੁਖ ਬਣ ਕੇ ਧਾਗੇ ਵਾਂਗ ਨਮਰ ਹੋ ਕੇ ਲੰਘੇ। ਜਿਵੇਂ ਕਿ :

ਜੇ ਕੋ ਗੁਰ ਤੇ ਵੇਮੁਖੁ ਹੋਵੈ ਬਿਨੁ ਸਤਿਗੁਰ ਮੁਕਤਿ ਨ ਪਾਵੈ ॥
ਪਾਵੈ ਮੁਕਤਿ ਨ ਹੋਰ ਥੈ ਕੋਈ ਪੁਛਹੁ ਬਿਬੇਕੀਆ ਜਾਏ ॥
ਅਨੇਕ ਜੂਨੀ ਭਰਮਿ ਆਵੈ ਵਿਣੁ ਸਤਿਗੁਰ ਮੁਕਤਿ ਨ ਪਾਏ ॥
ਫਿਰਿ ਮੁਕਤਿ ਪਾਇ ਲਾਗਿ ਚਰਣੀ ਸਤਿਗੁਰੂ ਸਬਦ ਸੁਣਾਏ ॥
ਕਹੈ ਨਾਨਕੁ ਵੀਚਾਰਿ ਦੇਖਹੁ ਵਿਣੁ ਸਤਿਗੁਰ ਮੁਕਤਿ ਨ ਪਾਏ ॥੨੨॥
(ਪੰਨਾ ੯੨੦)

ਸਤਿਗੁਰੂ ਦੀ ਕਿਰਪਾ ਸਦਕਾ ਜੇ ਉਪ੍ਰੋਕਤ ਗੁਰਮਤਿ ਮਾਰਗ ਪ੍ਰਾਪਤ ਹੋ ਜਾਏ ਤਾਂ ਸਿੱਖ ਨੂੰ ਗੁਰੂ ਉੱਤੇ ਪੂਰਣ ਸ਼ਰਧਾ ਰੱਖਦੇ ਹੋਏ ਹਰ ਸੰਭਵ ਜਤਨ ਕਰਦੇ ਹੋਏ ਗੁਰੂ ਨਾਲ ਜੁੜੇ ਰਹਿਣਾ ਚਾਹੀਦਾ ਹੈ ਅਤੇ ਅਰਦਾਸ ਕਰਨੀ ਚਾਹੀਦੀ ਹੈ ਕਿ :

ਤੇਰੇ ਨਾਲ ਤੇਰੀ ਸਾਧ ਸੰਗਤ ਨਾਲ ਸਦਾ ਬਣ ਆਏ, ਵੇਮੁਖੀ, ਬੇਸਿਦਕੀ ਤੋਂ ਸਦਾ ਹੱਥ ਦੇ ਕੇ ਰੱਖੀਂ। ਸੋ ਤੂੰ ਆਪਣਾ ਹੁਕਮ ਸਦਾ ਈ ਮਨਾਈਂ, ਜਿਥੇ ਮੇਰਾ ਜੀਉ ਜਾਵੇਗਾ, ਉਥੇ ਈ ਮੈਨੂੰ ਆਪਣੇ ਹੁਕਮ ਉੱਤੇ ਪ੍ਰਤੀਤ ਦਾਨ ਦਿਉ। ਹੁਣ ਹੇ ਮਹਾਰਾਜ, ਮੈਨੂੰ ਸਦਾ ਈ ਵੇਮੁਖੀ ਤੋਂ ਰੱਖ ਲਈਂ। *(ਹੁਕਮਨਾਮਾ ਪਾਤਿਸ਼ਾਹੀ ੧੨ਵੀਂ)*

ਅਗਰ ਸਿਖ ਗੁਰੂ ਤੋਂ ਵੇਮੁਖ ਜਾਂ ਮਨਮੁਖ ਹੋ ਜਾਂਦਾ ਹੈ ਤਾਂ ਗੁਰੂ ਨਾਨਕ

ਦੇਵ ਜੀ ਦੇ ਨਿਮਨ ਮੁਖਵਾਕ ਨੂੰ ਚੇਤੇ ਕਰਨਾ ਚਾਹੀਦਾ ਹੈ।

ਭਰ ਬੇੜੇ ਲੈ ਜਾਇਗੋ ਸੰਤ ਜਨਾ ਕੇ ਧੂਰ॥
ਵੇਮੁਖ ਤੂਟੇ ਤੂਟ ਮੂਏ ਸਨਮੁਖ ਭਏ ਕਬੂਲ॥

(ਜਨਮ ਸਾਖੀ ਅਜਿੱਤੇ ਰੰਧਾਵੇ ਦੀ ਗੋਸ਼ਟ)

ਜੋ ਸਿਖ ਮਨ ਨੂੰ ਮੁਖ ਰੱਖ ਕੇ ਗੁਰੂ ਤੋਂ ਵੇਮੁਖ ਹੋ ਜ਼ਾਂਦਾ ਹੈ।

ਮਨਮੁਖ ਲਹਰਿ ਘਰੁ ਤਜਿ ਵਿਗੂਚੈ ਅਵਰਾ ਕੇ ਘਰ ਹੇਰੈ॥
ਗ੍ਰਿਹ ਧਰਮੁ ਗਵਾਏ ਸਤਿਗੁਰ ਨ ਭੇਟੈ ਦੁਰਮਤਿ ਘੂਮਨ ਘੇਰੈ॥

(ਪੰਨਾ ੧੦੧੨)

ਭਾਵ ਕਿ ਜਦ ਸਿਖ ਨੂੰ ਮੰਦ ਵੈਰਾਗ ਹੁੰਦਾ ਹੈ ਤਾਂ ਗੁਰੂ ਨੂੰ ਤਿਆਗ ਕੇ ਮਨਮੁਖ ਹੋ ਜਾਂਦਾ ਹੈ ਅਤੇ ਦੂਜੇ ਘਰ ਨੂੰ ਤੱਕਦਾ ਹੈ। ਇਸ ਪ੍ਰਕਾਰ ਉਹ ਗੁਰੂ ਅਤੇ ਧਰਮ ਦੋਵੇਂ ਹੀ ਗੁਆ ਲੈਂਦਾ ਹੈ। ਗੁਰੂ ਤੋਂ ਵੇਮੁਖ ਹੋਣ ਕਰਕੇ ਦੀਨ ਤੇ ਦੁਨੀ ਗੁਆ ਲੈਂਦਾ ਹੈ। ਬੁਰੀ ਮਤ ਹੋਣ ਕਰਕੇ ਸੰਸਾਰ ਦੀ ਘੁੰਮਣਘੇਰੀ ਵਿਚ ਪਿਆ ਰਹਿੰਦਾ ਹੈ।

ਕੁੰਗੂ ਕੀ ਕਾਂਇਆ ਰਤਨਾ ਕੀ ਲਲਿਤਾ ਅਗਰਿਵਾਸੁ ਤਨਿ ਸਾਸੁ॥
ਅਠਸਠਿ ਤੀਰਥ ਕਾ ਮੁਖਿ ਟਿਕਾ ਤਿਤੁ ਘਟਿ ਮਤਿ ਵਿਗਾਸੁ॥
ਓਤ ਮਤੀ ਸਾਲਾਹਣਾ ਸਚੁ ਨਾਮੁ ਗੁਣ ਤਾਸੁ॥੧॥ *(ਪੰਨਾ ੧੭)*

ਅਰਥਾਤ ਸ੍ਰੀ ਗੁਰੂ ਨਾਨਕ ਦੇਵ ਜੀ ਦੇਹਧਾਰੀ ਗੁਰੂ ਦੇ ਕਾਇਲ ਸਨ, ਉਹ ਸਦੈਵ ਦੇਹਧਾਰੀ ਗੁਰੂ ਦਾ ਪ੍ਰਚਾਰ ਕਰਦੇ ਹੋਏ ਕਹਿੰਦੇ ਸਨ ਕਿ ਜੋ ਸਿਖ ਆਪਣੇ ਗੁਰੂ ਦੇ ਸਨਮੁਖ ਰਹਿ ਕੇ ਭਗਤੀ ਕਰਦਾ ਹੈ। ਸਰੀਰ ਕੁੰਗੂ (ਕੇਸਰ) ਵਾਂਗ ਪਵਿੱਤਰ ਅਤੇ ਲਲਿਤ (ਜ਼ਬਾਨ) ਰਤਨਾਂ ਵਾਂਗ ਅਮੋਲਕ ਹੁੰਦੀ ਹੈ। ਉਸ ਦੇ ਸਵਾਸ ਅਤੇ ਦੇਹ ਵਿਚੋਂ ਚੰਦਨ ਵਰਗੀ ਠੰਡੀ ਸੁਗੰਧ ਆਉਂਦੀ ਹੈ। ਉਸ ਦੇ ਮੱਥੇ ਉੱਤੇ ੬੮ ਤੀਰਥਾਂ ਦੇ ਇਸ਼ਨਾਨ ਦਾ ਟਿੱਕਾ ਲੱਗਦਾ ਹੈ। ਭਾਵ ਕਿ ਗੁਰਮੁਖ ਬਣ ਕੇ ਭਗਤੀ ਕਰਨ ਨਾਲ ਘਰ ਬੈਠੇ ਹੀ ੬੮ ਤੀਰਥਾਂ ਦਾ ਫਲ ਪ੍ਰਾਪਤ ਹੋ ਜਾਂਦਾ ਹੈ। ਇਸ ਦੇ ਵਿਪਰੀਤ ਕੋਈ ਗੁਰੂ ਤੋਂ ਵੇਮੁਖ ਹੋ ਕੇ ਭਗਤੀ ਕਰੇ ਤਾਂ :

ਬਾਬਾ ਹੋਰ ਮਤਿ ਹੋਰ ਹੋਰ॥
ਜੇ ਸਉ ਵੇਰ ਕਮਾਈਐ ਕੂੜੈ ਕੂੜਾ ਜੋਰੁ॥੧॥ ਰਹਾਉ॥ *(ਪੰਨਾ ੧੭)*

ਭਾਵ ਕਿ ਜੇ ਗੁਰੂ ਤੋਂ ਵੇਮੁਖ ਹੋ ਕੇ ਭਗਤੀ ਨਾ ਕਰੇ ਅਤੇ ਮਨ ਨੂੰ ਵੇਮੁਖੀ, ਬੇਸਿਦਕੀ ਵੱਲ ਜਾਣ ਤੋਂ ਨਾ ਰੋਕੇ। ਜੇ ਉਹ ਇਹ ਨਹੀਂ ਕਰ ਸਕਦਾ ਤਾਂ ਉਸਦਾ ਸਭ ਕੁਝ ਝੂਠ ਹੀ ਝੂਠ ਹੈ।

ਪੂਜ ਲਗੈ ਪੀਰੁ ਆਖੀਐ ਸਭੁ ਮਿਲੈ ਸੰਸਾਰੁ ॥
ਨਾਉ ਸਦਾਏ ਆਪਣਾ ਹੋਵੈ ਸਿਧੁ ਸੁਮਾਰੁ ॥
ਜਾ ਪਤਿ ਲੇਖੈ ਨ ਪਵੈ ਸਭਾ ਪੂਜ ਖੁਆਰੁ ॥੨॥ *(ਪੰਨਾ ੧੭)*

ਅਰਥਾਤ ਗੁਰੂ ਤੋਂ ਵੇਮੁਖ ਆਪਣੇ ਪ੍ਰਭਾਵ ਕਰਕੇ ਲੋਕਾਂ ਕੋਲੋਂ ਪੂਜਾ ਕਰਾਉਣ ਲੱਗ ਪਵੇ। ਹਿੰਦੂ ਉਸਨੂੰ ਦੇਵਤਾ ਅਤੇ ਮੁਸਲਮਾਨ ਪੀਰ ਜੀ ਆਖਣ ਲੱਗ ਪੈਣ। ਇਸ ਪ੍ਰਕਾਰ ਸਾਰਾ ਸੰਸਾਰ ਹੀ ਉਸਨੂੰ ਪੂਜੇ। ਵੇਮੁਖ ਆਪਣੇ ਨਾਮ ਦੀ ਗਿਣਤੀ ਵੀ ਅਵਤਾਰਾਂ ਵਿਚ ਕਰਾਉਣ ਲੱਗ ਪਵੇ। ਉਸਨੂੰ ਸਿੱਧ ਪੁਰਸ਼ ਦੇ ਰੂਪ ਵਿਚ ਮਾਨਤਾ ਮਿਲ ਜਾਵੇ, ਪਰੰਤੂ ਜਦ ਤਕ ਉਹ ਜਾਪਤਿ ਭਾਵ ਆਪਣੇ ਸਤਿਗੁਰੂ ਦੇ ਦਰਬਾਰ ਵਿਚ ਪ੍ਰਵਾਨ ਨਹੀਂ ਹੋ ਜਾਂਦਾ ਅਤੇ ਬੇਮੁਖਤਾ ਛੱਡ ਕੇ ਗੁਰਮੁਖਤਾ ਵੱਲ ਨਹੀਂ ਆ ਜਾਂਦਾ ਤਦ ਤਕ ਉਪ੍ਰੋਕਤ ਦੁਨਿਆਵੀ ਕਰਮ ਬਿਰਥੇ ਹਨ।

ਜਿਨ ਕਉ ਸਤਿਗੁਰਿ ਥਾਪਿਆ ਤਿਨ ਮੇਟਿ ਨ ਸਕੈ ਕੋਇ ॥
ਓਨਾ ਅੰਦਰਿ ਨਾਮੁ ਨਿਧਾਨੁ ਹੈ ਨਾਮੋ ਪਰਗਟੁ ਹੋਇ ॥
ਨਾਉ ਪੂਜੀਐ ਨਾਉ ਮੰਨੀਐ ਅਖੰਡੁ ਸਦਾ ਸਚੁ ਸੋਇ ॥੩॥
ਖੇਹੂ ਖੇਹ ਰਲਾਈਐ ਤਾ ਜੀਉ ਕੇਹਾ ਹੋਇ ॥
ਜਲੀਆ ਸਭਿ ਸਿਆਣਪਾ ਉਠੀ ਚਲਿਆ ਰੋਇ ॥
ਨਾਨਕ ਨਾਮਿ ਵਿਸਾਰਿਐ ਦਰਿ ਗਇਆ ਕਿਆ ਹੋਇ ॥ *(ਪੰਨਾ ੧੭)*

ਅਰਥਾਤ ਜਿਸ ਗੁਰਮੁਖ ਨੂੰ ਸਤਿਗੁਰੂ ਉੱਚ-ਪਦ ਪ੍ਰਦਾਨ ਕੀਤਾ ਹੈ, ਉਸਨੂੰ ਕੋਈ ਵੀ ਨਹੀਂ ਮਿਟਾ ਸਕਦਾ। ਜੋ ਗੁਰਮੁਖ ਹਨ, ਉਨ੍ਹਾਂ ਦੇ ਅੰਦਰ ਨੌਂ ਨਿਧੀਆਂ ਦਾ ਖ਼ਜ਼ਾਨਾ ਹੈ। ਉਹ ਨਾਮ ਕਰਕੇ ਸੰਸਾਰ ਵਿਚ ਪ੍ਰਗਟ ਹੁੰਦੇ ਹਨ। ਉਹ ਸਤਿਗੁਰੂ ਜੋ ਸਦਾ ਅਖੰਡ ਭੇਦਭਾਵ ਤੋਂ ਰਹਿਤ ਹੈ। ਗੁਰਮੁਖ ਉਸਦੀ ਪੂਜਾ ਕਰਦੇ ਹਨ। ਜਦੋਂ ਬੇਮੁਖ ਦਾ ਸਰੀਰ ਸ਼ਮਸ਼ਾਨ ਭੂਮੀ ਵਿਚ ਖੇਹ ਹੋ ਜਾਵੇਗਾ। ਉਸਦੀ ਮ੍ਰਿਤਯੂ ਪਿੱਛੋਂ ਦਰਗਾਹ ਵਿਚ ਉਸਦਾ ਸਤਿਕਾਰ ਨਾ ਹੋ ਕੇ ਉਸਦਾ ਤ੍ਰਿਸਕਾਰ ਹੋਵੇਗਾ। ਗੁਰੂ ਤੋਂ ਵੇਮੁਖ ਦੀਆਂ ਸਾਰੀਆਂ ਸਿਆਣਪਾਂ ਸੜ ਜਾਣਗੀਆਂ। ਵੇਮੁਖ ਨੂੰ ਰੋਂਦੇ ਹੋਏ, ਕਰਮ-ਫਲ ਭੋਗਣ ਲਈ ਜਮ ਉਥੇ ਚੁੱਕ ਕੇ ਲੈ ਜਾਣਗੇ। ਸ੍ਰੀ ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਗੁਰੂ ਨੂੰ ਭੁੱਲ ਕੇ ਪ੍ਰਲੋਕ ਵਿਚ ਗਏ ਵੇਮੁਖ ਪਾਪੀ ਦਾ ਕੀ ਹਾਲ ਹੋਵੇਗਾ ?

ਇਸ ਪ੍ਰਕਾਰ ਗੁਰੂ ਨਾਲੋਂ ਬੇਮੁਖ ਹੋ ਕੇ ਪ੍ਰਲੋਕ ਵਿਚ ਢੋਈ ਨਹੀਂ ਪ੍ਰਾਪਤ ਹੁੰਦੀ। ਵੇਮੁਖ ਨੂੰ ਜਮਾਂ ਦੀ ਮਾਰ ਸਹਿਣੀ ਪੈਂਦੀ ਹੈ। ਗੁਰੂ ਦੀ ਕਿਰਪਾ ਤੋਂ ਬਿਨਾਂ ਉਹ ਕਦੀ ਮੁਕਤੀ ਨਹੀਂ ਪ੍ਰਾਪਤ ਕਰ ਸਕਦਾ। ਜਿਹੜਾ ਸਿਖ ਹੋ ਕੇ

ਗੁਰੂ ਤੋਂ ਮੂੰਹ ਫੇਰ ਲਏ, ਉਹ ਨਿਮਨ ਸਜ਼ਾ ਦਾ ਭਾਗੀ ਹੈ:

ਸਤਗੁਰ ਤੇ ਜੋ ਮੁਹ ਫੇਰਹਿ ਮਥੇ ਤਿਨ ਕਾਲੇ ॥
ਅਨਦਿਨੁ ਦੁਖ ਕਮਾਵਦੇ ਨਿਤ ਜੋਹੇ ਜਮਜਾਲੇ ॥
ਸੁਪਨੈ ਸੁਖ ਨ ਦੇਖਨੀ ਬਹੁ ਚਿੰਤਾ ਪਰ ਜਾਲੇ ॥ *(ਪੰਨਾ ੩੦)*

ਸ੍ਰੀ ਗੁਰੂ ਅੰਗਦ ਦੇਵ ਜੀ ਦਾ ਫ਼ੁਰਮਾਨ ਹੈ ਕਿ ਆਪਣੇ ਪਿਆਰੇ ਸਤਿਗੁਰੂ ਤੋਂ ਵੇਮੁਖ ਹੋਣ ਨਾਲੋਂ ਮਰ ਜਾਣਾ ਚੰਗਾ ਹੈ। ਇਸੇ ਲਈ ਭਗਤ ਕਬੀਰ ਜੀ ਕਹਿੰਦੇ ਹਨ ਕਿ ਐ ਬੰਦੇ ਜੇ ਇਕ ਪਾਸੇ ਕਰੋੜਾਂ ਹੀਰੇ ਤੇ ਰਤਨ ਪਏ ਹੋਣ ਅਤੇ ਦੂਸਰੇ ਪਾਸੇ ਤੇਰੀ ਸ਼ੁਰੂ ਤੋਂ ਅਖ਼ੀਰ ਤਕ ਗੁਰੂ ਨਾਲ ਗੁਰਮੁਖ ਬਣ ਕੇ ਨਿਭ ਜਾਏ ਤਾਂ ਤੇਰੀ ਤੁਲਲਾ ਉਨ੍ਹਾਂ ਕਰੋੜਾਂ ਹੀਰਿਆਂ ਰਤਨਾਂ ਤੋਂ ਕਈ ਗੁਣਾਂ ਅਧਿਕ ਹੈ।

ਕਬੀਰ ਜੈਸੀ ਉਪਜੀ ਪੇਡ ਤੇ ਜਉ ਤੈਸੀ ਨਿਬਹੈ ਓੜਿ ॥
ਹੀਰਾ ਕਿਸ ਕਾ ਬਾਪੁਰਾ ਪੁਜਹਿ ਨ ਰਤਨ ਕਰੋੜਿ ॥
(ਪੰਨਾ ੧੩੭੨)

ਸ੍ਰੀ ਗੁਰੂ ਅਮਰਦਾਸ ਜੀ ਅਨੁਸਾਰ ਜੋ ਸਿਖ ਗੁਰੂ ਤੋਂ ਵੇਮੁਖ ਹੋ ਜਾਂਦਾ ਹੈ, ਉਹ ਬਹੁਤ ਹੀ ਬੁਰਾ ਦਿੱਸਦਾ ਹੈ। ਉਹ ਅਨਦਿਨ ਜਮਾਂ ਦੀ ਮਾਰ ਦਾ ਭਾਗੀ ਬਣ ਕੇ ਮੁੜ ਮਨੁੱਖਾ ਜਨਮ ਤੋਂ ਦੂਰ ਚੌਰਾਸੀ ਲੱਖ ਜੂਨੀਆਂ ਦੇ ਗੇੜ ਵਿਚ ਭਟਕਦਾ ਰਹਿੰਦਾ ਹੈ।

ਸਤਿਗੁਰ ਤੇ ਜੋ ਮੁਹ ਫੇਰੇ ਤੇ ਵੇਮੁਖਿ ਬੁਰੇ ਦਿਸੰਨਿ ॥
ਅਨਦਿਨੁ ਬਧੇ ਮਾਰੀਅਨਿ ਫਿਰ ਵੇਲਾ ਨ ਲਹੰਨਿ ॥ *(ਪੰਨਾ ੨੩੩)*

ਇਥੇ ਹੀ ਬਸ ਨਹੀਂ, ਗੁਰੂ ਤੋਂ ਵੇਮੁਖਾਂ ਨੂੰ ਧਰਤੀ ਅਕਾਸ਼ ਵੀ ਨਹੀਂ ਝੱਲਦੇ। ਐਸੇ ਪਾਪੀਆਂ ਨੂੰ ਬਿਸਟਾ ਵਿਖੇ ਨਿਵਾਸ ਮਿਲਦਾ ਹੈ ਤੇ ਉਥੇ ਹੀ ਉਹ ਪਚੰਨਿ, ਭਾਵ ਖ਼ਤਮ ਹੁੰਦੇ ਹਨ।

ਸਤਿਗੁਰ ਤੇ ਜੋ ਮੁਹੇ ਫੇਰੇ ਓਇ ਭ੍ਰਮਦੇ ਨਾ ਟਿਕਨਿ ॥
ਧਰਤਿ ਅਸਮਾਨੁ ਨ ਝਲਈ ਵਿਚਿ ਵਿਸਟਾ ਪਏ ਪਚੰਨਿ ॥
(ਪੰਨਾ ੨੩੩)

ਸਤਿਗੁਰ ਤੇ ਜੋ ਮੁਹ ਫਿਰੇ ਸੇ ਬਧੇ ਦੁਖ ਸਹਾਹਿ ॥
ਫਿਰਿ ਫਿਰਿ ਮਿਲਣੁ ਨ ਪਾਇਨੀ ਜੰਮਹਿ ਤੈ ਮਰਿ ਜਾਹਿ ॥
ਸਹਸਾ ਰੋਗੁ ਨ ਛੋਡਈ ਦੁਖ ਹੀ ਮਹਿ ਦੁਖ ਪਾਹਿ ॥
ਨਾਨਕ ਨਦਰੀ ਬਖਸਿ ਲੇਹਿ ਸਬਦੇ ਮੇਲਿ ਮਿਲਾਹਿ ॥੧॥

ਜੋ ਸਤਿਗੁਰ ਤੇ ਮੁਹ ਫਿਰੇ ਤਿਨਾ ਠਉਰ ਨ ਠਾਉ ॥
ਜਿਉ ਛੁਟੜਿ ਘਰਿ ਘਰਿ ਫਿਰੈ ਦੁਹ ਚਾਰਣਿ ਬਦਨਾਉ ॥
ਨਾਨਕ ਗੁਰਮੁਖਿ ਬਖਸੀਅਹਿ ਸੇ ਸਤਿਗੁਰ ਮੇਲਿ ਮਿਲਾਉ ॥੨॥

(ਪੰਨਾ ੬੪੫)

ਆਚਾਰੀ ਨਹੀ ਜੀਤਿਆ ਜਾਇ ॥
ਪਾਠ ਪੜੈ ਨਹੀ ਕੀਮਤਿ ਪਾਇ ॥
ਅਸਟ ਦਸੀ ਚਹੁ ਭੇਦੁ ਨ ਪਾਇਆ ॥
ਨਾਨਕ ਸਤਿਗੁਰਿ ਬ੍ਰਹਮੁ ਦਿਖਾਇਆ ॥੫॥੨੦॥ *(ਪੰਨਾ ੩੫੫)*

ਗੁਰੂ ਦੀ ਖ਼ੁਸ਼ੀ ਤੋਂ ਵਿਪਰੀਤ ਉਪ੍ਰੋਕਤ ਸਾਰੇ ਧਰਮ ਕਰਮ ਵੇਮੁਖ ਲਈ ਬੇਖੁਮੀ ਅਤੇ ਦੁੱਖਾਂ ਦਾ ਕਾਰਣ ਬਣਦੇ ਹਨ। ਜਿਵੇਂ ਕਿ :

ਮਨਮੁਖ ਕਰਮ ਕਰੇ ਅਹੰਕਾਰੀ ਸਭੁ ਦੁਖੋ ਦੁਖੁ ਕਮਾਇ ॥
ਨਾਨਕ ਮੈਲਾ ਊਜਲੁ ਤਾ ਥੀਐ ਜਾ ਸਤਿਗੁਰ ਮਾਹਿ ਸਮਾਇ ॥

ਸੰਸਕ੍ਰਿਤ ਵਿਚ ਹਿਤੋਪਦੇਸ਼ ਸਾਹਿਤ ਵਿਚ ਇਕ ਸਿਖਿਆ ਹੈ, **'ਵਿਨਾਸ਼ ਕਾਲੇ ਵਿਪਰੀਤ ਬੁਧੀ'** ਭਾਵ ਕਿ ਜਦੋਂ ਮਨੁੱਖ ਦਾ ਮਾੜਾ ਸਮਾ ਚੱਲ ਰਿਹਾ ਹੋਵੇ ਤਾਂ ਉਸਦੀ ਬੁੱਧੀ ਉਲਟੀ ਹੋ ਜਾਂਦੀ ਹੈ। ਗੁਰੂ ਤੋਂ ਮੂੰਹ ਮੋੜਨ ਵਾਲੇ ਦਾ ਵੀ ਇਹੋ ਹਾਲ ਹੁੰਦਾ ਹੈ। ਉਸਨੂੰ ਭਾਵੇਂ ਕਿੰਨੇ ਵੀ ਸਿਆਣੇ ਸਮਝਾਉਣ, ਪਰੰਤੂ ਇਸ 'ਤੇ ਕੋਈ ਅਸਰ ਨਹੀਂ ਹੁੰਦਾ।

ਮਨਮੁਖੁ ਲੋਕੁ ਸਮਝਾਈਐ ਕਦਹੁ ਸਮਝਾਇਆ ਜਾਇ ॥
ਮਨਮੁਖੁ ਰਲਾਇਆ ਨਾ ਰਲੈ ਪਇਐ ਕਿਰਤਿ ਫਿਰਾਇ ॥
ਲਿਵ ਧਾਤੁ ਦੁਇ ਰਾਹ ਹੈ ਹੁਕਮੀ ਕਾਰ ਕਮਾਇ ॥ *(ਪੰਨਾ ੮੭)*

ਵੇਮੁਖ ਜਾਂ ਮਨਮੁਖ ਕਈਆਂ ਦੇ ਸਮਝਾਇਆਂ ਨਹੀਂ ਸਮਝਦੇ ਤਾਂ ਗੁਰੂ ਜੀ ਇਸਦੀ ਵੇਮੁਖਤਾ ਦਾ ਕਾਰਣ ਦੁਨਿਆਵੀ ਮਾਇਆ ਸਮਝਦੇ ਹੋਏ ਉਸਨੂੰ ਸਦ ਮਾਰਗ ਉੱਤੇ ਚੱਲਣ ਦੀ ਤਾੜਨਾ ਕਰਦੇ ਰਹਿੰਦੇ ਹਨ।

ਮਾਇਆ ਵੇਖਿ ਨ ਭੁਲੁ ਤੂ ਮਨਮੁਖ ਮੂਰਖਾ ॥
ਚਲਦਿਆ ਨਾਲਿ ਨ ਚਲਈ ਸਭੁ ਝੂਠੁ ਦਰਬੁ ਲਖਾ ॥
ਅਗਿਆਨੀ ਅੰਧੁ ਨ ਬੂਝਈ ਸਿਰ ਊਪਰਿ ਜਮ ਖੜਗੁ ਕਲਖਾ ॥
ਗੁਰਪ੍ਰਸਾਦੀ ਉਬਰੇ ਜਿਨਿ ਹਰਿ ਰਸੁ ਚਖਾ ॥
ਆਪਿ ਕਰਾਏ ਕਰੇ ਆਪਿ ਆਪੇ ਹਰਿ ਰਖਾ ॥ *(ਪੰਨਾ ੧੦੮੭)*

ਜਿਸ ਸਿਖ ਉੱਤੇ ਗੁਰੂ ਦੀ ਬਖ਼ਸ਼ਿਸ਼ ਨਹੀਂ ਹੈ, ਉਸਨੂੰ ਗੁਰੂ ਦੀ ਖ਼ੁਸ਼ੀ ਪ੍ਰਾਪਤ

ਨਹੀਂ ਹੈ। ਉਹ ਭਾਵੇਂ ਕਿੰਨਾ ਵੀ ਸੱਚ ਬੋਲੇ ਅਤੇ ਆਚਾਰ ਦਾ ਪਾਲਨ ਕਰੇ ਪਰੰਤੂ ਗੁਰੂ ਤੋਂ ਬੇਮੁਖ ਹੋਣ ਕਰਕੇ ਉਸਦਾ ਇਹ ਸਭ ਵਿਅਰਥ ਹੈ।

ਗੁਰ ਤੇ ਮੁਹੁ ਫੇਰੇ ਜੇ ਕੋਈ ਗੁਰ ਕਾ ਕਹਿਆ ਨ ਚਿਤਿ ਧਰੈ॥
ਕਰਿ ਆਚਾਰੁ ਬਹੁ ਸੰਪਉ ਸੰਚੈ ਜੋ ਕਿਛੁ ਕਰੈ ਸੁ ਨਰਕਿ ਪਰੈ॥

(ਪੰਨਾ ੧੩੩੪)

ਸੱਚ ਨੂੰ ਵੱਡਾ ਮੰਨਿਆ ਗਿਆ ਹੈ। ਕਲਜੁਗ ਵਿਚ ਤਾਂ ਸੱਚ ਦੀ ਬਹੁਤ ਮਹਾਨਤਾ ਹੈ। ਸੰਤ ਤੁਲਸੀ ਦਾਸ ਲਿਖਦੇ ਹਨ:

ਸਚ ਬਰਾਬਾਰ ਤਪ ਨਹੀਂ ਝੂਠ ਬਰਾਬਰ ਪਾਪ॥
ਜਾ ਕੇ ਹਿਰਦੇ ਸਾਂਚ ਹੈ ਤਾ ਕੇ ਹਿਰਦੇ ਹਰਿ ਆਪ॥

(ਸੰਤ ਤੁਲਸੀ ਦਾਸ ਜੀ)

ਸਚੁ ਸਚਾ ਸਭ ਦੂ ਵਡਾ ਹੈ ਸੋ ਲਏ ਜਿਸੁ ਸਤਿਗੁਰੁ ਟਿਕੇ॥
ਸੋ ਸਤਿਗੁਰੁ ਜਿ ਸਚੁ ਧਿਆਇਦਾ ਸਚੁ ਸਚਾ ਸਤਿਗੁਰੁ ਇਕੇ॥

(ਪੰਨਾ ੩੦੪)

ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ॥
ਨਾਨਕ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ॥੨॥ *(ਪੰਨਾ ੪੬੮)*

ਧਰਮੀ ਪੁਰਸ਼ਾਂ ਨੇ ਸੱਚ ਨੂੰ ਸਰਵੋਤਮ ਮੰਨਿਆ ਹੈ। ਪਰੰਤੂ ਸੱਚ ਨਾਲੋਂ ਉੱਤੇ ਆਚਾਰ ਭਾਵ ਚਰਿੱਤਰ ਨੂੰ ਉੱਚਾ ਮੰਨਿਆ ਹੈ। ਜਿਵੇਂ ਕਿ:

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥ *(ਪੰਨਾ ੬੨)*

ਅੰਗ੍ਰੇਜ਼ੀ ਦੀ ਇਕ ਪ੍ਰਸਿੱਧ ਕਹਾਵਤ ਵੀ ਹੈ ਕਿ ਪੈਸਾ ਗਿਆ ਤਾਂ ਕੁਝ ਨਾ ਗਿਆ, ਸਿਹਤ ਗਈ ਤਾਂ ਕੁਝ ਗਿਆ, ਆਚਾਰ ਗਿਆ ਤਾਂ ਸਭ ਕੁਝ ਗਿਆ:

Wealth is lost nothing is lost,
Health is lost something is lost,
Character is lost everything is lost

ਗੁਰੂ ਤੋਂ ਬੇਮੁਖ ਭਾਵੇਂ ਸੱਚ ਬੋਲੇ, ਆਚਾਰ ਦਾ ਪੂਰਾ ਪਾਲਨ ਕਰੇ, ਜਪ ਪਾਠ ਪੂਜਾ ਆਦਿ ਕਰੇ ਪਰ ਜੇ ਉਹ ਗੁਰੂ ਤੋਂ ਬੇਮੁਖ ਹੋ ਕੇ ਕਰਦਾ ਹੈ ਤਾਂ ਪ੍ਰਵਾਨ ਨਹੀਂ ਹੁੰਦਾ। ਗੁਰੂ ਵਾਕ ਹੈ:

ਮਨਮੁਖ ਮੂਲਹੁ ਭੁਲਿਆ ਵਿਚਿ ਲਬੁ ਲੋਭੁ ਅਹੰਕਾਰ॥
ਝਗੜਾ ਕਰਦਿਆ ਅਨਦਿਨ ਗਦਰੈ ਸਬਦਿ ਨ ਕਰਹਿ ਵੀਚਾਰੁ॥

ਸੁਧਮਤਿ ਕਰਤੈ ਹਿਰਿ ਲਈ ਬੋਲਨ ਸਭੁ ਵਿਕਾਰ॥
ਦਿਤੈ ਕਿਤੈ ਨ ਸੰਤੋਖੀਅਹਿ ਅੰਤਰਿ ਤਿਸਨਾ ਬਹੁ ਅਗਿਆਨੁ ਅੰਧਾਰੁ॥
ਨਾਨਕ ਮਨਮੁਖਾ ਨਾਲੋ ਤੁਟੀ ਭਲੀ ਜਿਨ ਮਾਇਆ ਮੋਹ ਪਿਆਰੁ॥੧॥

ਮਾਇਆ ਦੇ ਰੰਗ ਨੂੰ ਕਸੁੰਭੇ ਦੇ ਰੰਗ ਨਾਲ ਤੁਲਨਾ ਕਰਦੇ ਗੁਰੂ ਜੀ ਵੇਮੁਖ ਨੂੰ ਸਮਝਾਂਉਣ ਦਾ ਯਤਨ ਕਰਦੇ ਹਨ:

ਮਨਮੁਖ ਨਾਮ ਵਿਹੂਣਿਆ ਰੰਗੁ ਕਸੁੰਭਾ ਦੇਖਿ ਨ ਭੁਲੁ॥
ਇਸ ਕਾ ਰੰਗੁ ਦਿਨ ਥੋੜਿਆ ਛੋਛਾ ਇਸ ਦਾ ਮੁਲੁ॥
ਦੂਜੈ ਲਗੇ ਪਚਿ ਮੁਏ ਮੂਰਖ ਅੰਧ ਗਵਾਰ॥
ਬਿਸਟਾ ਅੰਦਰਿ ਕੀਟ ਸੇ ਪਏ ਪਚਹਿ ਵਾਰੋ ਵਾਰ॥ *(ਪੰਨਾ ੮੫)*

ਉਪ੍ਰੋਕਤ ਪੱਖ ਦੀ ਪ੍ਰੋੜ੍ਹਤਾ ਕਰਦੇ ਹੋਏ ਚੌਥੇ ਪਾਤਸ਼ਾਹ ਜੀ ਤਾਂ ਗੁਰੂ ਤੋਂ ਵੇਮੁਖ ਦੀ ਸੰਗਤ ਕਰਨ ਤੋਂ ਵਰਜਦੇ ਹਨ ਅਤੇ ਮਨਮੁੱਖਾਂ ਨਾਲੋਂ ਸਦੀਵਾਲੀ ਸਬੰਧ ਤੋੜਨ ਦਾ ਹੁਕਮ ਕਰਦੇ ਹਨ। ਸੰਗਤੀ ਜਾਂ ਸੰਬੰਧ ਦਾ ਅਸਰ ਮਨੁੱਖ ਉੱਤੇ ਜ਼ਰੂਰ ਪੈਂਦਾ ਹੈ। ਭਗਤੀ ਕਾਲੀਨ ਕ੍ਰਿਸ਼ਨ-ਕਾਵਿ ਸ਼ਾਖ਼ਾ ਦੇ ਕਵੀ ਸੂਰਦਾਸ ਜੀ ਨੇ ਬਹੁਤ ਉਤਮ ਦੋਹਾ ਆਖਿਆ ਹੈ:

ਸੀਪ ਗਏ ਮੋਤੀ ਬਣੇ ਕੰਦਲੀ ਗਏ ਕਪੂਰ।
ਵਿਸ਼ਯਰ ਗਏ ਤੋ ਵਿਸ਼ ਬਣੇ ਕਹਿ ਸੰਗਤਿ ਕੈ ਫਲ ਸੂਰ।

ਅਕਾਸ਼ ਤੋਂ ਡਿੱਗੀ ਬੂੰਦ ਸਿੱਪ ਦੇ ਮੁਖ ਵਿਚ ਮੋਤੀ, ਕੇਲੇ ਦੇ ਮੁੱਖ ਵਿਚ ਕਪੂਰ, ਸੱਪ ਦੇ ਮੂੱਖ ਵਿਚ ਜ਼ਹਿਰ ਬਣ ਜਾਂਦੀ ਹੈ। ਬੂੰਦ ਇਕੋ ਹੈ ਪਰੰਤੂ ਸੰਗਤੀ ਅਲੱਗ।

ਕਬੀਰ ਨਿਰਮਲ ਬੂੰਦ ਅਕਾਸ ਕੀ ਪਰ ਗਈ ਭੂਮਿ ਬਿਕਾਰ॥
ਬਿਨੁ ਸੰਗਤਿ ਇਉ ਮਾਨਈ ਹੋਇ ਗਈ ਭਠਿ ਛਾਰ॥੧੯੫॥

(ਪੰਨਾ ੧੩੭੫)

ਜਿਹੜੇ ਗੁਰੂ ਤੋਂ ਵੇਮੁਖ ਹੋ ਕੇ ਸਤਿਗੁਰੂ ਜੀ ਦੀ ਨਿੰਦਾ ਕਰਦੇ ਹਨ, ਉਹ ਸੰਸਾਰ ਵਿਚ ਦੁਖੀ ਹੁੰਦੇ ਹਨ। ਉਨ੍ਹਾਂ ਨੂੰ ਪ੍ਰਭੂ ਕੁੰਭੀ ਨਰਕ ਵਿਚ ਸੁੱਟਦਾ ਹੈ। ਉਸ ਦਾ ਲੋਕ ਪ੍ਰਲੋਕ ਵਿਗੜ ਜਾਂਦਾ ਹੈ। ਉਸ ਤੋਂ ਧਰਮਰਾਜ ਕੋਹਲੂ ਦੇ ਬੈਲ ਦਾ ਕੰਮ ਲੈਂਦਾ ਹੈ।

ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ ਸੁ ਅਉਖਾ ਜਗ ਮਹਿ ਹੋਇਆ॥
ਨਰਕ ਘੋਰੁ ਦੁਖ ਖੂਹੁ ਹੈ ਓਥੈ ਪਕੜਿ ਓਹੁ ਢੋਇਆ॥

ਕੂਕ ਪੁਕਾਰ ਕੋ ਨ ਸੁਣੈ ਓਹੁ ਅਉਖਾ ਹੋਇ ਹੋਇਆ ਰੋਇਆ॥
ਓਹ ਤੇਲੀ ਸੰਦਾ ਬਲਦੁ ਕਰਿ ਨਿਤ ਭਲਕੇ ਉਠਿ ਪ੍ਰਭਿ ਜੋਇਆ॥

ਜਿਉ ਜਿਉ ਵੇਮੁਖ ਲੋਕ ਗੁਰੂ ਜੀ ਦੀ ਨਿੰਦਾ ਕਰਦੇ ਹਨ ਤਿਉਂ ਤਿਉਂ ਗੁਰੂ ਜੀ ਦੀ ਵਡਿਆਈ ਨਿਤ ਪ੍ਰਤੀ ਵਧਦੀ ਜਾਂਦੀ ਹੈ ਕਿਉਂਕਿ ਪੂਰੇ ਸਤਿਗੁਰੂ ਦੇ ਭਗਤੀ ਪ੍ਰਤਾਪ ਅੱਗੇ ਸਾਰੀ ਨਿੰਦਾ ਦਗਧ ਹੋ ਜਾਂਦੀ ਹੈ।

ਜਿਉ ਜਿਉ ਨਿੰਦਕ ਨਿੰਦ ਕਰਹਿ
ਤਿਉ ਤਿਉ ਨਿਤ ਨਿਤ ਚੜੇ ਸਵਾਈ॥
ਜਨ ਨਾਨਕ ਹਰਿ ਆਰਾਧਿਆ
ਤਿਨਿ ਪੈਰੀ ਆਣਿ ਸਭ ਪਾਈ॥ *(ਪੰਨਾ ੩੦੭)*

ਸ੍ਰੀ ਗੁਰੂ ਅਰਜਨ ਦੇਵ ਜੀ ਸ੍ਰੀ ਗੁਰੂ ਰਾਮਦਾਸ ਜੀ ਦੇ ਕਥਨ ਦੀ ਪੁਸ਼ਟੀ ਕਰਦੇ ਹੋਏ ਉਪਦੇਸ਼ ਕਰਦੇ ਹਨ ਕਿ ਜੋ ਗੁਰੂ ਤੋਂ ਬੇਮੁਖ ਹੋ ਜਾਂਦਾ ਹੈ, ਉਸ ਦੀ ਮੱਤ ਇਸ ਤਰ੍ਹਾਂ ਉਲਟੀ ਹੋ ਜਾਂਦੀ ਹੈ ਕਿ ਉਹ ਨੀਲੇ ਕਾਲੇ ਬਸਤਰ ਧਾਰਨ ਤੋਂ ਵੀ ਗੁਰੇਜ਼ ਨਹੀਂ ਕਰਦਾ ਜੋ ਕਿ ਗੁਰਬਾਣੀ ਅਨੁਸਾਰ ਬਹੁਤ ਵੱਡਾ ਦੋਸ਼ ਮੰਨਿਆ ਗਿਆ ਹੈ। (ਵਧੇਰੇ ਜਾਣਕਾਰੀ ਲਈ ਦਾਸ ਦੀ ਛਪੀ ਪੁਸਤਕ 'ਗੁਰਮਤਿ ਅਤੇ ਨੀਲਾ ਕਾਲਾ ਰੰਗ' ਪੜ੍ਹੋ, ਜਿਸ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਨੇ ੨੯ ਜੂਨ ੧੯੯੭ ਨੂੰ ਆਪਣੇ ਕਰ ਕਮਲਾਂ ਦੁਆਰਾ ਰਿਲੀਜ਼ ਕੀਤਾ ਸੀ।)

ਮਲੁ ਜੂਈ ਭਰਿਆ ਨੀਲਾ ਕਾਲਾ ਖਿਧੋਲੜਾ
ਤਿਨਿ ਵੇਮੁਖਿ ਵੇਮੁਖੈ ਨੋ ਪਾਇਆ॥
ਪਾਸਿ ਨ ਦਈ ਕੋਈ ਬਹਣਿ ਜਗਤ ਮਹਿ
ਗੂਹ ਪੜਿ ਸਗਵੀ ਮਲੁ ਲਾਇ ਮਨਮੁਖ ਆਇਆ॥
ਪਰਾਈ ਜੋ ਨਿੰਦਾ ਚੁਗਲੀ ਨੋ ਵੇਮੁਖ ਕਰਿ ਕੈ ਭੇਜਿਆ
ਓਥੈ ਭੀ ਮੁਹੁ ਕਾਲਾ ਦੋਹਾ ਵੇਮੁਖਾਂ ਦਾ ਕਰਾਇਆ॥
ਤੜ ਸੁਣਿਆ ਸਭਤੁ ਜਗਤ ਵਿਚਿ
ਭਾਈ ਵੇਮੁਖ ਸਣੈ ਨਫਰੈ ਪਉਲੀ
ਪਉਦੀ ਫਾਵਾ ਹੋਇ ਕੈ ਉਠਿ ਘਰਿ ਆਇਆ॥
ਅਗੈ ਸੰਗਤੀ ਕੁੜਮੀ ਵੇਮੁਖੁ ਰਲਣਾ ਨ ਮਿਲੈ
ਤਾ ਵਹੁਟੀ ਭਤੀਜੀ ਫਿਰਿ ਆਣਿ ਘਰਿ ਪਾਇਆ॥ *(ਪੰਨਾ ੩੦੬)*

ਗੁਰੂ ਨਾਲੋਂ ਬੇਮੁਖਤਾਈ ਦਾ ਮੁੱਖ ਕਾਰਣ ਮਾਇਆ ਨਾਲ ਪ੍ਰੇਮ ਹੈ। ਕਿਉਂਕਿ ਮਨਮੁਖ ਦੀ ਮਿੱਤਰਤਾ ਮਾਇਆ ਨਾਲ ਅਧਿਕ ਹੁੰਦੀ ਹੈ। ਜਦੋਂ ਤਕ

ਇਨ੍ਹਾਂ ਦੀ ਆਰਥਿਕ ਇੱਛਾ ਪੂਰੀ ਹੁੰਦੀ ਰਹਿੰਦੀ ਹੈ ਤਦ ਤਕ ਇਹ ਜੁੜੇ ਰਹਿੰਦੇ ਹਨ, ਜਦੋਂ ਪ੍ਰਸਥਿਤੀਆਂ ਇਸ ਤੋਂ ਵਿਪਰੀਤ ਹੋ ਜਾਣ ਤਾਂ ਐਸੇ ਮਨੁੱਖ ਗੁਰੂ ਦਾ ਸੰਗ ਛੱਡ ਕੇ ਵੇਮੁਖ ਹੋ ਜਾਂਦੇ ਹਨ:

ਮਨਮੁਖਾਂ ਕੇਰੀ ਦੋਸਤੀ ਮਾਇਆ ਕਾ ਸਨਬੰਧੁ ॥
ਵੇਖਦਿਆ ਹੀ ਭਜਿ ਜਾਨਿ ਕਦੇ ਨ ਪਾਇਨਿ ਬੰਧੁ ॥
ਜਿਚਰੁ ਪੈਨਨਿ ਖਾਵਨੇ ਤਿਚਰੁ ਰਖਨਿ ਗੰਢੁ ॥
ਜਿਤੁ ਦਿਨਿ ਕਿਛੁ ਨ ਹੋਵਈ ਤਿਤੁ ਦਿਨਿ ਬੋਲ ਨਿਗੰਧੁ ॥
ਜੀ ਕੀ ਸਾਰ ਨ ਜਾਣਨੀ ਮਨਮੁਖ ਅਗਿਆਨੀ ਅੰਧੁ ॥
ਕੂੜਾ ਗੰਢੁ ਨ ਚਲਈ ਚਿਕੜਿ ਪਥਰ ਬੰਧੁ ॥ *(ਪੰਨਾ ੯੫੫)*

ਜਿਹ ਗੁਰ ਮਾਨਿ ਪ੍ਰਭੂ ਲਿਵ ਲਾਈ ਤਿਹ ਮਹਾ ਅਨੰਦ ਰਸੁ ਕਰਿਆ ॥
ਜਿਹ ਪ੍ਰਭੂ ਬਿਸਾਰਿ ਗੁਰ ਤੇ ਬੇਮੁਖਾਈ ਤੇ ਨਰਕ ਘੋਰ ਮਹਿ ਪਰਿਆ ॥
(ਸੋਰਠਿ ਮਹਲਾ ੫, ਪੰਨਾ ੬੧੩)

ਅੰਧੇ ਆਪੁ ਨ ਜਾਣਨੀ ਫਕੜ ਪਿਟਨਿ ਧੰਧੁ ॥
ਝੂਠੈ ਮੋਹਿ ਲਪਟਾਇਆ ਹਉ ਹਉ ਕਰਤ ਬਿਹੰਧੁ ॥ *(ਪੰਨਾ ੯੫੫)*

ਸ੍ਰੀ ਗੁਰੂ ਪੰਜਵੇਂ ਜੀ ਆਖਦੇ ਹਨ, ਜਿਹੜਾ ਮਨੁੱਖ ਆਪਣੇ ਰਾਮ ਰੂਪੀ ਗੁਰੂ ਤੋਂ ਬੇਮੁਖ ਹੋ ਜਾਂਦੇ ਹਨ। ਉਨ੍ਹਾਂ ਨੂੰ ਜਨਮ ਜਨਮਾਂਤਰਾਂ ਤਕ ਮਨੁੱਖੀ ਜਾਮੇ ਲਈ ਤੜਪਨਾ ਪੈਂਦਾ ਹੈ। ਜਿਨ ਸੰਸਾਰਿਕ ਅਤੇ ਮਾਇਕ ਭੋਗਾਂ ਲਈ ਸਿੱਖ ਗੁਰੂ ਤੋਂ ਬੇਮੁਖ ਹੁੰਦਾ ਹੈ, ਉਹ ਭੋਗ ਉਸਦੇ ਮਰਨ ਨਾਲ ਹੀ ਕੌੜੇ ਹੋ ਜਾਂਦੇ ਹਨ:

ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ ॥
ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ ॥
(ਪੰਨਾ ੧੩੫)

ਮ: ੫ ॥ ਵਿਸਾਰੇ ਦੇ ਮਰਿ ਗਏ ਮਰਿ ਭਿ ਨ ਸਕਹਿ ਮੁਲਿ ॥
ਵੇਮੁਖ ਹੋਏ ਰਾਮ ਤੇ ਜਿਉ ਤਸਕਰ ਉਪਰਿ ਸੂਲਿ ॥੨॥
(ਪੰਨਾ ੩੧੯)

ਭਾਵ ਕਿ ਜੋ ਗੁਰੂ ਤੋਂ ਬੇਮੁਖ ਹੋ ਕੇ ਗੁਰੂ ਨੂੰ ਵਿਸਾਰ ਦਿੰਦਾ ਹੈ ਐਸਾ ਬੇਮੁਖ ਜੋ ਮਰਨਾ ਵੀ ਚਾਹੇ ਤਾਂ ਵੀ ਮਰ ਨਹੀਂ ਸਕਦਾ। ਉਹ ਜੀਉਂਦਾ ਹੀ ਮੋਇਆ ਵਰਗਾ ਹੁੰਦਾ ਹੈ। ਉਸਦੀ ਮਾਨਸਿਕ ਹਾਲਤ ਸੂਲੀ ਉੱਤੇ ਟੰਗੇ ਚੋਰ ਵਰਗੀ ਹੁੰਦੀ ਹੈ।

☆

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਬੇਮੁਖ ਬਾਰੇ ਵਿਚਾਰ

ਸ੍ਰੀ ਗੁਰੂ ਦਸਮੇਸ਼ ਜੀ ਅਨੁਸਾਰ ਜਿਹੜੇ ਸਿੱਖ ਆਪਣੇ ਸਤਿਗੁਰੂ ਤੋਂ ਬੇਮੁਖ ਹੋ ਜਾਂਦੇ ਹਨ, ਉਨ੍ਹਾਂ ਦੇ ਘਰ ਲੋਕ ਪ੍ਰਲੋਕ ਵਿਖੇ ਢਹਿ ਜਾਂਦੇ ਹਨ। ਉਹ ਭਾਵੇਂ ਕਿੰਨੇ ਵੀ ਸ਼ਕਤੀਸ਼ਾਲੀ ਹੋਣ, ਮੈਂ ਉਨ੍ਹਾਂ ਦੀ ਮਦਦ ਨਹੀਂ ਕਰਦਾ। ਵੇਮੁਖਾਂ ਦਾ ਲੋਕ ਪ੍ਰਲੋਕ ਵਿਚ ਮਖ਼ੌਲ ਉੱਡਦਾ ਹੈ। ਉਨ੍ਹਾਂ ਦਾ ਵਾਸ ਨਰਕੀਂ ਹੁੰਦਾ ਹੈ ਅਤੇ ਹਰ ਗੱਲ ਤੋਂ ਉਹ ਨਿਰਾਸ ਰਹਿੰਦੇ ਹਨ।

(੧) ਹਮ ਤੇ ਭਾਜਿ ਬਿਮੁਖ ਜੇ ਗਏ।
ਤਿਨ ਕੇ ਧਾਮ ਗਿਰਾਵਤ ਭਏ ॥੪॥
ਜੇ ਅਪਨੇ ਗੁਰ ਤੇ ਮੁਖ ਫਿਰ ਹੈਂ।
ਈਹਾਂ ਊਹਾਂ ਤਿਨ ਕੇ ਗ੍ਰਿਹ ਗਿਰ ਹੈਂ।
ਈਹਾ ਉਪਹਾਸ ਨ ਸੁਰਪੁਰ ਬਾਸਾ।
ਸਭ ਬਾਤਨ ਤੇ ਰਹੈ ਨਿਰਾਸਾ ॥੫॥

ਵੇਮੁਖਾਂ ਨੂੰ ਸਦਾ ਦੁੱਖ ਭੁੱਖ ਵਿਆਪਦੀ ਹੈ। ਜੋ ਆਪਣੇ ਸੰਤ (ਗੁਰੂ) ਤੋਂ ਵੇਮੁਖ ਹੁੰਦੇ ਹਨ, ਉਨ੍ਹਾਂ ਦੀ ਕੋਈ ਕਾਰਜ ਸਿੱਧੀ ਨਹੀਂ ਹੁੰਦੀ। ਮਰਨ ਪਿੱਛੋਂ ਉਹ ਨਰਕ ਵਿਚ ਸੁੱਟੇ ਜਾਂਦੇ ਹਨ।

(੨) ਦੂਖ ਭੂਖ ਤਿਨ ਕੋ ਰਹੈ ਲਾਗੀ।
ਸੰਤ ਸੇਵ ਤੇ ਜੋ ਹੈਂ ਤਿਆਗੀ।
ਜਗਤ ਵਿਖੈ ਕੋਈ ਕਾਮ ਨ ਸਰਹੀ।
ਅੰਤਹਿ ਕੁੰਡ ਨਰਕ ਕੀ ਪਰਹੀ ॥੬॥
ਤਿਨ ਕੋ ਸਦਾ ਜਗਤ ਉਪਹਾਸਾ।
ਅੰਤਹਿ ਕੁੰਡ ਨਰਕ ਕੀ ਬਾਸਾ।
ਗੁਰ ਪਗ ਤੇ ਜੇ ਬੇਮੁਖ ਸਿਧਾਰੇ।
ਈਹਾਂ ਊਹਾਂ ਤਿਨ ਕੇ ਮੁਖ ਕਾਰੇ ॥੭॥

ਜੋ ਗੁਰੂ ਤੋਂ ਵੇਮੁਖ ਹੁੰਦੇ ਹਨ। ਉਹ ਸੰਸਾਰ ਉਤੋਂ ਔਂਤਰੇ ਹੀ ਜਾਂਦੇ ਹਨ।

ਉਹ ਕੁੱਤੇ ਦੀ ਮੌਤ ਮਰਦੇ ਹਨ ਅਤੇ ਨਰਕੀਂ ਪਏ ਪਛਤਾਂਦੇ ਹਨ। ਜਿਹੜੇ ਗੁਰਮੁਖ ਬਾਬੇ (ਗੁਰੂ) ਦੇ ਬਣ ਕੇ ਰਹਿੰਦੇ ਹਨ ਤੇ ਵੇਮੁਖ ਬਾਬਰ ਕੇ।

(੩) ਬਾਬੇ ਕੇ ਬਾਬਰ ਕੇ ਦੋਊ।
ਆਪ ਕਰੇ ਪ੍ਰਮੇਸ਼ਰ ਸੋਊ।
ਦੀਨ ਸ਼ਾਹ ਇਨ ਕੌ ਪਹਚਾਨੋ।
ਦੁਨੀ ਪਤਿ ਉਨ ਕੌ ਅਨੁਮਾਨੋ ॥੯॥

(੪) ਜੋ ਬਾਬੇ ਕੋ ਦਾਨ ਦਾ ਦੈ ਹੈਂ।
ਤਿਨ ਤੇ ਗਹਿ ਬਾਬਾਰ ਕੇ ਲੈ ਹੈ।
ਦੈ ਦੈ ਤਿਨ (ਵੇਮੁਖਾਂ) ਕੋ ਬਡੀ ਸਜਾਇ।
ਪੁਨਿ ਲੈ ਹੈਂ ਗ੍ਰਿਹਿ ਲੁਟਿ ਬਨਾਇ।
ਜਬ ਵੈ ਹ੍ਵੈ ਬੇਮੁਖ ਬਿਨਾ ਧੰਨ।
ਤਬ ਚੜਿ ਹੈ ਸਿਖਨ ਕਹਿ ਮਾਂਗਨ।
ਜੇ ਜੇ ਸਿੱਖ ਤਿਨੈ ਧੰਨ ਦੈ ਹੈਂ।
ਲੂਟਿ ਮਲੇਛ ਤਿਨੂ ਕੌ ਲੈ ਹੈਂ।
ਜਬ ਹੋਇ ਹੈ ਦਰਬ ਬਿਨਾਸਾ।
ਤਬ ਧਰਿ ਹੈ ਨਿਜ ਗੁਰ ਕੀ ਆਸਾ।
ਜਬ ਤੇ ਗੁਰ ਦਰਸਨ ਕੋ ਐ ਹੈ।
ਤਬ ਤਿਨ ਕੋ ਗੁਰ ਮੁਖ ਨ ਲਗੈ ਹੈ।
ਬਿਦਾ ਬਿਨਾ ਜੈ ਹੈਂ ਜਬ ਧਾਮੰ।
ਸਰਿ ਹੈ ਕੋਈ ਨ ਤਿਨ ਕੋ ਕਾਮੰ।
ਗੁਰਦਰ ਢੋਈ ਨ ਪ੍ਰਭ ਪੁਰ ਵਾਸਾ।
ਦੁਹੁ ਠੌਰ ਤੇ ਰਹੇ ਨਿਰਾਸਾ ॥੧੩॥
ਜੇ ਜੇ ਗੁਰ ਦਰਸਨ ਰਤ ਹ੍ਵੈ ਹੈ।
ਤਿਨ ਕੋ ਕਸ਼ਟ ਨ ਦੇਖਨ ਪੈ ਹੈ।
ਰਿਧੋ ਸਿਧਿ ਤਿਨ ਕੇ ਗ੍ਰਿਹ ਮਾਹੀ।
ਪਾਪ ਤਾਪ ਛ੍ਵੈ ਸਕੇ ਨ ਛਾਹੀ॥

(੫) ਤਿਹ ਮਲੇਛ ਛ੍ਵੈ ਹੈ ਨਹੀ ਛਾਹਾ।
ਅਸ਼ਟ ਸਿਧ ਹ੍ਵੈ ਹੈ ਘਰਿ ਮਾਹਾਂ।
ਹਾਸ ਕਰਤ ਜੋ ਉਦਮ ਉਠੈ ਹੈ।
ਨਵੋਂ ਨਿਧ ਤਿਨ ਕੇ ਘਰਿ ਐ ਹੈ ॥੧੫॥

ਜੋ ਗੁਰੂ ਤੋਂ ਬੇਮੁਖ ਨਹੀਂ ਹੁੰਦੇ ਭਾਵ ਕਿ ਗੁਰੂ ਦੇ ਸਨਮੁਖ ਰਹਿੰਦੇ ਹਨ, ਉਨ੍ਹਾਂ ਦੀ ਰੱਖਿਆ ਗੁਰੂ ਆਪ ਕਰਦਾ ਹੈ ਅਤੇ ਉਨ੍ਹਾਂ ਗੁਰੂ ਪਿਆਰਿਆਂ ਨੂੰ ਰੱਤੀ ਕਸ਼ਟ ਨਹੀਂ ਹੋਣ ਦਿੰਦਾ।

ਮਿਰਜਾ ਬੇਗ ਹੁਤੋ ਤਿਹ ਨਾਮੰ।
ਜਿਨ ਢਾਹੇ ਬਿਮੁਖਨ ਕੇ ਧਾਮੰ।
ਸਭ ਸਨਮੁਖ ਗੁਰ ਆਪ ਬਚਾਏ।
ਤਿਨ ਬਾਰ ਨ ਬਾਂਕਨ ਪਾਏ ॥੧੬॥
ਉਤ ਅਉਰੰਗ ਜਿਯ ਅਧਿਕ ਰਿਸਾਯੋ।
ਚਾਰ ਅਹਦੀਯਨ ਅਉਰ ਪਠਾਯੋ।
ਜੇ ਬੇਮੁਖ ਤਾ ਤੇ ਬਚਿ ਆਏ।
ਤਿਨ ਕੇ ਗ੍ਰਿਹ ਪੁਨਿ ਇਨੈ ਗਿਰਾਏ ॥੧੭॥

(੬) ਸੰਤਨ ਕਸ਼ਟ ਨ ਦੇਖਨ ਪਾਯੋ।
ਆਪ ਹਾਥ ਦੈ ਨਾਥ ਬਚਾਯੋ ॥੨੩॥

ਈਸ਼ਵਰ ਗੁਰਮੁਖਾਂ ਦੀ ਕਸ਼ਟ ਨਿਵਰਤੀ ਕਰਦਾ ਹੈ। ਆਪ ਸਹਾਈ ਹੋ ਕੇ ਉਨ੍ਹਾਂ ਦੀ ਰੱਖਿਆ ਕਰਦਾ ਹੈ। ਸੋ ਗੁਰੂ ਤੋਂ ਕਦੇ ਵੀ ਬੇਮੁਖ ਨਹੀਂ ਹੋਣਾ ਚਾਹੀਦਾ।

(੭) ਚਾਰਨੀ ਦੋਹਰਾ।
ਜਿਸ ਨੋ ਸਾਜਨ ਰਾਖਗੀ ਦੁਸਮਨ ਕਵਨ ਬਿਚਾਰ॥
ਛ੍ਵੈ ਨ ਸਕੈ ਤਿਹ ਛਾਹਿ ਕੌ ਨਿਫਲ ਜਾਇ ਗਵਾਰ ॥੨੪॥
ਜੋ ਸਾਧੂ (ਸਤਿਗੁਰ) ਸਰਣੀ ਪਰੇ ਤਿਨ ਕੇ ਕਵਣ ਬਿਚਾਰ॥
ਦੰਤ ਜੀਭ ਜਿਸ ਰਾਖਿ ਹੈ ਦੁਸ਼ਟ ਅਰਿਸ਼ਟ ਸੰਘਾਰ ॥੨੫॥

(ਪੰਨਾ ੭੧-੭੨, ਸ੍ਰੀ ਗੁਰੂ ਦਸਮ ਗ੍ਰੰਥ)

ਉਪ੍ਰੋਕਤ ਮੁਖਵਾਕਾਂ ਤੋਂ ਸਿੱਧ ਹੈ ਕਿ ਗੁਰੂ ਤੋਂ ਵੇਮੁਖ ਦਾ ਹਲਤ ਪਲਤ ਵਿਗੜਦਾ ਹੈ। ਇਸ ਲਈ ਸਿੱਖ ਨੂੰ ਗੁਰੂ ਅਨੁਸਾਰ ਜੀਵਨ ਪੰਧ ਮੁਕਾ ਕੇ ਹਲਤ ਪਲਤ ਸਵਾਰਨਾ ਚਾਹੀਦਾ ਹੈ।

ਭਾਈ ਗੁਰਦਾਸ ਜੀ ਦੇ ਬੇਮੁਖ ਬਾਰੇ ਵਿਚਾਰ

ਸਿੱਖ ਇਤਿਹਾਸਕ ਗ੍ਰੰਥਾਂ ਅਨੁਸਾਰ ਭਾਈ ਗੁਰਦਾਸ ਜੀ, ਬਾਬਾ ਈਸ਼ਰ ਦਾਸ ਜੀ ਦੇ ਪੁੱਤਰ, ਸ੍ਰੀ ਗੁਰੂ ਅਮਰਦਾਸ ਜੀ ਦੇ ਭਤੀਜੇ ਅਤੇ ਬੀਬੀ ਭਾਨੀ ਦੇ ਚਚੇਰੇ ਭਰਾ ਸਨ।

ਭਾਈ ਗੁਰਦਾਸ ਈਸਰ ਦਾਸ ਭੱਲੇ ਦਾ ਬੇਟਾ।
ਈਸਰ ਦਾਸ ਬਿਸਨ ਦਾਸ ਭੱਲੇ ਦੇ ਪਰਿਵਾਰ ਵਿਚੋਂ ਆਹਾ ਖੜ੍ਹੇਟਾ।

(ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ, ਚਰਣ ਪੰਜਵਾਂ, ਕੇਸਰ ਸਿੰਘ ਛਿੱਬਰ)

ਭਾਈ ਕਾਨ੍ਹ ਸਿੰਘ ਜੀ ਨਾਭਾ ਅਨੁਸਾਰ, "ਭਾਈ ਗੁਰਦਾਸ ਜੀ ਸਤਿਗੁਰੂ ਦੇ ਸੱਚੇ ਸਿੱਖ, ਬੀਬੀ ਭਾਨੀ ਜੀ ਦੇ ਨੇੜਿਉਂ ਭਾਈ ਸਨ। ਇਨ੍ਹਾਂ ਨੇ ਚੌਥੇ ਸਤਿਗੁਰਾਂ ਤੋਂ ੧੬੩੬ ਵਿਚ ਸਿੱਖ ਧਰਮ ਧਾਰਨ ਕੀਤਾ ਅਤੇ ਗੁਰਬਾਣੀ ਦਾ ਸਿਧਾਂਤ ਪੰਜਵੇਂ ਸਤਿਗੁਰਾਂ ਤੋਂ ਸਮਝਿਆ। ਸਿੱਖ ਮੱਤ ਦੇ ਪ੍ਰਚਾਰਕ ਹੋ ਕੇ ਇਨ੍ਹਾਂ ਨੇ ਧਰਮ ਦੇ ਨਿਯਮ ਚੰਗੀ ਤਰ੍ਹਾਂ ਫੈਲਾਏ। ਲਾਹੌਰ, ਆਗਰਾ, ਕਾਸ਼ੀ ਆਦਿਕ ਅਸਥਾਨਾਂ ਵਿਚ ਸਿੱਖ ਧਰਮ ਦਾ ਪ੍ਰਚਾਰ ਕਰਦੇ ਰਹੇ। ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਸਭ ਤੋਂ ਪਹਿਲਾ ਗੁਰੂ ਗ੍ਰੰਥ ਸਾਹਿਬ, ਜੋ ਗੁਰੂ ਅਰਜਨ ਦੇਵ ਜੀ ਨੇ ਲਿਖਵਾਇਆ, ਉਹ ਇਨ੍ਹਾਂ ਦੀ ਹੀ ਕਲਮ ਤੋਂ ਲਿਖਿਆ ਗਿਆ ਹੈ। ਭਾਈ ਸਾਹਿਬ ਦੀ ਬਾਣੀ (੪੦ ਵਾਰਾਂ ਅਤੇ ੩੫੬ ਕਬਿੱਤ ਆਦਿਕ ਛੰਦ) ਸਿੱਖ ਧਰਮ ਦੇ ਨਿਯਮਾਂ ਦਾ ਉੱਤਮ ਭੰਡਾਰ ਹੈ। ਇਹ ਆਖਣਾ ਅਤਿ-ਉਕਤਿ ਨਹੀਂ ਕਿ ਸਿੱਖੀ ਦਾ ਰਹਿਤਨਾਮਾ ਭਾਈ ਸਾਹਿਬ ਦੀ ਬਾਣੀ ਤੋਂ ਵੱਧ ਕੇ ਹੋਰ ਕੋਈ ਨਹੀਂ, ਸ੍ਰੀ ਗੁਰੂ ਅਰਜਨ ਸਾਹਿਬ ਜੀ ਦਾ ਬਚਨ ਹੈ ਕਿ ਭਾਈ ਗੁਰਦਾਸ ਦੀ ਬਾਣੀ ਪੜ੍ਹਨ ਤੋਂ ਸਿੱਖੀ ਪ੍ਰਾਪਤ ਹੁੰਦੀ ਹੈ। ਸ੍ਰੀਮਾਨ ਭਾਈ ਗੁਰਦਾਸ ਜੀ ਦਾ ਛੇਵੇਂ ਸਤਿਗੁਰੂ ਸਮੇਂ ਭਾਦੋਂ ਸੁਦੀ ੮ ਸੰਮਤ ੧੬੯੯ ਨੂੰ ਗੋਇੰਦਵਾਲ ਦੇਹਾਂਤ ਹੋਇਆ। ਸਤਿਗੁਰੂ ਜੀ ਨੇ ਅੰਤਿਮ ਸੰਸਕਾਰ ਆਪਣੇ ਹੱਥੀਂ ਕੀਤਾ।"

(ਮਹਾਨ ਕੋਸ਼, ਪੰਨਾ ੪੧੬, ੧੯੯੭)

"ਸ੍ਰੀ ਗੁਰੂ ਅਮਰਦਾਸ ਜੀ ਤੋਂ ਪਿੱਛੋਂ ਭਾਈ ਗੁਰਦਾਸ ਨੇ ਆਪਣੇ

ਮਾਨਯੋਗ ਬਜ਼ੁਰਗਾਂ ਦੇ ਨਕਸ਼ੇ-ਕਦਮ 'ਤੇ ਚੱਲਦਿਆਂ ਹੋਇਆਂ ਚੌਥੇ ਪਾਤਿਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਤੋਂ ਫੇਰ ਨਾਮ ਬਾਣੀ ਦੇ ਬੋਹਿਥ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਅਧੀਨ ਆਗਰੇ ਰਹਿ ਕੇ ਉਸ ਇਲਾਕੇ ਵਿਚ ਗੁਰਮਤਿ ਦਾ ਪ੍ਰਚਾਰ ਕੀਤਾ। ਉਸ ਤੋਂ ਬਾਅਦ ਜਦ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵੱਡੇ ਭਰਾ ਸੋਢੀ ਪ੍ਰਿਥੀ ਚੰਦ ਨੇ ਗੁਰਿਆਈ ਖੋਹਣ ਲਈ ਉਧਮੂਲ ਮਚਾਇਆ ਤਾਂ ਭਾਈ ਗੁਰਦਾਸ ਜੀ ਆਗਰੇ ਤੋਂ ਵਾਪਸ ਅੰਮ੍ਰਿਤਸਰ ਪਹੁੰਚ ਕੇ ਉਸਦਾ ਕ੍ਰੋਧ ਸ਼ਾਂਤ ਕਰਦੇ ਰਹੇ। ਪਰ ਜਦ ਸੋਢੀ ਪ੍ਰਿਥੀ ਚੰਦ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਵਿਰੋਧ ਕਰਨੋਂ ਕਿਸੇ ਤਰ੍ਹਾਂ ਵੀ ਬਾਜ਼ ਨਾ ਆਇਆ ਤਾਂ ਸਿੱਖ ਸੰਗਤਾਂ ਸੋਢੀਆਂ ਤੇ ਵਰਗਲਾਉਣ 'ਤੇ ਪਰਸਪਰ ਫਟ ਗਈਆਂ ਤਾ ਭਾਈ ਗੁਰਦਾਸ ਨੇ ਸ੍ਰੀ ਅੰਮ੍ਰਿਤਸਰ ਦੇ ਚਾਰੇ ਪਾਸੇ ਆਪਣੇ ਸਾਥੀ ਤਾਇਨਾਤ ਕਰ ਕੇ ਸਿੱਖ ਸੰਗਤਾਂ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿਚ ਆਉਣ ਲਈ ਅਮਲੀ ਤੌਰ ਤੇ ਪ੍ਰੇਰਿਆ ਤੇ ਇਸ ਵਾਂਗ ਗਿਆਨ ਰਤਨਾਵਲੀ ਦੀ ੩੬ਵੀਂ ਵਾਰ ਰਾਹੀਂ ਪ੍ਰਿਥੀ ਚੰਦ ਨੂੰ ਕੁੱਲ-ਧਰੋਹੀ, ਕਪਟੀ, ਮੀਣਾ ਆਦਿ ਕਹਿ ਕੇ ਭ੍ਰਸ਼ਟਿਆ। ਇਹ ਦੇਖ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਨੂੰ ਅਜਿਹੀ ਸਖ਼ਤੀ ਤੋਂ ਰੋਕਿਆ ਤੇ ਸਰਾਪ ਵੀ ਦਿੱਤਾ। ਪਰ ਭਾਈ ਗੁਰਦਾਸ ਨੇ, ਜੋ ਆਪਣੀ ਧੁਨਿ ਦੇ ਬੜੇ ਪੱਕੇ ਸਨ, ਪ੍ਰਿਥੀ ਚੰਦ ਦੀ ਕੱਟੜ ਵਿਰੋਧਤਾ ਦੇ ਬਾਵਜੂਦ ਗੁਰੂ-ਦਰਬਾਰ ਨੂੰ ਲੋਹੇ ਦੀ ਕੰਧ ਬਣ ਕੇ ਬਚਾਇਆ, ਜਿਸ ਕਰਕੇ ਇਹ ਮੁਖ਼ਾਲਫ਼ਤ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਕੋਈ ਨੁਕਸਾਨ ਨਾ ਪਹੁੰਚਾ ਸਕੀ।"

(ਵਾਰਾਂ ਭਾਈ ਗੁਰਦਾਸ, ਭੂਮਿਕਾ, ਸ਼ਮਸ਼ੇਰ ਸਿੰਘ ਅਸ਼ੋਕ, ੧੯੮੧)

ਇਸ ਪ੍ਰਕਾਰ ਭਾਈ ਜੀ ਨੇ ਇਕ ਸੱਚੇ ਸਿੱਖ ਦੀ ਭੂਮਿਕਾ ਨਿਭਾ ਕੇ ਆਪਣੇ ਗੁਰੂ ਦੇ ਵਿਰੋਧੀਆਂ ਪ੍ਰਤਿ ਸਿੱਖਾਂ ਨੂੰ ਚੇਤਾਯਾ ਅਤੇ ਗੁਰੂ ਬਣਨ ਦੀ ਝਾਕ ਰੱਖਣ ਵਾਲਿਆਂ ਬੇਮੁਖਾਂ ਨੂੰ ਰਸਤੇ ਪਾਉਣ ਲਈ ਨਿਮਨ ਵਾਰਾਂ ਲਿਖੀਆਂ :

ਬੇਮੁਖਾਂ ਦਾ ਮੂੰਹ ਕਾਲਾ ਹੁੰਦਾ ਹੈ

੧. ਸਤਿਗੁਰ ਪੁਰਖ ਅਗੰਮ ਹੈ ਨਿਰਵੈਰ ਨਿਰਾਲਾ।
੨. ਜਾਣਹੁ ਧਰਤੀ ਧਰਮ ਕੀ ਸਚੀ ਧਰਮਸਾਲਾ।
੩. ਜੇਹਾ ਬੀਜੈ ਸੋ ਲੁਣੇ ਫਲੁ ਕਰਮੁ ਸਮਾਲਾ।
੪. ਜਿਉ ਕਰਿ ਨਿਰਮਲੁ ਆਰਸੀ ਜਗੁ ਵੇਖਣਿ ਵਾਲਾ।
੫. ਜੇਹਾ ਮੁਹੁ ਕਰਿ ਭਾਲੀਐ ਤੇਹੋ ਵੇਖਾਲਾ।
੬. ਸੇਵਕੁ ਦਰਗਹ ਸੁਰਖਰੂ ਵੇਮੁਖੁ ਮੁਹੁ ਕਾਲਾ॥੧॥

ਅਰਥ : ੧. ਸਤਿਗੁਰੂ ਪਰੇ ਤੋਂ ਪਰੇ ਹੈ, ਅਤੇ ਵੈਰ ਰਹਿਤ ਤੇ ਸਭ ਤੋਂ ਨਿਰਾਲਾ ਪੁਰਖ ਹੈ। ੨. ਮਾਨੋਂ ਧਰਮ ਦੀ ਧਰਤੀ ਸੱਚੀ ਧਰਮਸਾਲਾ ਹੈ। ੩. ਜਿਹਾ ਕੋਈ ਬੀਜਦਾ ਹੈ, ਓਹੀ ਵੱਢਦਾ ਹੈ, ਅਤੇ ਕਰਮਾਂ ਦੀ ਸੰਭਾਲ ਤੇ ਹੀ ਫਲ ਮਿਲਦਾ ਹੈ, ਭਾਵ ਜਿਹਾ ਗੁਰੂ ਨਾਲ ਕੋਈ ਵਰਤਾਵ ਕਰਦਾ ਹੈ ਤਿਹਾ ਹੀ ਫਲ ਲੈਂਦਾ ਹੈ। ੪. ਜਿਸ ਤਰ੍ਹਾਂ ਸ਼ੀਸ਼ਾ ਹੁੰਦਾ ਹੈ, ਇਸ ਤਰ੍ਹਾਂ ਸਤਿਗੁਰੂ ਨਿਰਮਲ ਹੈ ਅਤੇ ਜਗਤ ਵੇਖਣ ਵਾਲਾ ਹੈ। ਜਿਹਾ ਕੋਈ ਮੂੰਹ ਕਰ ਕੇ ਵੇਖਦਾ ਹੈ ਸ਼ੀਸ਼ਾ ਉਸਨੂੰ ਉਸੇ ਤਰ੍ਹਾਂ ਦਾ ਰੂਪ ਦਿਖਾਉਂਦਾ ਹੈ। ੬. ਦਰਗਹ ਵਿਚ ਸੇਵਕ ਇੱਜ਼ਤ ਵਾਲਾ ਤੇ ਮਨਮੁਖ ਦਾ ਮੂੰਹ ਕਾਲਾ ਹੁੰਦਾ ਹੈ।

ਭਾਵ : ਸਤਿਗੁਰੂ ਜੀ ਨਾਲ ਜਿਹਾ ਕੋਈ ਪ੍ਰੇਮ ਕਰੇਗਾ ਤਿਹਾ ਹੀ ਫਲ ਪਾਏਗਾ।

ਜੋ ਗੁਰ ਗੋਪੈ ਆਪਣਾ ਤੇ ਨਰ ਬੁਰਿਆਰੀ

੧. ਜੋ ਗੁਰ ਗੋਪੈ ਆਪਣਾ ਕਿਉ ਸਿਝੈ ਚੇਲਾ।
੨. ਸੰਗਲੁ ਘਤਿ ਚਲਾਈਐ ਜਮ ਪੰਥਿ ਇਕੇਲਾ।
੩. ਲਹੈ ਸਜਾਈਂ ਨਰਕ ਵਿਚਿ ਉਹੁ ਖਰਾ ਦੇਹੁਲਾ।
੪. ਲਖ ਚਉਰਾਸੀਹ ਭਉਦਿਆਂ ਫਿਰਿ ਹੋਇ ਨ ਮੇਲਾ।
੫. ਜਨਮ ਪਦਾਰਥੁ ਹਾਰਿਆ ਜਿਉ ਜੂਏ ਜੂਏ ਖੇਲਾ।
੬. ਹਥ ਮਰੋੜੈ ਸਿਰੁ ਧੁਨੈ ਉਹੁ ਲਹੈ ਨ ਵੇਲਾ।੨॥

ਅਰਥ : ੧. ਜੋ ਆਪਣੇ ਗੁਰੂ ਤੋਂ ਬੇਮੁਖ ਹੈ, ਉਹ ਕਿਸ ਤਰ੍ਹਾਂ ਮੁਕਤ ਹੋਵੇਗਾ ? ਭਾਵ ਮੁਕਤ ਨਹੀਂ ਹੋਵੇਗਾ। ੨. ਅਤੇ ਗਲ ਵਿਚ ਸੰਗਲ ਪਾ ਕੇ ਜਮਾਂ ਦੇ ਰਸਤੇ ਉੱਤੇ ਇਕੱਲਾ ਹੀ ਟੋਰਿਆ ਜਾਵੇਗਾ। ੩. ਉਹ ਨਰਕਾਂ ਵਿਚ ਜਾ ਕੇ ਸਜ਼ਾਵਾਂ ਲੈਂਦਾ ਹੋਇਆ ਬਹੁਤਾ ਦੁਖੀ ਹੋਵੇਗਾ। ੪. ਚੁਰਾਸੀ ਲੱਖ ਜੂਨਾਂ ਵਿਚੋਂ ਭੌਂਦੇ ਹੋਏ ਦਾ ਫਿਰ ਗੁਰਾਂ ਨਾਲ ਮਿਲਾਪ ਨਹੀਂ ਹੋਵੇਗਾ। ੫. ਜੂਏ ਦੀ ਖੇਡ ਵਾਂਗੂੰ (ਉਸ ਨੇ ਮਨੁੱਖਾ) ਜਨਮ ਰੂਪੀ ਪਦਾਰਥ ਹਾਰਿਆ ਹੈ। ੬. ਹੱਥਾਂ ਨੂੰ ਮਲੇਗਾ ਤੇ ਸਿਰ ਧੁਨੇਗਾ ਪਰ ਉਹ ਵੇਲਾ ਨਹੀਂ ਲੱਭੇਗਾ (ਜਦ ਗੁਰੂ ਤੋਂ ਬੇਮੁਖ ਹੋਇਆ ਸੀ)।

ਭਾਵ : ਗੁਰੂ ਤੋਂ ਬੇਮੁਖ ਹੋਇਆਂ ਸਿੱਖ ਨਰਕਾਂ ਦੀ ਸਜ਼ਾ ਪਾਏਗਾ।

ਬੇਮੁਖ ਦੀ ਦਸ਼ਾ

੧. ਆਪਿ ਨ ਵੰਞੈ ਸਾਹੁਰੇ ਸਿਖ ਲੋਕ ਸੁਣਾਵੈ।
੨. ਕੰਤ ਨ ਪੁਛੈ ਵਾਤੜੀ ਸੁਹਾਗੁ ਗਣਾਵੈ।
੩. ਚੂਹਾ ਖਡ ਨ ਮਾਵਈ ਲਕਿ ਛਜੁ ਵਲਾਵੈ।
੪. ਮੰਤ੍ਰ ਨ ਹੋਇ ਅਠੂਹਿਆਂ ਹਥੁ ਸਪੀਂ ਪਾਵੈ।
੫. ਸਰੁ ਸੰਨ੍ਹੈ ਆਗਾਸ ਨੋ ਫਿਰਿ ਮਥੈ ਆਵੈ।
੬. ਦੁਹੀ ਸਰਾਈਂ ਜਰਦ ਰੂ ਬੇਮੁਖ ਪਛੁਤਾਵੈ ॥੩॥

ਅਰਥ : ੧. ਆਪ ਤਾਂ ਸਹੁਰੇ ਘਰ ਜਾਂਦੀ ਨਹੀਂ ਤੇ ਲੋਕਾਂ ਨੂੰ ਸਿੱਖਿਆ ਸੁਣਾਉਂਦੀ ਹੈ। ੨. ਪਤੀ ਵਾਤ ਭੀ ਨਹੀਂ ਪੁੱਛਦਾ (ਤੇ ਲੋਕਾਂ ਵਿਚ ਆਪਣੇ ਆਪ ਨੂੰ) ਸੁਹਾਗਣ ਗੁਣਾਉਂਦੀ ਹੈ। ੩. ਚੂਹਾ ਆਪ ਤਾਂ ਖੁੱਡ ਵਿਚ ਨਹੀਂ ਮਿਉਂਦਾ ਤੇ ਲੱਕ ਨਾਲ ਛੱਜ ਬੰਨ੍ਹਦਾ ਹੈ। ੪. ਮੰਤ੍ਰ ਤਾਂ ਬਿੱਛੂਆਂ ਦਾ ਨਹੀਂ ਆਉਂਦਾ ਤੇ ਹੱਥ ਸੱਪਾਂ ਨੂੰ ਪਾਉਂਦਾ ਹੈ। ੫. ਜੋ ਆਕਾਸ਼ ਨੂੰ ਤੀਰ ਮਾਰਦਾ ਹੈ, ਉਹ ਮੁੜ ਕੇ (ਉਸ ਦੇ ਮੱਥੇ ਨੂੰ ਹੀ ਆਉਂਦਾ ਹੈ)। ੬. ਜਿਸ ਤਰ੍ਹਾਂ ਇਨ੍ਹਾਂ ਕੰਮਾਂ ਵਾਲੇ ਪਛਤਾਉਂਦੇ ਹਨ, ਇਵੇਂ ਹੀ ਬੇਮੁਖ ਦੋਹਾਂ ਲੋਕਾਂ ਵਿਚ ਸ਼ਰਮਿੰਦੇ ਹੋ ਕੇ ਪਛਤਾਉਂਦੇ ਹਨ।

ਭਾਵ : ਆਪਣੇ ਕੀਤੇ ਕੰਮ ਦੀ ਸਜ਼ਾ ਭੋਗਣ ਵਾਲੇ ਬੇਮੁਖ ਨੂੰ ਪਛਤਾਵਾ ਹੁੰਦਾ ਹੈ, ਪਰ ਉਸ ਵੇਲੇ ਦੇ ਪਛਤਾਵੇਂ ਤੋਂ ਕੁਝ ਸੌਰ ਨਹੀਂ ਸਕਦਾ।

ਬੇਮੁਖ ਰਸ ਤੋਂ ਹੀਣਾ ਹੈ

੧. ਰਤਨ ਮਣੀ ਗਲਿ ਬਾਂਦਰੈ ਕਿਹੁ ਕੀਮ ਨ ਜਾਣੈ।
੨. ਕੜਛੀ ਸਾਉ ਨ ਸੰਮ੍ਲੈ ਭੋਜਨ ਰਸੁ ਖਾਣੈ।
੩. ਡਡੂ ਚਿਕੜਿ ਵਾਸੁ ਹੈ ਕਵਲੈ ਨ ਸਿਵਾਣੈ।
੪. ਨਾਭਿ ਕਥੂਰੀ ਮਿਰਗ ਦੈ ਫਿਰਦਾ ਹੈਰਾਣੈ।
੫. ਗੁਜਰੁ ਗੋਰਸੁ ਵੇਚਿ ਕੈ ਖਲਿ ਸੂੜੀ ਆਣੈ।
੬. ਬੇਮੁਖ ਮੂਲਹੁ ਘੁਥਿਆ ਦੁਖ ਸਹੈ ਜਮਾਣੈ ॥੪॥

ਅਰਥ : ੧. ਬਾਂਦਰ ਦੇ ਗਲ ਰਤਨ ਤੇ ਮਣੀਆਂ ਪਾਈਏ ਤਾਂ ਉਹ ਉਸਦੀ ਕੁਝ ਕੀਮਤ ਨਹੀਂ ਜਾਣਦਾ। ੨. ਕੜਛੀ ਸਵਾਦ ਨਹੀਂ ਲੈਂਦੀ (ਭਾਵੇਂ ਕਈ ਤਰ੍ਹਾਂ ਦੇ ਭੋਜਨਾਂ (ਤੇ) ਖਾਣਿਆਂ ਦੇ ਸਵਾਦ ਵਿਚ ਫਿਰਦੀ ਹੈ। ੩. ਡੱਡੂ ਚਿੱਕੜ (ਵਿਚ) ਵੱਸਦਾ ਹੈ ਅਤੇ ਕਵਲ (ਨੂੰ ਨਹੀਂ ਸਿਞਾਣਦਾ)। ੪. ਹਿਰਨ ਦੀ ਧੁੰਨੀ

ਵਿਚ ਕਸਤੂਰੀ (ਹੁੰਦੀ ਹੈ, ਪਰ ਉਹ ਉਸਨੂੰ ਨਾ ਜਾਣ ਕੇ) ਹੈਰਾਨ (ਹੋਇਆ ਝਾੜੀਆਂ ਵਿਚ) ਫਿਰਦਾ ਹੈ। ੫. ਗੁਜਰ ਦੁੱਧ ਵੇਚ ਕੇ ਖੱਲ ਸੂੜੀ ਲਿਆਉਂਦਾ ਹੈ। ੬. ਇਸੇ ਤਰ੍ਹਾਂ ਬੇਮੁਖ ਮੁੱਢ ਤੋਂ ਭੁਲਾ (ਹੋਇਆ ਜਮਾਂ ਦੇ ਘਰ) ਦੁਖ ਸਹਾਰਦਾ ਹੈ।

ਭਾਵ : ਜਿਸ ਤਰ੍ਹਾਂ ਹਰਨ ਕਸਤੂਰੀ ਦੀ ਕਦਰ ਨਾ ਜਾਣ ਕੇ ਝਾੜੀਆਂ ਵਿਚ ਟੱਕਰਾਂ ਮਾਰਦਾ ਹੈ, ਇਵੇਂ ਬੇਮੁਖ ਰੱਬ ਤੋਂ ਭੁੱਲ ਕੇ ਨਰਕਾਂ ਵਿਚ ਦੁੱਖ ਭੋਗਦਾ ਹੈ।

ਬੇਮੁਖ ਸਦਾ ਹੀ ਦੁਖੀ ਹੁੰਦਾ ਹੈ

੧. ਸਾਵਣਿ ਵਣਿ ਹਰੀਆਵਲੇ ਸੁਕੈ ਜਾਵਾਹਾ।
੨. ਸਭ ਕੋ ਸਰਸਾ ਵਰਸਦੈ ਝੂਰੈ ਜੋਲਾਹਾ।
੩. ਸਭਨਾ ਰਾਤਿ ਮਿਲਾਵੜਾ ਚਕਵੀ ਦੋਰਾਹਾ।
੪. ਸੰਖੁ ਸਮੁੰਦਹੁ ਸਖਣਾ ਹੋਵੈ ਦੇ ਧਾਹਾ।
੫. ਰਾਹਹੁ ਉਝੜਿ ਜੋ ਪਵੈ ਮੁਸੂ ਦੇ ਫਾਹਾ।
੬. ਤਿਉਂ ਜਗ ਅੰਦਰਿ ਬੇਮੁਖਾਂ ਨਿਤ ਉਭੇ ਸਾਹਾ॥੫॥

ਅਰਥ : ੧. ਸਾਵਣ (ਵਿਚ ਮੀਂਹ ਵੱਸਿਆਂ) ਦਰੱਖ਼ਤ ਹਰੇ ਹੁੰਦੇ ਹਨ (ਪਰ) ਜਵਾਹੇ (ਦਾ ਬੂਟਾ) ਸੁੱਕ ਜਾਂਦਾ ਹੈ। ੨, ਮੀਂਹ ਦੇ ਵੱਸਿਆਂ ਸਭ ਕੋਈ ਅਨੰਦ (ਹੁੰਦਾ ਹੈ, ਪਰ) ਜੁਲਾਹਾ ਝੂਰਦਾ ਹੈ। ੩. ਸਾਰਿਆਂ (ਦਾ) ਰਾਤੀਂ ਮਿਲਾਪ (ਹੁੰਦਾ ਹੈ, ਪਰ) ਚਕਵੀ ਵਿੱਛੜਦੀ ਹੈ। ੪. ਸੰਖ ਸਮੁੰਦਰ ਵਿਚੋਂ ਖ਼ਾਲੀ (ਨਿਕਲ ਕੇ ਦੋ ਵੇਲੇ) ਧਾਹਾਂ ਦੇ ਕੇ ਰੋਂਦਾ ਹੈ। ੫. ਜੋ ਰਾਹ ਤੋਂ ਕੁਰਾਹੇ ਪਵੇਗਾ (ਉਸਦੇ ਗਲ ਵਿਚ) ਫਾਹਾ ਪਾ ਕੇ (ਉਸਨੂੰ ਚੋਰ) ਲੁੱਟ ਲੈਂਦੇ ਹਨ। ੬. ਤਿਵੇਂ ਹੀ ਜਗਤ ਅੰਦਰ ਬੇਮੁਖ ਸਦਾ ਉਭੇ ਸਾਹ ਲੈਂਦਾ ਹੈ, ਭਾਵ ਦੁਖੀ ਹੁੰਦਾ ਹੈ।

ਭਾਵ : ਜਿਵੇਂ ਜੁਲਾਹੇ ਤੇ ਜਵਾਹੇ ਨੂੰ ਬਰਸਾਤ ਚੰਗੀ ਨਹੀਂ ਲੱਗਦੀ, ਇਵੇਂ ਬੇਮੁਖ ਨੂੰ ਸਤਿਗੁਰੂ ਦਾ ਪ੍ਰੇਮ ਨਹੀਂ ਭਾਉਂਦਾ, ਇਸ ਲਈ ਸਦਾ ਦੁਖੀ ਰਹਿੰਦਾ ਹੈ।

ਬੇਮੁਖ ਛੁਟੜ ਇਸਤ੍ਰੀ ਵਾਂਗੂੰ ਦੁਖੀ ਹੁੰਦਾ ਹੈ

੧. ਗਿਦੜ ਦਾਖ ਨ ਅਪੜੈ ਆਖੈ ਥੂਹ ਕਉੜੀ।
੨. ਨਚਣੁ ਨਚਿ ਨ ਜਾਣਈ ਆਵੈ ਭੁਇ ਸਉੜੀ।
੩. ਬੋਲੈ ਅਗੈ ਗਾਵੀਐ ਭੈਰਉ ਸੋ ਗਉੜੀ।

੪. ਹੰਸਾਂ ਨਾਲਿ ਟਟੀਹਰੀ ਕਿਉ ਪਹੁਚੈ ਦਉੜੀ।
੫. ਸਾਵਣਿ ਵਣ ਹਰੀਆਵਲੇ ਅਕੁ ਜੰਮੈ ਅਉੜੀ।
੬. ਬੇਮੁਖ ਸੁਖੁ ਨ ਦੇਖਈ ਜਿਉ ਛੁਟੜ ਛਉੜੀ॥੬॥

ਅਰਥ : ੧. ਗਿੱਦੜ ਦਾਖ (ਤੇ ਗੁੱਛੇ ਤਕ) ਪਹੁੰਚ ਨਹੀਂ (ਸਕਦਾ ਤੇ) ਆਖਦਾ ਹੈ ਥੂ ਥੂ ਇਹ ਦਾਖ ਕੌੜੀ ਹੈ। ੨. ਨੱਚਣ ਵਾਲੀ ਨੱਚਣਾ ਨਹੀਂ ਜਾਣਦੀ ਤੇ ਕਹਿੰਦੀ ਹੈ ਥਾਂ ਤੰਗ (ਹੈ, ਇਥੇ ਘੂੰਮਰ ਨਹੀਂ ਪੈਣੀ)। ੩. ਬੋਲੇ ਅੱਗੇ ਗਾਵੀਏ (ਤਾਂ) ਉਸ (ਲਈ) ਭੈਰਉ ਤੇ ਗਉੜੀ ਇਕੋ ਜਿਹੇ ਹਨ (ਭਾਵ, ਉਹ ਸੁਣਦਾ ਹੀ ਨਹੀਂ)। ੪. ਹੰਸਾਂ ਨਾਲ ਟਟੀਹਰੀ ਕਿਸ ਤਰ੍ਹਾਂ ਦੌੜ ਕੇ (ਬਰਾਬਰ) ਪਹੁੰਚੇਗੀ। ੫. ਸਾਵਣ (ਵਿਚ) ਦਰੱਖ਼ਤ (ਤਾਂ) ਹਰੀਆਵਲੇ ਹੁੰਦੇ ਹਨ ਪਰ ਅੱਕ ਔੜ ਵਿਚ ਜੰਮਦਾ ਹੈ। ੬. ਬੇਮੁਖ ਸੁਖ ਨਹੀਂ ਵੇਖਦਾ ਜਿਵੇਂ ਛੁੱਟੜ ਇਸਤ੍ਰੀ ਦੁਖੀ (ਹੁੰਦੀ ਹੈ, ਸੁਖ ਨਹੀਂ ਵੇਖਦੀ)।

ਭਾਵ : 'ਘਰਿ ਘਰਿ ਹੰਢੇ ਜਿਉ ਰੰਨੇ ਡੋਹਾਗਣਿ ਦੁਹਚਾਰਣਿ ਬਦਨਾਉ॥' ਦਾ ਹੀ ਵਿਸਥਾਰ ਕਰ ਕੇ ਬੇਮੁਖ ਦੀ ਦਸ਼ਾ ਪ੍ਰਗਟ ਕੀਤੀ ਹੈ।

ਬੇਮੁਖ ਦੀ ਸੰਗਤ ਦਾ ਫਲ

੧. ਭੇਡੈ ਪੂਛਲਿ ਲਗਿਆਂ ਕਿਉ ਪਾਰਿ ਲੰਘੀਐ।
੨. ਭੂਤੈ ਕੇਰੀ ਦੋਸਤੀ ਨਿਤ ਸਹਸਾ ਜੀਐ।
੩. ਨਦੀ ਕਿਨਾਰੇ ਰੁਖੜਾ ਵੇਸਾਹੁ ਨ ਕੀਐ।
੪. ਮਿਰਤਕ ਨਾਲਿ ਵੀਆਹੀਐ ਸੋਹਾਗੁ ਨ ਥੀਐ।
੫. ਵਿਸੁ ਹਲਾਹਲ ਬੀਜਿ ਕੈ ਕਿਉ ਅਮਿਉ ਲਹੀਐ।
੬. ਬੇਮੁਖ ਸੇਤੀ ਪਿਰਹੜੀ ਜਮ ਡੰਡੁ ਸਹੀਐ॥੭॥

ਅਰਥ : ਭੇਡ ਦੀ ਪੂਛਲ ਦੇ ਆਸਰੇ ਲੱਗਿਆਂ ਕਿਵੇਂ ਪਾਰ ਲੰਘੀਦਾ ਹੈ (ਭਾਵ ਪਾਰ ਨਹੀਂ ਲੰਘੀਦਾ)। ੨. ਭੂਤਾਂ ਦੀ ਦੋਸਤੀ ਵਿਚ ਸਦਾ ਹੀ ਜੀਅ ਦਾ ਧੋਖਾ ਹੈ। ੩. ਨਦੀ (ਦੇ) ਕੰਢੇ ਵਾਲੇ ਦਰੱਖ਼ਤ ਦਾ ਭਰੋਸਾ ਨਹੀਂ ਕਰੀਦਾ। ੪. ਮੁਰਦੇ ਨਾਲ ਵਿਵਾਹੀਏ (ਤਾਂ) ਸੁਹਾਗਣ ਨਹੀਂ ਹੁੰਦੀ। ੫. ਕੌੜੀ ਜ਼ਹਿਰ ਬੀਜ ਕੇ ਕਿਸ ਤਰ੍ਹਾਂ ਲਈਦੇ ਹਨ (ਭਾਵ ਅੰਬ ਨਹੀਂ ਮਿਲਦੇ)। ੬. ਬੇਮੁਖ ਨਾਲ ਪ੍ਰੀਤ (ਕੀਤਿਆਂ) ਜਮਾਂ ਦਾ ਡੰਡ ਸਹਾਰੀਦਾ ਹੈ।

ਭਾਵ : 'ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥' ਬੇਮੁਖ ਦੀ ਸੰਗਤਿ ਦਾ ਫਲ ਤਾਂ ਜਮਾਂ ਦੀ ਮਾਰ ਹੀ ਮਿਲਣੀ ਹੈ।

ਬੇਮੁਖ ਆਪ ਦੋਸ਼ੀ ਹੈ

੧. ਕੋਰੜੁ ਮੋਠੁ ਨ ਰਿਝਦੀ ਕਰਿ ਅਗਨਿ ਜੋਸੁ।
੨. ਸਹਸ ਫਲਹੁ ਇਕ ਵਿਗੜੈ ਤਰਵਰ ਕੀ ਦੋਸੁ।
੩. ਟਿਬੈ ਨੀਰੁ ਨ ਠਾਹਰੈ ਘਣਿ ਬਰਸਿ ਗਇਓਸੁ।
੪. ਵਿਣੁ ਸੰਜਮਿ ਰੋਗੀ ਮਰੈ ਚਿਤਿ ਵੈਦ ਨ ਰੋਸੁ।
੫. ਅਵਿਆਵਰ ਨ ਵਿਆਪਈ ਮਸਤਕਿ ਲਿਖਿਓਸੁ।
੬. ਬੇਮੁਖ ਪੜੈ ਨ ਇਲਮ ਜਿਉਂ ਅਵਗੁਣ ਸਭਿ ਓਸੁ ॥੮॥

ਅਰਥ : ੧. ਕੋਰੜੂ ਮੋਠ ਨਹੀਂ ਰਿੱਝਦਾ, ਭਾਵੇਂ ਕਿੰਨਾ ਹੀ ਅੱਗ ਬਾਲ ਕੇ ਉਬਾਲੋ। ੨. ਹਜ਼ਾਰਾਂ ਫਲਾਂ ਵਿਚੋਂ ਕੋਈ ਇਕ ਵਿਗੜ ਜਾਵੇ ਤਾਂ ਉਸ ਵਿਚ ਦਰੱਖ਼ਤ ਦਾ ਕੀ ਦੋਸ਼ ਹੈ ? ਭਾਵ ਕੋਈ ਦੋਸ਼ੀ ਨਹੀਂ। ੩. ਭਾਵੇਂ ਕਿੰਨਾ ਹੀ ਬੱਦਲ ਵੱਸ ਗਿਆ ਹੋਵੇ ਪਰ ਟਿੱਬੇ ਉੱਤੇ ਪਾਣੀ ਨਹੀਂ ਠਹਿਰਦਾ। ੪. ਪ੍ਰਹੇਜ਼ ਤੋਂ ਬਿਨਾਂ ਰੋਗੀ ਮਰ ਜਾਵੇ ਤਾਂ ਚਿਤੋਂ ਵੈਦ ਉੱਤੇ ਗ਼ੁੱਸਾ ਨਹੀਂ ਚਾਹੀਦਾ। ੫. ਬਾਂਝ ਇਸਤ੍ਰੀ ਫਲਦੀ ਨਹੀਂ ਹੈ, ਇਸ ਵਿਚ ਪਤੀ ਦਾ ਕੀ ਦੋਸ਼ ਹੈ, ਇਹ ਉਸਦੇ ਮਥੇ ਦਾ ਲਿਖਿਆ ਹੋਇਆ ਹੈ। ੬. ਮੂਰਖ ਵਾਂਗੂ ਬੇਮੁਖ ਨਹੀਂ ਪੜ੍ਹਦਾ ਕਿਉਂਕਿ ਸਾਰੇ ਉਸ ਦੇ ਹੀ ਔਗੁਣ ਹਨ।

ਭਾਵ : ਜਿਵੇਂ ਕੋਰੜ ਮੋਠ, ਬਦ ਪਰਹੇਜ਼ ਰੋਗੀ, ਸੁੰਢ ਆਦਿਕ ਆਪਣੇ ਗੁਨਾਹ ਕਰਕੇ ਸਫਲਤਾ ਹਾਸਲ ਨਹੀਂ ਕਰਦੇ, ਇਵੇਂ ਹੀ ਬੇਮੁਖ ਆਪਣੇ ਔਗੁਣਾਂ ਕਰਕੇ ਸਤਿਗੁਰੂ ਦੀ ਕਿਰਪਾ ਤੋਂ ਖ਼ਾਲੀ ਰਹਿੰਦਾ ਹੈ।

ਬੇਮੁਖ ਦੀ ਕਮਾਈ ਖੋਟੀ ਹੈ

੧. ਅੰਨ੍ਹੈ ਚੰਦੁ ਨ ਦਿਸਈ ਜਗਿ ਜੋਤਿ ਸਬਾਈ।
੨. ਬੋਲਾ ਰਾਗੁ ਨ ਸਮਝਈ ਕਿਹੁ ਘਟਿ ਨ ਜਾਈ।
੩. ਵਾਸੁ ਨ ਆਵੈ ਗੁਣਗੁਣੈ ਪਰਮਲੁ ਮਹਿਕਾਈ।
੪. ਗੁੰਗੈ ਜੀਭ ਨ ਉਘੜੈ ਸਭਿ ਸਬਦਿ ਸੁਹਾਈ।
੫. ਸਤਿਗੁਰੁ ਸਾਗਰੁ ਸੇਵਿ ਕੈ ਨਿਧਿ ਸਭਨਾਂ ਪਾਈ।
੬. ਬੇਮੁਖ ਹਥਿ ਘਘੂਟਿਆਂ ਤਿਸੁ ਦੋਸੁ ਕਮਾਹੀ ॥੯॥

ਅਰਥ : ੧. (ਭਾਵੇਂ) ਸਾਰੇ ਜਗਤ ਵਿਚ ਜੋਤ ਆਈ ਹੋਈ ਹੈ ਪਰ ਅੰਨ੍ਹੇ ਨੂੰ ਉਹ ਚੰਦ ਨਹੀਂ ਦਿੱਸਦਾ। ੨. ਜੇਕਰ ਬੋਲਾ ਰਾਗ ਨਹੀਂ ਸਮਝਦਾ ਤਾਂ ਰਾਗ ਦਾ ਕੁਝ ਘਟ ਨਹੀਂ ਜਾਂਦਾ। ੩. ਭਾਵੇਂ ਚੰਦਨ ਦੀ ਵਾਸ਼ਨਾ ਮਹਿਕ ਰਹੀ ਹੈ

ਪਰ ਗੁਣ-ਗੁਣੇ ਨੂੰ ਵਾਸ਼ਨਾ ਨਹੀਂ ਆਉਂਦੀ। ੪. ਭਾਵੇਂ ਗੁਰਾਂ ਦਾ ਉਪਦੇਸ਼ ਸਾਰਿਆਂ ਨੂੰ ਸੋਭਾ ਵਾਲਾ ਕਰ ਰਿਹਾ ਹੈ ਪਰ ਗੁੰਗੇ ਦੀ ਜੀਭ ਨਹੀਂ ਉਘੜਦੀ। ੫. ਸਤਿਗੁਰੂ ਰੂਪੀ ਸਮੁੰਦਰ ਦੀ ਸੇਵਾ ਕਰ ਕੇ ਸਭਨਾਂ ਜਗਿਆਸੂਆਂ ਨੇ ਸਤਿ, ਸੰਤੋਖ ਆਦਿਕ ਦੀ ਨਿਧੀ ਪਾਈ ਹੈ। ੬. ਪਰ ਬੇਮੁਖ ਦੇ ਹੱਥ ਘੋਘੇ ਹੀ ਆਏ ਹਨ ਅਤੇ ਇਹ ਸਭ ਤਿਸ ਦੀ ਕਮਾਈ ਦਾ ਦੋਸ਼ ਹੈ, ਸਮੁੰਦਰ ਦਾ ਕੋਈ ਦੋਸ਼ ਨਹੀਂ।

ਭਾਵ : ਕਈ ਦ੍ਰਿਸ਼ਟਾਤ ਦੇ ਕੇ ਸਿੱਧ ਕੀਤਾ ਹੈ ਕਿ ਬੇਮੁਖ ਆਪਣੀ ਕਰਨੀ ਕਰਕੇ ਹੀ ਗੁਰੂ ਜੀ ਦੀ ਕਿਰਪਾ ਤੋਂ ਹੀਣਾ ਹੈ।

ਬੇਮੁਖ ਦੇ ਮੱਥੇ ਦਾ ਲੇਖ

੧. ਰਤਨ ਉਪੰਨੇ ਸਾਇਰਹੁ ਭੀ ਪਾਣੀ ਖਾਰਾ।
੨. ਸੁਝਹੁ ਸੁਝਨਿ ਤਿਨਿ ਲੋਅ ਅਉਲੰਗੁ ਵਿਚਿਕਾਰਾ।
੩. ਧਰਤੀ ਉਪਜੈ ਅੰਨੁ ਧਨੁ ਵਿਚਿ ਕਲਰੁ ਭਾਰਾ।
੪. ਈਸਰੁ ਤੁਸੈ ਹੋਰਨਾ ਘਰਿ ਖਪਰੁ ਛਾਰਾ।
੫. ਜਿਉਂ ਹਣਵੰਤਿ ਕਛੋਟੜਾ ਕਿਆ ਕਰੈ ਵਿਚਾਰਾ।
੬. ਬੇਮੁਖ ਮਸਤਕਿ ਲਿਖਿਆ ਕਉਣੁ ਮੇਟਣਹਾਰਾ॥੧੦॥

ਅਰਥ : ੧. ਸਮੁੰਦਰ ਵਿਚੋਂ ਰਤਨ ਪੈਦਾ ਹੋਏ ਹਨ, ਤਦ ਭੀ ਉਸਦਾ ਪਾਣੀ ਖਾਰਾ ਹੈ। ੨. ਚੰਦਰਮਾ ਤੋਂ ਤਿੰਨ ਲੋਕ ਸੁਝਦੇ ਹਨ, ਪਰ ਉਹ ਵਿਚਕਾਰੋਂ ਕਾਲਖ ਦੇ ਨਿਸ਼ਾਨ ਕਰਕੇ ਆਪ ਕਲੰਕੀ ਹੈ। ੩. ਧਰਤੀ ਵਿਚੋਂ ਬਹੁਤ ਹੀ ਅੰਨ ਧਨ ਪੈਦਾ ਹੁੰਦਾ ਹੈ ਪਰ ਉਸ ਵਿਚ ਬਹੁਤ ਕੱਲਰ ਹੈ। ੪. ਸ਼ਿਵਜੀ ਹੋਰਨਾਂ ਨੂੰ ਪ੍ਰਸੰਨ ਹੋ ਕੇ ਵਰ ਦਿੰਦਾ ਹੈ, ਪਰ ਉਸਦੇ ਘਰ ਖੱਪਰ ਤੇ ਸਵਾਹ ਹੈ। ੫. ਜਿਵੇਂ ਹਨੂੰਮਾਨ ਨੇ ਵੱਡੇ ਵੱਡੇ ਕੰਮ ਕੀਤੇ ਪਰ ਉਸਨੂੰ ਬਖ਼ਸ਼ਿਸ਼ ਵਿਚ ਕੱਛ ਹੀ ਮਿਲੀ ਸੀ, ਪਰ ਉਹ ਵਿਚਾਰਾ ਵੀ ਕੀ ਕਰੇ, ਉਸਦਾ ਲੇਖ ਹੀ ਇਹੀ ਸੀ। ੬. ਇਵੇਂ ਬੇਮੁਖ ਦੇ ਮੱਥੇ ਦਾ ਲਿਖਿਆ ਕੌਣ ਮੇਟਣ ਵਾਲਾ ਹੈ।

ਭਾਵ : 'ਲੇਖ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰੁ॥' ਦਾ ਸਿਧਾਂਤ ਹੈ।

ਬੇਮੁਖ ਝੂਠਾ ਹੈ

੧. ਗਾਂਈ ਘਰਿ ਗੋਸਾਂਈਆਂ ਮਾਧਾਣੁ ਘੜਾਏ।
੨. ਘੋੜੇ ਸੁਣਿ ਸਉਦਾਗਰਾਂ ਚਾਬਕ ਮੁਲਿ ਆਏ।

੩. ਦੇਖਿ ਪਰਾਏ ਭਾਜਵਾੜ ਘਰਿ ਗਾਹੁ ਘਤਾਏ।
੪. ਸੁਇਨਾ ਹਟਿ ਸਰਾਫ ਦੇ ਸੁਨਿਆਰ ਸਦਾਏ।
੫. ਅੰਦਰਿ ਢੋਈ ਨਾ ਲਹੈ ਬਾਹਰਿ ਬਾਫਾਏ।
੬. ਬੇਮੁਖ ਬਦਲ ਚਾਲ ਹੈ ਕੂੜੋ ਆਲਾਏ॥੧੧॥

ਅਰਥ : ੧. ਗਾਈਆਂ ਮਾਲਿਕਾਂ ਦੇ ਘਰ ਹਨ ਅਤੇ ਅੱਗੇ ਹੀ ਮਾਧਾਣੇ ਘੜਵਾ (ਲਏ ਹਨ)। ੨. ਸੁਦਾਗਰਾਂ (ਕੋਲੋਂ) ਘੋੜਿਆਂ (ਦਾ ਨਾਮ) ਸੁਣ ਕੇ (ਹੀ) ਚਾਬਕ ਮੁੱਲ ਲੈ ਆਂਦੇ ਹਨ। ੩. ਪਰਾਏ ਖਲਵਾੜੇ ਦੇਖ ਕੇ (ਆਪਣੇ) ਘਰ ਵਿਚ ਗਾਹ ਘੱਤ ਲਿਆ ਹੈ। ੪. ਸਰਾਫ਼ ਦੇ ਹੱਥ (ਵਿਚ) ਸੋਨਾ ਦੇਖ ਕੇ ਘਰ ਸੁਨਿਆਰੇ ਸੱਦ (ਲਏ) ਹਨ। ੫. (ਘਰ) ਅੰਦਰ (ਤਾਂ) ਢੁਕਣਾ ਭੀ ਨਹੀਂ ਮਿਲਦਾ ਤੇ ਬਾਹਰ (ਬੈਠਾ ਹੀ) ਗਿਣਦਾ ਹੈ (ਕਿ ਘਰ ਵਿਚ ਸਾਰੇ ਮੇਰੇ ਅਨੁਸਾਰੀ ਹਨ, ਮੈਥੋਂ ਬਿਨਾਂ ਕੋਈ ਕੁਝ ਨਹੀਂ ਕਰ ਸਕਦਾ)। ੬. ਬੇਮੁਖ (ਦੀ ਇਸ ਤਰ੍ਹਾਂ ਦੀ) ਬੱਦਲ (ਦੀ) ਛਾਂ ਹੈ (ਜੋ ਪਲ ਵਿਚ ਸੀ ਤੇ ਪਲ ਵਿਚ ਨਹੀਂ, ਸਭ ਕੁਝ ਝੂਠ ਹੀ ਬੋਲਦਾ ਹੈ।

ਬੇਮੁਖ ਨਿਕੰਮਾ ਹੈ

੧. ਮਖਣੁ ਲਇਆ ਵਿਰੋਲਿ ਕੈ ਛਾਹਿ ਛੁਠੜਿ ਹੋਈ।
੨. ਪੀੜ ਲਈ ਰਸੁ ਗੰਨਿਅਹੁ ਛਿਲੁ ਛੁਹੇ ਨ ਕੋਈ।
੩. ਰੰਗੁ ਮਜੀਠਹੁ ਨਿਕਲੈ ਅਢ ਲਹੈ ਨ ਸੋਈ।
੪. ਵਾਸੁ ਲਈ ਫੁਲਵਾੜੀਅਹੁ ਫਿਰਿ ਮਿਲੈ ਨ ਢੋਈ।
੫. ਕਾਇਆ ਹੰਸੁ ਵਿਛੁੰਨਿਆ ਤਿਸੁ ਕੋ ਨ ਸਥੋਈ।
੬. ਬੇਮੁਖ ਸੁਕੇ ਰੁਖ ਜਿਉਂ ਵੇਖੈ ਸਭ ਲੋਈ॥੧੨॥

ਅਰਥ : ੧. (ਜਦ) ਮੱਖਣ ਵਿਰੋਲ ਕੇ (ਕੱਢ) ਲਿਆ (ਤਾਂ) ਲੱਸੀ ਛੁੱਟੜ ਹੋ ਜਾਂਦੀ ਹੈ। ੨. ਜਦ ਗੰਨੇ ਵਿਚੋਂ ਰਸ ਪੀੜ ਲਿਆ (ਤਾਂ) ਛਿੱਲ ਨੂੰ ਕੋਈ ਭੀ ਨਹੀਂ ਛੋਂਹਦਾ। ੩. (ਜਦ) ਮਜੀਠ ਵਿਚੋਂ ਰੰਗ ਨਿਕਲ (ਜਾਵੇ ਤਾਂ) ਉਸਦੇ (ਫੋਗ ਨੂੰ ਕੋਈ) ਕੋਡੀ (ਤੋਂ ਭੀ ਮੁੱਲ) ਨਹੀਂ ਲੈਂਦਾ। ੪. (ਜਦ) ਫੁੱਲਾਂ ਵਿਚੋਂ ਵਾਸ਼ਨਾ (ਕੱਢ) ਲਈ (ਤਾਂ) ਫਿਰ ਉਹਨਾਂ ਫੁੱਲਾਂ ਨੂੰ ਕਿਧਰੇ ਢੋਈ ਨਹੀਂ ਮਿਲਦੀ। ੫. ਦੇਹ (ਨਾਲੋਂ) ਜੀਵ ਵਿੱਛੜਿਆ (ਤਾਂ ਦੇਹ ਦਾ) ਕੌਣ ਸਾਥੀ ਹੁੰਦਾ ਹੈ (ਭਾਵ ਕੋਈ ਸਾਥੀ ਨਹੀਂ ਹੁੰਦਾ)। ੬. ਬੇਮੁਖ ਨੂੰ ਸੁੱਕੇ ਰੁੱਖ ਵਾਂਗੂ ਸਭ ਦੁਨੀਆਂ ਵੇਖਦੀ ਹੈ।

ਭਾਵ : ਜਿਵੇਂ ਸੁੱਕਾ ਰੁੱਖ ਅੱਗ ਵਿਚ ਫੂਕੀਦਾ ਹੈ, ਇਵੇਂ ਬੇਮੁਖ ਨਰਕ ਝਾਕਦਾ ਹੈ।

ਬੇਮੁਖ ਇਸ ਤਰ੍ਹਾਂ ਸਾਧੀਦਾ ਹੈ

੧. ਜਿਉ ਕਰਿ ਖੂਹਹੁ ਨਿਕਲੈ ਗਲਿ ਬਧੇ ਪਾਣੀ।
੨. ਜਿਉ ਮਣਿ ਕਾਲੇ ਸਪ ਸਿਰਿਹਸਿ ਦੇਇ ਨਾ ਜਾਣੀ।
੩. ਜਾਣ ਕਥੂਰੀ ਮਿਰਗ ਤਨਿ ਮਰਿ ਮੁਕੈ ਆਣੀ।
੪. ਤੇਲ ਤਿਲਹੁ ਕਿਉ ਨਿਕਲੈ ਵਿਣੁ ਪੀੜੇ ਘਾਣੀ।
੫. ਜਿਉ ਮੁਹੁ ਭੰਨੇ ਗਰੀ ਦੇ ਨਲੀਏਰੁ ਨਿਸਾਣੀ।
੬. ਬੇਮੁਖ ਲੋਹਾ ਸਾਧੀਐ ਵਗਦੀ ਵਾਦਾਣੀ॥੧੩॥

ਅਰਥ : ੧. ਜਿਸ ਤਰ੍ਹਾਂ ਖੂਹ ਵਿਚੋਂ ਪਾਣੀ ਤਦ ਨਿਕਲਦਾ ਹੈ (ਜਦ) ਘੜੇ ਦਾ ਗਲ ਰੱਸੇ ਨਾਲ ਬੱਧਾ ਜਾਵੇ। ੨. ਜਿਸ ਤਰ੍ਹਾਂ ਕਾਲੇ ਸੱਪ ਦੇ ਸਿਰ (ਵਿਚ) ਮਣੀ (ਹੁੰਦੀ ਹੈ, ਪਰ ਉਹ) ਹੱਸ ਕੇ ਦੇਣੀ ਨਹੀਂ ਜਾਣਦਾ। ੩. ਜਿਸ ਤਰ੍ਹਾਂ ਹਿਰਨ ਦੇ ਸਰੀਰ (ਵਿਚ) ਕਸਤੂਰੀ ਜਾਣੀਦੀ ਹੈ, (ਪਰ ਜਦ ਉਹ) ਮਰ ਜਾਏ ਤਾਂ ਲਈਦੀ ਹੈ। ੪. ਘੜੇ ਪਾੜੇ ਤੋਂ ਬਿਨਾਂ ਤਿਲਾਂ ਵਿਚੋਂ ਤੇਲ ਕਿਸ ਤਰ੍ਹਾਂ ਨਿਕਲਦਾ ਹੈ ? (ਭਾਵ ਨਹੀਂ ਨਿਕਲਦਾ)। ੫. ਜਿਸ ਤਰ੍ਹਾਂ ਮੂੰਹ ਭੰਨਿਆਂ ਹੀ ਨਰੇਲ ਗਰੀ ਪ੍ਰਗਟ ਕਰ ਦੇਂਦਾ ਹੈ। ੬. ਜਿਸ ਤਰ੍ਹਾਂ ਵਾਦਾਨ ਮਾਰ ਕੇ ਲੋਹਾ ਸਾਧੀਦਾ ਹੈ (ਇਸੇ ਤਰ੍ਹਾਂ) ਬੇਮੁਖ ਸਾਧੀਦਾ ਹੈ।

ਭਾਵ : 'ਮੂਰਖਿ ਗੰਢੁ ਪਵੈ ਮੁਹਿਮਾਰ' ਮੂੰਹ ਭਨਾ ਕੇ ਹੀ ਬੇਮੁਖ ਸਿਧ ਹੁੰਦਾ ਹੈ।

ਬੇਮੁਖ ਦਾ ਪੁੱਠਾ ਚਾਲਾ ਹੈ

੧. ਮਹੁਰਾ ਮਿਠਾ ਆਖੀਐ ਰੁਠੀ ਨੋ ਤੁਠੀ।
੨. ਬੁਝਿਆ ਵਡਾ ਵਖਾਣੀਐ ਸਵਾਰੀ ਕੁਠੀ।
੩. ਜਲਿਆ ਠੰਡਾ ਗਈ ਨੋ ਆਈ ਤੇ ਉਠੀ।
੪. ਅਹਮਕੁ ਭੋਲਾ ਆਖੀਐ ਸਭ ਗਲਿ ਅਪੁਠੀ।
੫. ਉਜੜੁ ਤੂਟੀ ਬੇਮੁਖਾਂ ਤਿਸੁ ਆਖਨਿ ਵੁਠੀ।
੬. ਚੋਰੈ ਸੰਦੀ ਮਾਉਂ ਜਿਉਂ ਲੁਕਿ ਰੋਵੈ ਮੁਠੀ॥੧੪॥

ਅਰਥ : ੧. (ਜਿਸ ਤਰ੍ਹਾਂ) ਜ਼ਹਿਰ (ਨੂੰ) ਮਿੱਠਾ (ਤੇਲੀਆ, ਅਤੇ) ਗੁਸੇ ਹੋਈ ਸੀਤਲਾ ਨੂੰ ਮਾਤਾ ਪ੍ਰਸੰਨ (ਹੋਈ ਹੈ) ਆਖੀਦਾ ਹੈ। ੨. (ਜਿਸ ਤਰ੍ਹਾਂ) ਬੁਝੇ (ਹੋਏ ਦੀਵੇ ਨੂੰ) ਵੱਡਾ (ਹੋਇਆ ਤੇ) ਕੋਹੀ (ਹੋਈ ਬੱਕਰੀ ਨੂੰ) ਸਵਾਰੀ (ਹੋਈ) ਕਹੀਦਾ ਹੈ। ੩. (ਜਿਸ ਤਰ੍ਹਾਂ) ਸੜੇ (ਹੋਏ ਮੁਰਦੇ ਨੂੰ) ਠੰਢਾ (ਹੋਇਆ ਤੇ) ਗਈ

(ਅੱਖ ਨੂੰ) ਆਈ (ਹੋਈ) ਅਤੇ (ਕਿਸੇ ਦੇ ਘਰ ਬੈਠੀ ਵਿਧਵਾ ਨੂੰ) ਉੱਠ (ਹੋਈ, ਅਰਥਾਤ ਫਲਾਣੀ ਵਿਧਵਾ ਫਲਾਣੇ ਨਾਲ ਉੱਠ ਗਈ ਹੈ—ਆਖਦੇ ਹਨ)। ੪. ਮੂਰਖ (ਨੂੰ) ਭੋਲਾ ਆਖੀਦਾ ਹੈ, ਜਿਸ ਤਰ੍ਹਾਂ (ਇਹ) ਸਾਰੀਆਂ (ਗੱਲਾਂ) ਪੁੱਠੀਆਂ ਹਨ। ੫. (ਇਸੇ ਤਰ੍ਹਾਂ) ਬੇਮੁਖ (ਦੀ) ਕੁਲੀ ਉਜੜੀ (ਹੋਈ ਹੈ), (ਤਿਸ ਨੂੰ) ਵੱਸਦੀ (ਹੋਈ) ਨਾ ਆਖੋ। ੬. ਜਿਸ ਤਰ੍ਹਾਂ ਚੋਰ ਦੀ ਮਾਂ (ਵਿਚ ਵਿਚ) ਲੁੱਟੀ (ਹੋਈ) ਲੁੱਕ ਕੇ ਰੋਂਦੀ ਹੈ (ਪਰ) ਪਤਾ ਨਹੀਂ ਦੇਂਦੀ ਤੇ ਬਾਹਰੋਂ ਹੱਸਦੀ ਹੈ, ਇਸ ਤਰ੍ਹਾਂ ਬੇਮੁਖਾਂ ਦੀ ਕੁਲੀ ਉਜੜੀ ਹੋਈ ਹੈ, ਪਰ ਬਾਹਰੋਂ ਨਹੀਂ ਭਾਸਦੀ।

ਭਾਵ : ਜਗਤ ਦੀ ਸਾਰੀ ਖੇਡ ਹੀ ਪੁੱਠੀ ਹੈ।

ਬੇਮੁਖ ਦੀ ਸੰਗਤ ਦਾ ਫਲ

੧. ਵੜੀਐ ਕਜਲ ਕੋਠੜੀ ਮੁਹੁ ਕਾਲਖ ਭਰੀਐ।
੨. ਕਲਰਿ ਖੇਤੀ ਬੀਜੀਐ ਕਿਹੁ ਕਾਜੁ ਨ ਸਰੀਐ।
੩. ਟੁਟੀ ਪੀਂਘੈ ਪੀਂਘੀਐ ਪੈ ਟੋਏ ਮਰੀਐ।
੪. ਕੰਨਾ ਫੜਿ ਮਨਤਾਰੂਆਂ ਕਿਉ ਦੁਤਰੁ ਤਰੀਐ।
੫. ਅਗਿ ਲਾਇ ਮੰਦਰਿ ਸਵੈ ਤਿਸੁ ਨਾਲਿ ਨ ਫਰੀਐ।
੬. ਤਿਉਂ ਠਗ ਸੰਗਤਿ ਬੇਮੁਖਾਂ ਜੀਅ ਜੋਖਹੁ ਡਰੀਐ॥੧੫॥

ਅਰਥ : ੧. ਕਾਲਖ ਦੀ ਕੋਠੀ ਵਿਚ ਵੜੀਏ ਤਾਂ ਹੱਥ ਮੂੰਹ ਕਾਲਖ ਨਾਲ ਭਰ ਜਾਂਦਾ ਹੈ। ੨. ਕੱਲਰ ਵਿਚ ਖੇਤੀ ਬੀਜੀਏ ਤਾਂ ਕੁਝ ਕੰਮ ਨਹੀਂ ਸੌਰਦਾ। ੩. ਟੁੱਟੀ ਹੋਈ ਪੀਂਘ ਨੂੰ ਝੂਟੀਏ ਤਾਂ ਟੋਏ ਵਿਚ ਡਿੱਗ ਮਰੀਦਾ ਹੈ। ੪. ਮਨ ਤਾਰੂਆਂ ਦਾ ਮੋਢਾ ਫੜ ਕੇ ਕਿਸ ਤਰ੍ਹਾਂ ਕਠਿਨ ਦਰਿਆਉ ਤੋਂ ਤਰੀਦਾ ਹੈ। ੫. ਜੋ ਅੱਗ ਲਾ ਕੇ ਮੰਦਰ ਅੰਦਰ ਸੌਂਦਾ ਹੈ ਤਿਸ ਦਾ ਸਾਥ ਨਹੀਂ ਫੜਨਾ ਚਾਹੀਦਾ। ੬. ਇਸੇ ਤਰ੍ਹਾਂ ਹੀ ਬੇਮੁਖ ਠੱਗਾਂ ਦੀ ਸੰਗਤ ਹੈ, ਜਿਸ ਦੇ ਕੀਤਿਆਂ ਇਕ ਨਾ ਇਕ ਦਿਨ ਜੀਅ ਜੋਖੋਂ ਦਾ ਡਰ ਹੀ ਬਣਿਆ ਹੋਇਆ।

ਭਾਵ : ਬੇਮੁਖ ਦੀ ਸੰਗਤਿ ਵਿਚ ਹਮੇਸ਼ਾ ਹੀ ਖ਼ਤਰਾ ਹੈ।

ਬੇਮੁਖ ਮਹਾਂ ਪਾਪੀ ਹਨ

੧. ਬਾਮ੍ਹਣ ਗਾਂਈਂ ਵੰਸ ਘਾਤ ਅਪਰਾਧ ਕਰਾਰੇ।
੨. ਮਦੁ ਪੀ ਜੂਏ ਖੇਲਦੇ ਜੋਹਨਿ ਪਰ ਨਾਰੇ।
੩. ਮੁਹਨਿ ਪਰਾਈ ਲਖਿਮੀ ਠਗ ਚੋਰ ਚਗਾਰੇ।
੪. ਵਿਸਾਸੁ ਧ੍ਰੋਹੀ ਅਕਿਰਤਘਣ ਪਾਪੀ ਹਤਿਆਰੇ।

੫. ਲਖ ਕਰੋੜੀ ਜੋੜੀਅਨਿ ਅਣਗਿਣਤ ਅਪਾਰੇ।
੬. ਇਕਤੁ ਲੂਇ ਨ ਪੁਜਨੀ ਬੇਮੁਖ ਗੁਰਦੁਆਰੇ ॥੧੬॥

ਅਰਥ : ੧. ਬ੍ਰਾਹਮਣ, ਗਊ ਤੇ ਵੰਸ ਦਾ ਮਾਰਨਾ ਵੱਡੇ ਪਾਪ ਹਨ। ੨. ਸ਼ਰਾਬ ਪੀਣੀ, ਜੂਆ ਖੇਡਣਾ, ਪਰਾਈਆਂ ਇਸਤ੍ਰੀਆਂ ਨੂੰ ਬੁਰੀ ਨਜ਼ਰ ਨਾਲ ਦੇਖਣਾ। ੩. ਅਤੇ ਜੋ ਚੋਰ ਚਕਾਰ ਤੇ ਠੱਗ ਮਾਇਆ ਨੂੰ ਠੱਗਦੇ ਹਨ। ੪. ਵਿਸਾਹ ਦੇ ਕੇ ਮਾਰਨ ਵਾਲੇ, ਕੀਤੇ ਨੂੰ ਨਾ ਜਾਣਨ ਵਾਲੇ ਅਤੇ ਜੋ ਹਤਿਆਰੇ ਪਾਪੀ ਹਨ। ੫. ਇਹ ਸਾਰੇ ਲੱਖਾਂ ਕ੍ਰੋੜਾਂ ਤੋਂ ਭੀ ਅਣਗਿਣਤ ਅਪਾਰ ਜੋੜ ਲਏ ਜਾਣ। ੬. ਇਹ ਸਾਰੇ ਉਸਦੇ ਇਕ ਲੂੰ ਦੇ ਬਾਰਬਰ ਭੀ ਨਹੀਂ ਪੁੱਜਦੇ (ਹਨ, ਜੋ) ਗੁਰੂ ਦਵਾਰੇ (ਤੋਂ) ਬੇਮੁਖ ਹੈ।

ਭਾਵ : ਉਪਰ ਲਿਖੇ ਸਾਰੇ ਪਾਪ ਗੁਰੂ ਦੀ ਸ਼ਰਨ ਆਇਆਂ ਬਖ਼ਸ਼ੇ ਜਾਂਦੇ ਹਨ ਪਰ ਗੁਰੂ ਤੋਂ ਬੇਮੁਖ ਹੋਣ ਦਾ ਪਾਪ ਕਿਸੇ ਤੀਰਥ 'ਤੇ ਗਿਆਂ ਨਹੀਂ ਉਤਰਦਾ, ਇਸ ਲਈ ਇਹ ਮਹਾਂ ਪਾਪ ਹੈ, ਇਸ ਗੱਲ ਦਾ ਅੱਗੇ ਵਰਣਨ ਕਰਦੇ ਹਨ :

ਬੇਮੁਖਤਾਈ ਦੀ ਹੱਤਿਆ ਤੀਰਥ ਨਹੀਂ ਲਾਹੁੰਦੇ

੧. ਗੰਗ ਜਮੁਨ ਗੋਦਾਵਰੀ ਕੁਲਖੇਤ ਸਿਧਾਰੇ।
੨. ਮਥੁਰਾ ਮਾਇਆ ਅਯੁਧਿਆ ਕਾਸੀ ਕੇਦਾਰੇ।
੩. ਗਇਆ ਪਿਰਾਗ ਸਰਸੁਤੀ ਗੋਮਤੀ ਦੁਆਰੇ।
੪. ਜਪੁ ਤਪੁ ਸੰਜਮੁ ਹੋਮ ਜਗਿ ਸਭ ਦੇਵ ਜੁਹਾਰੇ।
੫. ਅਖੀ ਪਰਣੈ ਜੇ ਭਵੈ ਤਿਹੁ ਲੋਅ ਮਝਾਰੇ।
੬. ਮੂਲਿ ਨ ਉਤਰੈ ਹਤਿਆ ਬੇਮੁਖ ਗੁਰਦੁਆਰੇ ॥੧੭॥

ਅਰਥ : ੧. ਗੰਗਾ, ਜਮੁਨਾ, ਗੋਦਾਵਰੀ ਤੇ ਕੁਲਖੇਤਰ ਉੱਤੇ ਭੀ ਜਾਵੇ। ੨. ਮਥੁਰਾ, ਮਾਇਆ, ਅਜੁਧਿਆ, ਕਾਂਸ਼ੀ, ਕੇਦਾਰ ਨਾਥ ਭੀ ਪਰਸੇ। ੩. ਗਇਆ, ਪ੍ਰਯਾਗ, ਸੁਰਸਵਤੀ, ਗੋਮਤੀ (ਵਿਚ ਇਸ਼ਨਾਨ ਕਰੇ ਅਤੇ) ਦੁਆਰਕਾ ਜਾਵੇ। ੪. ਜਪ, ਤਪ, ਸੰਜਮ, ਹੋਮ, ਜਗ (ਕਰੇ ਅਤੇ) ਸਾਰੇ ਦੇਵਤਿਆਂ ਨੂੰ ਭੀ ਪੂਜੇ। ੫. ਜੇਕਰ ਤਿੰਨਾਂ ਲੋਗਾਂ ਵਿਚ ਅੱਖਾਂ ਦੇ ਭਾਰ ਹੋ ਕੇ ਭੀ ਭਵੇਂ। ੬. ਤਦ ਭੀ (ਉਸਦੀ) ਹੱਤਿਆ ਕਦੇ ਨਹੀਂ ਉਤਰਦੀ (ਜੋ) ਗੁਰੂ ਦਵਾਰੇ ਤੋਂ ਬੇਮੁਖ ਹੈ।

ਭਾਵ : ਗੁਰੂ ਤੋਂ ਬੇਮੁਖ ਮਹਾਂ ਪਾਪੀ ਦਾ ਪਾਪ ਕਿਸੇ ਭੀ ਪ੍ਰਾਸਚਿਤ ਦੇ ਕਰਨ ਨਾਲ ਦੂਰ ਨਹੀਂ ਹੋ ਸਕਦਾ।

ਗੁਰੂ ਬਿਨਾ ਆਲ ਜੰਜਾਲ

੧. ਕੋੜੀ ਸਾਦੀਂ ਕੇਤੜੇ ਜੰਗਲ ਭੂਪਾਲਾ।
੨. ਥਲੀਂ ਵਰੋਲੇ ਕੇਤੜੇ ਪਰਬਤ ਬੇਤਾਲਾ।
੩. ਨਦੀਆ ਨਾਲੇ ਕੇਤੜੇ ਸਰਵਾ ਅਸਰਾਲਾ।
੪. ਅੰਬਰਿ ਤਾਰੇ ਕੇਤੜੇ ਬਿਸੀਅਰੁ ਪਾਤਾਲਾ।
੫. ਭੰਭਲਭੂਸੇ ਭੁਲਿਆ ਭਵਜਲ ਭਰਨਾਲਾ।
੬. ਇਕਸੁ ਸਤਿਗੁਰ ਬਾਹਰੇ ਸਭਿ ਆਲ ਜੰਜਾਲਾ॥੧੮॥

ਅਰਥ : ੧. ਕ੍ਰੋੜਾਂ (ਹੀ) ਸਵਾਦਾਂ (ਵਿਚ ਲੱਗੇ ਹੋਏ ਹਨ ਅਤੇ) ਕਿੰਨੇ ਹੀ ਜੰਗਲਾਂ ਦੇ ਰਾਜੇ (ਅਰਥਾਤ ਬਨਵਾਸੀ) ਹਨ। ੨. ਕਿੰਨੇ (ਹੀ) ਵਰੋਲਿਆਂ (ਵਾਂਗ ਮਾਰੂ) ਥਲਾਂ (ਵਿਚ ਭੌਂਦੇ ਹਨ ਅਤੇ ਕਈ) ਭੂਤਨਿਆਂ (ਵਾਂਗੂੰ) ਪਹਾੜਾਂ ਦੀਆਂ ਕੰਦਰਾਂ ਵਿਚ (ਵੱਸਦੇ ਹਨ)। ੩. ਕਈ ਨਦੀਆਂ ਨਾਲੇ (ਤੇ) ਤਲਾਵਾਂ (ਵਿਚ) ਮਗਰ ਮੱਛਾਂ ਵਾਂਗੂੰ (ਵੱਸਦੇ ਹਨ)। ੪. ਕਿੰਨੇ ਹੀ ਆਕਾਸ਼ ਦੇ ਤਾਰਿਆਂ (ਵਾਂਗੂੰ ਪੁੱਠੇ ਲਮਕਦੇ ਅਤੇ) ਸੱਪਾਂ (ਵਾਂਗੂੰ) ਪਾਤਾਲ (ਭਾਵ ਜ਼ਮੀਨ ਦੇ ਥੱਲੇ ਸੁਰੰਗਾਂ ਕੱਢ ਕੇ ਵਿਚ ਵੱਸਦੇ ਹਨ)। ੫. ਇਨ੍ਹਾਂ ਭੰਭਲਭੂਸਿਆਂ ਵਿਚ ਭੁੱਲਿਆਂ (ਹੋਇਆਂ ਦਾ ਹੀ) ਸੰਸਾਰ (ਵਿਚ) ਪ੍ਰਵਾਹ ਚੱਲਦਾ ਹੈ, ਭਾਵ ਇਹ ਮੁੜ ਮੁੜ ਜੰਮਦੇ ਹਨ। ੬. ਕਿਉਂਕਿ ਇਕ ਸਤਿਗੁਰੂ ਤੋਂ ਬਿਨਾਂ ਸਾਰੇ ਵੱਡੇ ਜੰਜਾਲਾਂ ਵਿਚ ਫਸੇ ਹੋਏ ਹਨ।

ਭਾਵ : 'ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ॥ ਨਿਰਬਾਣ ਕੀਰਤਨ ਗਾਵਹੁ ਕਰਤੇ ਕਾ ਇਕ ਨਿਮਖ ਸਿਮਰਤਿ ਜਿਤੁ ਛੂਟੈ॥' ਇਹੋ ਭਾਵ ਹੈ।

ਬੇਮੁਖ ਕੌਣ ਹਨ

੧. ਬਹੁਤੀਂ ਘਰੀਂ ਪਰਾਹੁਣਾ ਜਿਉ ਰਹਦਾ ਭੁਖਾ।
੨. ਸਾਂਝਾ ਬਬੁ ਨ ਰੋਈਐ ਚਿਤਿ ਚਿੰਤ ਨ ਚੁਖਾ।
੩. ਬਹਲੀ ਡੂਮੀ ਢਢਿ ਜਿਉ ਓਹੁ ਕਿਸੈ ਨ ਧੁਖਾ।
੪. ਵਣਿ ਵਣਿ ਕਾਉਂ ਨ ਸੋਹਈ ਕਿਉਂ ਮਾਣੈ ਸੁਖਾ।
੫. ਜਿਉ ਬਹੁ ਮਿਤੀ ਵੇਸੁਆ ਤਨਿ ਵੇਦਨਿ ਦੁਖਾ।
੬. ਵਿਣੁ ਗੁਰ ਪੂਜਨਿ ਹੋਰਨਾ ਬਰਨੇ ਬੇਮੁਖਾ॥੧੯॥

ਅਰਥ : ੧. ਜਿਸ ਤਰ੍ਹਾਂ ਬਹੁਤੇ ਘਰਾਂ ਦਾ ਪ੍ਰਾਹੁਣਾ ਭੁਖਾ ਰਹਿੰਦਾ ਹੈ

(ਜਿਸ ਤਰ੍ਹਾਂ) ਸਾਂਝੀ ਚੀਜ਼ ਨੂੰ ਨਹੀਂ ਰੋਈਦਾ। ੨. (ਕਿਉਂਕਿ ਕਿਸੇ ਦੇ) ਚਿੱਤ (ਵਿਚ ਉਸਦੀ) ਜ਼ਰਾ ਜਿੰਨੀ ਭੀ ਚਿੰਤਾ ਨਹੀਂ (ਹੁੰਦੀ)। ੩. ਜਿਸ ਤਰ੍ਹਾਂ ਬਹੁਤੇ ਭੂੰਮਾਂ (ਦੀ) ਢੱਡ ਨਹੀਂ ਵੱਜਦੀ, ਕਿਉਂਕਿ ਉਸਦੇ (ਟੁਟਨੀ ਭੱਜਣ ਦੀ) ਕਿਸੇ ਨੂੰ ਚਿੰਤਾ ਨਹੀਂ ਹੁੰਦੀ। ੪. ਜਦ ਬੂਟੇ ਬੂਟੇ 'ਤੇ ਭਟਕਦਾ ਹੋਇਆ ਕਾਂ ਸ਼ੋਭਦਾ (ਹੀ ਨਹੀਂ ਤਾਂ) ਉਹ ਸੁਖ ਕਿਸ ਤਰ੍ਹਾਂ ਭੋਗ ਸਕਦਾ ਹੈ ? (ਭਾਵ ਕਿਸੇ ਤਰ੍ਹਾਂ ਸੁਖ ਨਹੀਂ ਭੋਗਦਾ)। ੫. ਜਿਸ ਤਰ੍ਹਾਂ ਬਹੁਤੇ ਮਿੱਤਰਾਂ ਵਾਲੀ ਵੇਸਵਾ ਦੇ ਸਰੀਰ ਨੂੰ ਦੁੱਖ ਪੀੜ (ਹੀ ਬਣੀ ਰਹਿੰਦੀ ਹੈ), ਉਸ ਦਾ ਕੋਈ ਇਲਾਜ ਨਹੀਂ ਕਰਦਾ। ੬. (ਇਸੇ ਤਰ੍ਹਾਂ ਜੋ) ਗੁਰੂ ਤੋਂ ਬਿਨਾਂ ਹੋਰਨਾਂ (ਨੂੰ) ਪੂਜਦੇ (ਹਨ, ਉਹ) ਬੇਮੁਖ (ਹੋ ਜਾਂਦੇ ਹਨ)।

ਭਾਵ : ਗੁਰੂ ਤੋਂ ਹੀਣਾ ਦੇਵੀ ਦੇਵਤਿਆਂ ਦੀ ਪੂਜਾ ਕਰਨ ਵਾਲਾ ਬੇਮੁਖ ਸਦਾ ਹੀ ਦੁਖੀ ਰਹਿੰਦਾ ਹੈ ਅਤੇ ਉਸਦੀ ਆਸ ਕਿਤੋਂ ਭੀ ਪੂਰੀ ਨਹੀਂ ਹੋ ਸਕਦੀ।

ਨਾਨਕ ਤੇ ਨਰ ਅਸਲ ਖਰ ਜਿ ਬਿਨੁ ਗੁਣ ਗਰਬ ਕਰੰਤਿ

੧. ਵਾਇ ਸੁਣਾਏ ਛਾਣਨੀ ਤਸੁ ਉਠ ਉਠਾਲੇ।
੨. ਤਾੜੀ ਮਾਰਿ ਡਰਾਇਦਾ ਮੈਂਗਲ ਮਤਵਾਲੇ।
੩. ਬਾਸਕਿ ਨਾਗੈ ਸਾਮ੍ਹਣਾ ਜਿਉਂ ਦੀਵਾ ਬਾਲੇ।
੪. ਸੀਹੁੰ ਸਰਜੈ ਸਹਾ ਜਿਉਂ ਅਖੀਂ ਵੇਖਾਲੇ।
੫. ਸਾਇਰੁ ਲਹਰਿ ਨ ਪੁਜਨੀ ਪਾਣੀ ਪਰਨਾਲੇ।
੬. ਅਣਹੋਂਦਾ ਆਪੁ ਗਣਾਇਦੇ ਬੇਮੁਖ ਬੇਤਾਲੇ।੨੦।

ਅਰਥ : ੧. ਛਾਨਣੀ ਵੱਜ ਕੇ ਊਠ ਨੂੰ ਆਪਣਾ ਆਪ ਸੁਣਾਉਂਦੀ ਹੈ ਅਤੇ ਤਿਸ ਨੂੰ ਉਠਾਉਂਦੀ ਹੈ (ਭਲਾ ਉਹ ਕਦ ਉਸਦੀ ਆਵਾਜ਼ ਸੁਣ ਕੇ ਉੱਠਦਾ ਹੈ)। ੨. ਮਸਤ ਹਾਥੀ ਨੂੰ ਤਾੜੀ ਮਾਰ ਕੇ ਡਰਾਉਂਦੇ ਹਨ ਭਲਾ ਉਹ ਕਦ ਡਰਦਾ ਹੈ। ੩. ਬਾਸਕ ਨਾਗ ਦੇ ਸਾਹਮਣੇ ਦੀਵਾ ਬਾਲ ਕੇ ਰੱਖਦੇ ਹਨ, ਜਿਸ ਕਰਕੇ ਉਹ ਚਲਾ ਜਾਏ (ਭਲਾ ਉਹ ਕਦ ਜਾਂਦਾ ਹੈ ?) ੪. ਸਹਿਆ ਸ਼ੇਰ ਨੂੰ ਅੱਖਾਂ ਕੱਢ ਕੇ ਵੇਖਦਾ ਤੇ ਡਾਂਟਦਾ ਹੈ ਜਿਸ ਕਰਕੇ (ਸ਼ੇਰ ਦੱਬ ਜਾਵੇ, ਪਰ ਉਹ ਕਦ ਉਸਤੋਂ ਡਰਦਾ ਹੈ)। ੫. ਪਰਨਾਲਿਆਂ ਦਾ ਪਾਣੀ ਸਮੁੰਦਰ ਦੀ ਲਹਿਰ ਦੇ ਬਰਾਬਰ ਕਦੇ ਨਹੀਂ ਪੁੱਜਦਾ। ੬. ਇਸੇ ਤਰ੍ਹਾਂ ਜੋ ਅਣਹੁੰਦੇ ਹੀ ਆਪਣਾ ਆਪ ਗਿਣਾਉਂਦੇ ਹਨ, ਉਹ ਬੇਮੁਖ ਭੂਤਨੇ ਹਨ।

ਭਾਵ : ਬੇਮੁਖ ਗੁਰ ਸ਼ਬਦ ਤੋਂ ਹੀਣਾ ਹੋ ਕੇ ਜਮਾਂ ਤੋਂ ਬਚਨ ਵਾਸਤੇ ਜੋ ਕੰਮ ਕਰਦਾ ਹੈ, ਉਹ ਉਪਰਲੇ ਦ੍ਰਿਸ਼ਟਾਤ ਵਾਂਗੂੰ ਹੈ ਜੋ ਕਦੇ ਭੀ ਸਫਲ ਨਹੀਂ ਹੋ ਸਕਦਾ।

ਝੂਠ ਸੱਚ ਨਹੀਂ ਹੁੰਦਾ—ਬੇਮੁਖ

੧. ਨਾਰਿ ਭਤਾਰਹੁ ਬਾਹਰੀ ਸੁਖਿ ਸੇਜ ਨ ਚੜੀਐ।
੨. ਪੁਤ੍ਰ ਨ ਮੰਨੈ ਮਾਪਿਆਂ ਕਮਜਾਤੀਂ ਵੜੀਐ।
੩. ਵਣਜਾਰਾ ਸਾਹਹੁ ਫਿਰੈ ਵੇਸਾਹੁ ਨ ਜੜੀਐ।
੪. ਸਾਹਿਬੁ ਸਉਹੈਂ ਆਪਣੇ ਹਥਿਆਰੁ ਨ ਫੜੀਐ।
੫. ਕੂੜੁ ਨ ਪਹੁੰਚੈ ਸਚ ਨੋ ਸਉ ਘਾੜਤ ਘੜੀਐ।
੬. ਮੁੰਦ੍ਰਾਂ ਕੰਨਿ ਜਿਨਾੜੀਆਂ ਤਿਨ ਨਾਲਿ ਨ ਅੜੀਐ॥੨੧॥੩੪॥

ਅਰਥ : ੧. ਜੋ ਇਸਤ੍ਰੀ ਪਤੀ ਤੋਂ ਬਿਨਾਂ ਹੈ ਉਹ ਸੁਖ ਦੀ ਸੇਜਾ ਉੱਤੇ ਨਹੀਂ ਚੜ੍ਹਦੀ। ੨. (ਜੋ) ਪੁੱਤਰ (ਮਾਪਿਆਂ ਦਾ ਕਿਹਾ) ਨਹੀਂ ਮੰਨਦਾ ਹੈ (ਉਹ) ਕਮਜ਼ਾਤ ਗਿਣੀਦਾ ਹੈ। ੩. ਜੋ ਵਣਜਾਰਾ ਸ਼ਾਹ ਤੋਂ ਫਿਰ ਜਾਂਦਾ ਹੈ (ਉਸਦਾ) ਭਰੋਸਾ ਨਹੀਂ ਕਰਦਾ ਹੈ। ੪. ਆਪਣੇ ਮਾਲਕ ਦੇ ਸਾਹਮਣੇ ਹਥਿਆਰ ਨਹੀਂ ਫੜਨਾ (ਚਾਹੀਦਾ)। ੫. (ਜੇਕਰ) ਸੌ ਬਣਾਉਟਾਂ ਭੀ ਬਣਾਈਏ (ਤਦ ਭੀ) ਝੂਠ ਸੱਚ ਨੂੰ ਨਹੀਂ ਪਹੁੰਚ (ਸਕਦਾ)। ੬. ਜਿਨ੍ਹਾਂ ਦਿਆਂ ਕੰਨਾਂ ਵਿਚ ਮੁੰਦਰਾਂ ਹਨ ਉਨ੍ਹਾਂ ਨਾਲ ਅੜਨਾ ਨਹੀਂ ਚਾਹੀਦਾ।

ਭਾਵ : ਬੇਮੁਖ ਦੇ ਵਰਣਨ ਵਾਲੀ ਵਾਰ ਦੀ ਸਮਾਪਤੀ ਕਰਦੇ ਹੋਏ ਦੱਸਦੇ ਹਨ ਕਿ ਛੁੱਟੜ ਤੀਵੀਂ, ਕਮਜ਼ਾਤ ਪੁੱਤਰ, ਬੇਈਮਾਨ ਗੁਮਾਸ਼ਤਾ ਤੇ ਮਾਲਿਕ ਘਾਤੀ ਦੇ ਬਾਰਬਰ ਹੀ ਬੇਮੁਖ ਭੈੜਾ ਹੈ ਅਤੇ ਬੇਮੁਖ ਆਪਣੇ ਝੂਠ ਨੂੰ ਨਾ ਪ੍ਰਗਟ ਹੋਣ ਦੇਣ ਲਈ ਅਨੇਕਾ ਹੀ ਪਾਜ ਜੋੜਦਾ ਹੈ, "ਕੂੜ ਨਿਖੁਟੇ ਨਾਨਕਾ ਓੜਕ ਸਚੁ ਰਹੀ॥" ਹੋ ਜਾਂਦਾ ਹੈ ਅਤੇ ਉਸਦੀ ਸਾਰੀ ਕਲਈ ਖੁੱਲ੍ਹ ਜਾਂਦੀ ਹੈ, ਅੰਤ ਦੀ ਤੁਕ ਬੇਮੁਖ ਨਾਲ ਨਾ ਵਰਤਣ ਦਾ ਉਪਦੇਸ਼ ਕਰਦੀ ਹੈ ਕਿ ਜਿਸ ਤਰ੍ਹਾਂ ਕੰਨ ਪਾਟੇ ਜੋਗੀ ਅੜੀ ਦੇ ਪੱਕੇ ਹਨ ਤੇ ਇਨ੍ਹਾਂ ਦੀ ਅੜੀ ਨਾਲ ਕੋਈ ਬਾਰਬਰ ਨਹੀਂ ਪੁੱਜਦਾ, ਇਸ ਤਰ੍ਹਾਂ ਬੇਮੁਖ ਆਪਣੀ ਧੁਨੀ ਦੇ ਪੱਕੇ ਹਨ, ਇਨ੍ਹਾਂ ਨਾਲ ਅੜਨਾ ਨਹੀਂ ਚਾਹੀਦਾ ਕਿਉਂਕਿ ਇਨ੍ਹਾਂ ਦੀ ਅੜੀ ਟੁੱਟਣੀ ਔਖੀ ਹੈ ਤਾਂ ਤੇ ਇਨ੍ਹਾਂ ਦਾ ਤਿਆਗ ਹੀ ਚੰਗਾ ਹੈ। "ਕਬੀਰ ਸਾਕਤ ਸੰਗ ਨਾ ਕੀਜੀਐ ਦੂਰਹ ਜਾਈਐ ਭਾਗਿ॥ ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ॥"

ਬੇਮੁਖ ਨਿਗੁਰੇ ਨਾਲੋਂ ਵੀ ਮਾੜਾ ਹੈ

ਨਿਗੁਰੇ ਮਨੁੱਖ ਇਸ ਧਰਤੀ ਉੱਤੇ ਇਕ ਭਾਰੀ ਬੋਝ ਹਨ। ਨਿਗੁਰੇ ਮਨੁੱਖ ਦੇ ਦਰਸ਼ਨ ਕਰਨ ਨਾਲ ਵੀ ਪਾਪ ਲੱਗਦਾ ਹੈ। ਗੁਰਬਾਣੀ ਵਿਚ ਵੀ ਲਿਖਿਆ ਹੈ :

ਸਤਿਗੁਰ ਬਾਝਹੁ ਗੁਰੁ ਨਹੀ ਕੋਈ ਨਿਗੁਰੇ ਕਾ ਹੈ ਨਾਉ ਬੁਰਾ॥

(ਪੰਨਾ ੪੩੫)

ਭਾਈ ਜੀ ਅਨੁਸਾਰ ਬੇਮੁਖ ਨਿਗੁਰੇ ਨਾਲੋਂ ਵੀ ਭੈੜਾ ਹੈ :

ਨਿਗੁਰੇ ਲਖ ਨ ਤੁਲ ਤਿਸੁ ਨਿਗੁਰੇ ਸਤਿਗੁਰ ਸਰਣਿ ਨ ਆਏ।
ਜੋ ਗੁਰੁ ਗੋਪੈ ਆਪਣਾ ਤਿਸੁ ਡਿਠੇ ਨਿਗੁਰੇ ਸ਼ਰਮਾਏ।
ਸੀਂਹ ਸਉਹਾਂ ਜਾਵਣਾ ਭਲਾ ਨਾ ਤਿਸੁ ਬੇਮੁਖ ਸਉਹਾਂ ਜਾਏ।
ਸਤਿਗੁਰੂ ਤੇ ਜੋ ਮੁਹੁ ਫਿਰੈ ਤਿਸੁ ਮੁਹਿ ਲਗਣ ਵਡੀ ਬਲਾਏ।
ਜੇ ਤਿਸੁ ਮਾਰੈ ਧਰਮ ਹੈ ਮਾਰਿ ਨ ਹੰਘੈ ਆਪ ਹਟਾਏ।
ਸੁਆਮਿ ਧ੍ਰੋਹੀ ਅਕਿਰਤਘਣ ਬਾਮਣ ਗਊ ਵਿਸਾਹਿ ਮਰਾਏ।
ਬੇਮੁਖ ਲੂੰਅ ਤੁਲਿ ਤੁਲਾਏ॥੨੫॥

ਭਾਵ ਕਿ ਜੋ ਸਿਖ ਗੁਰੂ ਤੋਂ ਬੇਮੁਖ ਹੁੰਦਾ ਹੈ, ਉਸ ਨੂੰ ਵੇਖ ਕੇ ਨਿਗੁਰੇ ਵੀ ਸ਼ਰਮਾਉਂਦੇ ਹਨ। ਸ਼ੇਰ ਦੇ ਸਾਹਮਣੇ ਜਾਣਾ ਤਾਂ ਠੀਕ ਹੈ ਪਰੰਤੂ ਬੇਮੁਖ ਦੇ ਸਾਹਮਣੇ ਨਹੀਂ ਜਾਣਾ ਚਾਹੀਦਾ। ਜੋ ਸਤਿਗੁਰੂ ਤੋਂ ਮੂੰਹ ਫੇਰ ਲੈਂਦਾ ਹੈ, ਉਸ ਦੇ ਮੂੰਹ ਲੱਗਣ ਕਰਕੇ ਵੱਡੇ ਵੱਡੇ ਉਪਦ੍ਰਵ ਹੁੰਦੇ ਹਨ। ਬੇਮੁਖ ਨੂੰ ਬੇਮੁਖੀ ਤੋਂ ਹਟਾਉਣਾ ਧਰਮ ਹੈ ਪਰ ਜੇ ਕਰ ਨਾ ਹਟਾ ਸਕੋ ਤਾਂ ਉਸ ਕੋਲੋਂ ਆਪ ਕਿਨਾਰਾ ਕਰ ਲਵੋ। ਆਪਣਾ ਮਾਲਕ ਨਾਲ ਧੋਖਾ ਕਰਨ ਵਾਲਾ, ਅਕ੍ਰਿਤਘਣ, ਬਾਹਮਣ, ਗਊ, ਅਤੇ ਧੋਖੇ ਨਾਲ ਮਾਰਨ ਵਾਲੇ ਲੱਖਾਂ ਹੀ ਇਕੱਠੇ ਕਰ ਲਈਏ ਤਾਂ ਬੇਮੁਖ ਦੇ ਇਕ ਲੂੰਅ ਦੇ ਬਰਾਬਰ ਨਹੀਂ ਪੁੱਜਦੇ ਹਨ।

ਬੇਮੁਖ ਨੂੰ ਮੀਣੇ ਦੀ ਸੰਗਯਾ

ਮੀਣੇ ਦਾ ਅਰਥ ਮੀਸਣਾ ਹੁੰਦਾ ਹੈ। ਇਹ ਬਹੁਤ ਤਿਰਸਕਾਰ ਭਰਿਆ ਸ਼ਬਦ ਹੈ। ਭਾਈ ਜੀ ਨੇ ਗੁਰੂ ਤੋਂ ਬੇਮੁਖ ਸਿੱਖਾਂ ਬਾਰੇ ਇਹ ਸ਼ਬਦ ਵਰਤਿਆ ਹੈ ਅਤੇ ਲਗਭਗ ਇਕ ਪੂਰੀ ਵਾਰ ਹੀ ਮੀਣਿਆਂ ਪ੍ਰਤੀ ਉਚਾਰਣ ਕੀਤੀ ਹੈ।

ਤੀਰਥ ਮੰਝਿ ਨਿਵਾਸੁ ਹੈ ਬਗੁਲਾ ਅਪਤੀਣਾ।
ਲਵੈ ਬਬੀਹਾ ਵਰਸਦੈ ਜਲ ਜਾਇ ਨ ਪੀਣਾ।
ਵਾਂਸੁ ਸੁਗੰਧਿ ਨ ਹੋਵਈ ਪਰਮਲ ਸੰਗਿ ਲੀਣਾ।
ਘੁਘੂ ਸੁਝੁ ਨ ਸੁਝਈ ਕਰਮਾ ਦਾ ਹੀਣਾ।
ਨਾਭਿ ਕਥੂਰੀ ਮਿਰਗ ਦੇ ਵਤੈ ਓਡੀਣਾ।
ਸਤਿਗੁਰ ਸਚਾ ਪਾਤਿਸਾਹੁ ਮੁਹੁ ਕਾਲੈ ਮੀਣਾ॥੧॥

ਭਾਵ ਕਿ ਬਗਲਾ ਤੀਰਥ ਵਿਚ ਵਸਦਾ ਹੈ ਪਰ ਤੀਰਥ ਉਤੇ ਉਸਦੀ ਪ੍ਰਤੀਤ ਨਹੀਂ ਹੁੰਦੀ ਹੈ। ਵੱਸਦੇ ਮੀਂਹ ਵਿਚ ਪਪੀਹਾ ਬੋਲਦਾ ਹੈ, ਪ੍ਰੰਤੂ ਪਾਣੀ ਪੀਣਾ ਉਹ ਨਹੀਂ ਜਾਣਦਾ। ਕਈ ਬੂਟੇ ਚੰਦਨ ਨਾਲ ਲੱਗੇ ਵੀ ਖ਼ੁਸ਼ਬੂਦਾਰ ਨਹੀਂ ਹੁੰਦੇ। ਕਰਮਾ ਹੀਣੇ ਉੱਲੂ ਨੂੰ ਸੂਰਜ ਨਹੀਂ ਸੁਝਦਾ। ਹਰਨ ਦੀ ਧੁੰਨੀ ਵਿਚ ਕਸਤੂਰੀ ਹੈ, ਪਰ ਉਹ ਉਦਾਸ ਹੋ ਕੇ ਝਾੜੀਆਂ ਵਿਚ ਘੁੰਮਦਾ ਹੈ। ਇਸ ਪ੍ਰਕਾਰ ਸਤਿਗੁਰੂ ਤੋਂ ਬੇਮੁਖ ਜੇ ਸਤਿਗੁਰੂ ਦੀ ਬਰਾਬਰੀ ਕਰੇ ਤਾਂ ਉਸਦਾ ਮੂੰਹ ਕਾਲਾ ਹੁੰਦਾ ਹੈ।

ਮੀਣੇ ਦਾ ਰਾਜ ਝੂਠਾ ਹੈ

ਨੀਲਾਰੀ ਦੇ ਮਟ ਵਿਚਿ ਪੈ ਗਿਦੜੁ ਰਤਾ।
ਜੰਗਲ ਅੰਦਰਿ ਜਾਇ ਕੈ ਪਾਖੰਡ ਕਮਤਾ।
ਦਰਿ ਮੇਵੈ ਮਿਰਗਾਵਲੀ ਹੋਇ ਬਹੈ ਅਵਤਾ।
ਕਰੈ ਹਕੂਮਤਿ ਅਗਲੀ ਕੂੜੈ ਮਦਿ ਮਤਾ।
ਬੰਲਣਿ ਪਾਜ ਉਘਾੜਿਆ ਜਿਉ ਮੂਲੀ ਪਤਾ।
ਤਿਉ ਦਲਗਹਿ ਮੀਣਾ ਮਾਰੀਐ ਕਰਿ ਕੂੜੁ ਕੁਪਤਾ॥੨॥

ਭਾਵ ਕਿ ਗ਼ਲਤੀ ਨਾਲ ਗਿਦੜ ਲਿਲਾਰੀ ਦੇ ਨੀਲੇ ਮਟ ਵਿਚ ਪੈ ਕੇ ਰੰਗਿਆ ਗਿਆ। ਉਸਨੇ ਜੰਗਲ ਵਿਚ ਜਾ ਕੇ ਸਾਰੇ ਜਾਨਵਰਾਂ ਨੂੰ ਮੂਰਖ ਬਣਾਇਆ ਅਤੇ ਬਹੁਤ ਪਾਖੰਡ ਕੀਤਾ। ਇਕ ਵਾਰ ਗਿੱਦੜਾਂ ਦੀ ਆਵਾਜ਼ ਸੁਣ ਕੇ ਉਹ ਵੀ ਬੋਲਣ ਲਗ ਪਿਆ ਤੇ ਆਪਣੇ ਅਸਲੀ ਰੂਪ ਵਿਚ ਆ ਗਿਆ। ਅਰਥਾਤ ਬੇਮੁਖ ਦੀ ਪਹਿਚਾਣ ਉਸਦੀ ਬੋਲ-ਚਾਲ ਅਤੇ ਕਾਰਨਾਮਿਆਂ ਤੋਂ ਹੀ ਹੋ ਜਾਂਦੀ ਹੈ। ਇਸ ਤਰ੍ਹਾਂ ਦਰਗਾਹ ਵਿਚ ਪਹਿਚਾਣ ਹੋਣ 'ਤੇ ਮੀਣੇ ਨੂੰ ਕੁਪੱਤਾ ਕਰਕੇ ਮਾਰਿਆ ਜਾਂਦਾ ਹੈ।

ਮੀਣਿਆਂ ਦੀ ਸੰਗਤ ਵਾਲਾ ਨਿਰਾਸ ਹੁੰਦਾ ਹੈ

੧. ਹਰਿ ਚੰਦਉਰੀ ਦੇਖਿ ਕੈ ਕਰਦੇ ਭਰਵਾਸਾ।
੨. ਥਲ ਵਿਚ ਤਪਨਿ ਭਠੀਆ ਕਿਉ ਲਹੈ ਪਿਆਸਾ।
੩. ਸੁਹਣੇ ਰਾਜੁ ਕਮਾਣੀਐ ਕਰਿ ਭੋਗ ਬਿਲਾਸਾ।
੪. ਛਾਇਆ ਬਿਰਖੁ ਨ ਰਹੈ ਥਿਰੁ ਪੁਜੈ ਕਿਉ ਆਸਾ।
੫. ਬਾਜੀਗਰ ਦੀ ਖੇਡ ਜਿਉ ਸਭੁ ਕੂੜੁ ਤਮਾਸਾ।
੬. ਰਲੈ ਜੁ ਸੰਗਤਿ ਮੀਣਿਆ ਉਠਿ ਚਲੈ ਨਿਰਾਸਾ॥੭॥

ਅਰਥ : ੧. (ਜੋ) ਹਰੀ ਚੰਦ ਦੀ[1] ਨਗਰੀ ਵੇਖ ਕੇ ਭਰੋਸਾ ਕਰਦੇ (ਹਨ), ਉਹ ਨਿਰਾਸ ਹੁੰਦੇ ਹਨ। ੨. (ਜਿਸ ਮਾਰੂ) ਥਲ ਵਿਚ ਭੱਠੀਆਂ ਤਪਦੀਆਂ ਹਨ—ਉਥੋਂ ਦੇ ਭ੍ਰਾਂਤਿਕ ਜਲ ਨਾਲ ਕਿਸ ਤਰ੍ਹਾਂ ਪਿਆਸ ਲਥੇਗੀ। ੩. ਸੁਪਨੇ ਵਿਚ ਰਾਜ ਕਮਾਈਏ (ਤੇ) ਭੋਗ ਬਿਲਾਸ ਕਰੀਏ ਤਾਂ ਜਾਗਿਆਂ ਨਿਰਾਸ ਹੋਈਦਾ ਹੈ)। ੪. ਦਰਖਤ ਦੀ ਛਾਂ ਅਚੱਲ ਨਹੀਂ ਰਹਿੰਦੀ (ਤਦ ਉਸ ਤੋਂ) ਕਿਸ ਤਰ੍ਹਾਂ ਆਸ਼ਾ ਪੂਰੀ ਹੋਵੇਗੀ। ੫. ਜਿਸ ਤਰ੍ਹਾਂ ਬਾਜੀਗਰ ਦੀ ਖੇਡ ਦਾ ਤਮਾਸ਼ਾ ਝੂਠ ਹੁੰਦਾ ਹੈ। ੬. (ਇਸ ਤਰ੍ਹਾਂ ਮੀਣਿਆਂ ਦੀ ਸੰਗਤਿ ਵਿਚ ਰਲਦਾ ਹੈ ਉਹ ਨਿਰਾਸਾ ਉੱਠ ਜਾਂਦਾ ਹੈ।੭।)

---

੧. ਹਰੀਸ਼ ਚੰਦਰ, ਸੂਰਜ ਬੰਸੀ ਕੁਲ ਦਾ ੨੮ਵਾਂ ਰਾਜਾ ਮਹਾਤਮਾ ਤੇ ਸਖੀ ਸੀ, ਉਸ ਦੀ ਪੁਰੀ (ਜੋ ਕਹਿੰਦੇ ਹਨ ਅਕਾਸ਼ ਵਿਚ ਹੈ) ਅਕਾਸ਼ ਵਿਚ ਇਕ ਭਰਮ ਮਾਤਰ ਨਗਰੀ ਪ੍ਰਤੀਤ ਹੁੰਦੀ ਹੈ, ਉਸੇ ਨੂੰ ਗੰਧਰਬ ਨਗਰੀ ਵੀ ਕਹਿੰਦੇ ਤੇ ਹਰੀ ਚੰਦ ਦੀ ਨਗਰੀ ਵੀ ਕਹਿੰਦੇ ਹਨ, ਇਹ ਭਰਮ ਕਦੀ ਰਾਹੀ ਨੂੰ ਸਾਹਮਣੇ ਬ੍ਰਿਛਾਂ ਵਿਚ ਵੀ ਭਾਸ ਹੁੰਦਾ ਹੈ, ਸਵੇਰੇ, ਸੰਝ ਨੂੰ ਭੀ ਅਕਾਸ਼ ਦੇ ਕਿਸੇ ਹਿਸੇ ਵਿਚ ਕਰਮ ਦਾ ਨਗਰ ਬੱਝ ਜਾਂਦਾ ਹੈ, ਭਾਵ ਭਰਮ ਮਾਤਰ ਹੈ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੋਸ਼)

ਭਾਵ : ਉਹ ਮੀਣੇ ਹਨ, ਉਨ੍ਹਾਂ ਦੀ ਸੰਗਤ ਕਰਨ ਵਾਲੇ ਦੀ ਕਦੇ ਕੋਈ ਆਸ਼ਾ ਪੂਰੀ ਨਹੀਂ ਹੋਵੇਗੀ।

੪. ਮੀਣੇ ਪੀਰ ਦੇ ਫਿਟਕੇ ਹੋਏ ਹਨ

੧. ਕੋਇਲ ਕਾਂਉ ਰਲਾਈਅਨਿ ਕਿਉ ਹੋਵਨਿ ਇਕੈ।
੨. ਤਿਉ ਨਿੰਦਕ ਜਗਜਾਣੀਅਨਿ ਬੋਲਿ ਬੋਲਣਿ ਫਿਕੈ।
੩. ਬਗੁਲੇ ਹੰਸੁ ਬਰਾਬਰੀ ਕਿਉ ਮਿਕਨਿ ਮਿਕੈ।
੪. ਤਿਉ ਬੇਮੁਖ ਚੁਣਿ ਕਢੀਅਨਿ ਮੁਹਿ ਕਾਲੇ ਟਿਕੈ।
੫. ਕਿਆ ਨੀਸਾਣੀ ਮੀਣਿਆ ਖੋਟੁ ਸਾਲੀ ਸਿਕੈ।
੬. ਸਿਰਿ ਸਿਰਿ ਪਾਹਣੀ ਮਾਰੀਅਨਿ ਓਇ ਪੀਰ ਫਿਟਿਕੈ॥੮॥

ਅਰਥ : ੧. ਕੋਇਲ ਤੇ ਕਾਂ ਰਲਾਏ ਹੋਏ ਕਿਸ ਤਰ੍ਹਾਂ ਇਕ ਰੂਪ ਹੋਵਣਗੇ (ਕਿਉਂਕਿ ਕਾਂ ਫਿੱਕਾ ਤੇ ਕੋਇਲ ਮਿੱਠਾ ਬੋਲਦੀ ਹੈ)। ੨. ਇਸ ਤਰ੍ਹਾਂ ਜਗਤ ਵਿਚ ਨਿੰਦਕ ਜਾਣੀਦੇ ਹਨ ਜੋ ਫਿੱਕੇ ਬੋਲ ਬੋਲਦੇ ਹਨ। ੩. (ਬਗੁਲਾ ਹੰਸ ਦੀ ਬਰਾਬਰੀ ਕਰਕੇ) ਕਿਸ ਤਰ੍ਹਾਂ (ਹੰਸ ਦੀ) ਮਿਲੌਨੀ (ਵਿਚੋਂ) ਮਿਲਦਾ ਹੈ ? (ਭਾਵ ਕਿਸੇ ਤਰ੍ਹਾਂ ਨਹੀਂ ਮਿਲ ਸਕਦਾ)। ੪. ਇਸੇ ਤਰ੍ਹਾਂ (ਹੀ ਦਰਗਾਹ ਵਿਚੋਂ ਬੇਮੁਖ ਚੁਣ ਕੇ ਕਢੇ ਜਾਂਦੇ ਹਨ ਅਤੇ ਮੂੰਹ ਉਤੇ ਕਾਲਖ ਦੇ ਟਿਕੇ (ਲਾਏ ਜਾਂਦੇ ਹਨ)। ੫. ਮੀਣਿਆਂ ਦੀ ਕੀਹ ਨਿਸ਼ਾਨੀ ਹੈ ? (ਉਹ) ਖੋਟੀ ਟਕਸਾਲ ਦੇ ਸਿਕੇ (ਹਨ ਭਾਵ ਖੋਟਾ ਰੁਪਿਆ ਦਿਸਣ ਵਿਚ ਉਸੇ ਤਰ੍ਹਾਂ ਦਾ ਹੁੰਦਾ ਹੈ ਪਰ ਮਾਲੋਂ ਖੋਟਾ ਹੁੰਦਾ ਹੈ ਇਸੇ ਤਰ੍ਹਾਂ ਮੀਣੇ ਦਿਸਣ ਨੂੰ ਸਿੱਖਾਂ ਵਰਗੇ ਤੇ ਦਿਲ ਦੇ ਕਪਟੀ ਹੁੰਦੇ ਹਨ) ਉਂ ੬. (ਉਨ੍ਹਾਂ ਨੂੰ) ਸਿਰੋਂ ਸਿਰ ਜੁਤੀਆਂ ਮਾਰਦੀਆਂ ਹਨ। (ਕਿਉਂਕਿ) ਉਹ ਪੀਰ ਦੇ ਫਿਟਕੇ ਹੋਏ ਹਨ।੮।

ਗੁਣਾਂ ਤੋਂ ਹੀਣੇ ਗੁਰੂ ਸਦਾਉਣ ਵਾਲੇ—ਢੱਗੇ

੧. ਰਾਤੀ ਨੀਗਰ ਖੇਲਦੇ ਸਭ ਹੋਇ ਇਕਠੇ।
੨. ਰਾਜਾ ਪਰਜਾ ਹੋਵਦੇ ਕਰਿ ਸਾਂਗ ਉਪਠੇ।
੩. ਇਕਿ ਲਸਕਰ ਲੈ ਧਾਵਦੇ ਇਕਿ ਫਿਰਦੇ ਨਠੇ।
੪. ਠੀਕਰੀਆਂ ਹਾਲੇ ਭਰਨਿ ਉਇ ਖਰੇ ਅਸਠੇ।
੫. ਖਿਨ ਵਿਚਿ ਖੇਡ ਉਜਾੜਿਦੇ ਘਰੁ ਘਰੁ ਨੂੰ ਤ੍ਰਠੇ।
੬. ਵਿਣੁ ਗੁਣੁ ਗੁਰੂ ਸਦਾਇਦੇ ਓਇ ਖੋਟੇ ਮਠੇ॥੯॥

ਅਰਥ : ੧. ਰਾਤੀਂ ਸਾਰੇ ਬਾਲ 'ਕੱਠੇ ਹੋ ਕੇ ਖੇਡਦੇ ਹਨ। ੨. (ਅਤੇ) ਸਾਰ (ਹੀ) ਪੁਠੇ ਸਿਧੇ ਸਾਂਗ (ਬਣ ਕੇ) ਰਾਜਾ ਪਰਜਾ ਬਣ ਜਾਂਦੇ ਹਨ ਉਂ ੩. ਇਕ ਫੌਜਾਂ ਲੈ ਕੇ (ਮਗਰ ਮਗਰ) ਜਾਂਦੇ ਹਨ (ਅਤੇ) ਇਕ (ਉਨ੍ਹਾਂ ਦੇ ਅਗੇ ਅਗੇ) ਨੱਠੇ ਫਿਰਦੇ ਹਨ। ੪. (ਇਕ) ਠੀਕਰੀਆਂ ਦੇ ਮਾਮਲੇ ਭਰਦੇ ਹਨ (ਕਿਉਂਕਿ) ਉਹ (ਬਾਲ) ਵਡੇ ਚੰਚਲ (ਹੁੰਦੇ ਹਨ)। ੫. (ਫਿਰ) ਪਲ ਵਿਚ ਖੇਡ ਨੂੰ ਉਜਾੜ ਕੇ ਘਰ ਘਰ ਨੂੰ ਭੱਜ ਜਾਂਦੇ ਹਨ। ੬. (ਇਸ ਤਰ੍ਹਾਂ ਜੋ) (ਗੁਣਾਂ ਤੋਂ ਹੀਣੇ) (ਆਪਣੇ ਆਪ ਨੂੰ) ਗੁਰੂ ਸਦਵਾਂਦੇ (ਹਨ) ਉਹ ਖੋਤੇ ਤੇ ਢੱਗੇ ਹਨ।੯।

ਭਾਵ : ਜਿਸ ਤਰ੍ਹਾਂ ਸਤਿਗੁਰੂ ਦਾ ਸਾਂਗ ਬਣਾਉਣ ਨਾਲ ਬੇਮੁਖ ਗੁਰੂ ਨਹੀਂ ਬਣ ਜਾਂਦੇ ਉਸੇ ਤਰ੍ਹਾਂ ਤਕੀਆ ਗਦੇਲਾ ਲਾਉਣ ਨਾਲ ਕੋਈ ਗੁਰੂ ਨਹੀਂ ਬਣ ਸਕਦਾ, ਗੁਰੂ ਉਹੀ ਹੈ ਜਿਸ ਵਿਚ ਗੁਰੂ ਵਾਲੇ ਗੁਣ ਹੋਣ, ਸਗੋਂ "ਨਾਨਕ ਤੇ ਨਰ ਅਸਿਲ ਖਰ ਜਿ ਬਿਨੁ ਗੁਣ ਗਰਬ ਕਰੰਨਿ।"

ਕੱਚੇ ਗੁਰੂ ਦੇ ਚੇਲੇ ਨਿਰਾਸ ਜਾਂਦੇ ਹਨ

੧. ਉਚਾ ਲੰਮਾ ਝਾਟੁਲਾ ਵਿਚਿ ਬਾਗ ਦਿਸੰਦਾ।
੨. ਮੋਟਾ ਮੁਢੁ ਪਤਾਲਿ ਜੜਿ ਬਹੁ ਗਰਬ ਕਰੰਦਾ।
੩. ਪਤ ਸੁਪਤਰ ਸੋਹਣੇ ਵਿਸਥਾਰੁ ਬਣੰਦਾ।
੪. ਫੁਲ ਰਤੇ ਫਲ ਬਕਬਕੇ ਹੋਇ ਅਫਲ ਫਲੰਦਾ।
੫. ਸਾਵਾ ਤੋਤਾ ਚੁਹਚੁਹਾ ਤਿਸੁ ਦੇਖਿ ਭੁਲੰਦਾ।
੬. ਪਿਛੋਂ ਦੇ ਪਛੁਤਾਇਦਾ ਓਹੁ ਫਲੁ ਨ ਲਹੰਦਾ॥੧੦॥

ਅਰਥ : ੧. ਉੱਚਾ ਲੰਮਾ ਦਰਖ਼ਤ ਬਾਗ ਦੇ ਵਿਚ ਦਿਸਦਾ ਹੈ। ੨. (ਜਿਸ਼ੁਦਾ) ਮੁਢ ਮੋਟਾ, ਪਤਾਲ ਵਿਚ ਜੜ੍ਹਾਂ (ਹੁੰਦਿਆਂ) ਹਨ ਤੇ ਬਹੁਤਾ ਗਰਬ ਕਰਦਾ (ਹੈ ਕਿ ਮੇਰੇ ਜਿੱਡਾ) ਹੋਰ ਕੋਈ ਦਰਖ਼ਤ ਨਹੀਂ। ੩. ਸਾਵੇ ਸੋਹਣੇ ਪੱਤਰਾਂ ਦਾ ਫੈਲਾਉ ਬਣਾਉਂਦਾ ਹੈ।. ਫੁਲ ਲਾਲ ਤੇ ਫਲ ਬੇ-ਸੁਆਦ (ਹੁੰਦੇ ਹਨ, ਅਤੇ ਫਲਦਾ ਹੋਇਆ (ਭੀ) ਅਫਲ (ਰਹਿੰਦਾ ਹੈ) ੪. ਤਿਸ (ਸਿੰਮਲ ਨੂੰ) ਦੇਖ ਕੇ ਸੋਹਣਾ ਤੇ ਸਾਵਾ ਤੋਤਾ ਭੁੱਲ ਜਾਂਦਾ ਹੈ। ੬. ਪਰ ਜਦ ਉਹਦੇ ਫਲ ਦਾ ਕੋਈ ਸਵਾਦ ਨਹੀਂ ਲੈਂਦਾ ਤਾਂ ਮਗਰੋਂ ਪਛਤਾਉਂਦਾ ਹੈ।੧੦।

ਭਾਵ : ਸਿੰਮਲ ਵਾਂਗੂੰ ਡੇਰੇ, ਚੇਲੇ, ਤਕੀਏ, ਗਦੇਲੇ, ਚੌਰਾਂ ਦੇ ਫਿਰਾਉਣ ਵਾਲੇ ਪਾਸ ਜਗਿਆਸੂ ਆਉਂਦਾ ਹੈ ਪਰ ਜਦ ਅਗੋਂ ਪ੍ਰਭੂ ਪ੍ਰਾਪਤੀ ਨਹੀਂ ਹੁੰਦੀ ਤਾਂ ਮਗਰੋਂ ਪਛਤਾਉਂਦਾ ਹੈ, ਇਹੋ ਭਾਵ ਆਸਾ ਦੀ ਵਾਰ ਦੇ ਸਲੋਕ "ਸਿਮਲ ਰੁਖ ਸਰਾਇਰਾ" ਦਾ ਹੈ।

ਗੁਣਾਂ ਤੋਂ ਹੀਣਾ ਹੀਜੜਾ ਹੈ

੧. ਪਹਿਨੈ ਪੰਜੇ ਕਪੜੇ ਪੁਰਸਾਵਾਂ ਵੇਸੁ।
੨. ਮੁਛਾਂ ਦਾੜ੍ਹੀ ਸੋਹਣੀ ਬਹੁ ਦੁਰਬਲ ਵੇਸੁ।
੩. ਸੈ ਹਥਿਆਰੀ ਸੂਰਮਾ ਪੰਚੀਂ ਪਰਵੇਸੁ।
੪. ਮਾਹਰੁ ਦੜ ਦੀਬਾਣ ਵਿਚਿ ਜਾਣੈ ਸਭੁ ਦੇਸੁ।
੫. ਪੁਰਖੁ ਨ ਗਣਿ ਪੁਰਖਤੁ ਵਿਣੁ ਕਾਮਣਿ ਕਿ ਕਰੇਸੁ।
੬. ਵਿਣੁ ਗੁਣ ਗੁਰੂ ਸਦਾਇਦੇ ਕਉਣ ਕਰੈ ਅਦੇਸੁ॥੧੧॥

ਅਰਥ : ੧. ਰੂਪ ਭੀ ਪੁਰਸ਼ਾਂ ਵਾਲਾ ਹੈ ਤੇ ਪੰਜੇ[1] ਕਪੜੇ ਭੀ ਪਾਏ ਹੋਏ ਹੋਣ। ੨. ਮੁੱਛਾਂ ਦਾਹੜੀ ਭੀ ਸੋਹਣੀ ਹੋਵੇ ਤੇ ਬਹੁਤਾ ਸੋਹਣਾ ਸਰੇਸ਼ਟ ਸਰੂਪ (ਭੀ ਹੋਵੇ) ੩. ਸਾਰੇ ਹਥਿਆਰ ਲਾਉਣ ਵਾਲਾ ਸੂਰਮਾ ਤੇ ਪੈਂਚਾਂ ਵਿਚ ਭੀ ਨਾਮਧਾਰੀ ਹੋਵੇ। ੪. ਦਰਬਾਰ ਵਿਚ (ਭੀ) ਚੌਧਰ। ਪ੍ਰਗਟ (ਹੋਵੇ, ਅਤੇ) ਸਾਰਾ ਦੇਸ ਜਾਣਦਾ ਹੋਵੇ। ੫. (ਪਰ ਜੇਕਰ ਇਕ) ਮਰਦ ਪੁਣੇ ਤੋਂ ਬਿਨਾਂ (ਹੈ ਤਾਂ ਉਹ) ਪੁਰਖ ਨਹੀਂ ਗਿਣੀਦਾ (ਅਤੇ) ਇਸਤਰੀ (ਉਸਨੂੰ) ਕੀ ਕਰੇਗੀ। ੬. (ਇਸੇ ਤਰ੍ਹਾਂ ਜੋ) ਗੁਣਾਂ ਤੋਂ ਹੀਣਾ (ਆਪਣੇ ਆਪ ਨੂੰ) ਗੁਰੂ ਸਦਾਵਦਾਂ (ਹੈ ਉਸ ਨੂੰ) ਕੌਣ ਮੱਥਾ ਟੇਕੇਗਾ ? ਭਾਵ ਕੋਈ ਨਹੀਂ ਟੇਕਦਾ।੧੧॥

ਭਾਵ : ਪਿਛਲੀ ਪਉੜੀ ਵਾਲਾ ਹੀ ਹੈ, ਜੇਕਰ ਠਾਟ ਬਾਠ ਗੁਰੂ ਵਾਲੇ ਬਣਾ ਲਵੇ ਪਰ ਗੁਰੂ ਵਾਲੇ ਗੁਣ ਨਾ ਹੋਵਣ ਤਾਂ ਜਗਿਆਸੂ ਉਸਨੂੰ ਕੀ ਕਰੇਗਾ।

ਮੀਣਾ ਅੰਤ ਨੂੰ ਦੁਖੀ ਹੁੰਦਾ ਹੈ

੧. ਚੋਰੁ ਕਰੈ ਨਿਤ ਚੋਰੀਆ ਓੜਕਿ ਦੁਖ ਭਾਰੀ।
੨. ਨਕੁ ਕੰਨੁ ਫੜਿ ਵਢੀਐ ਰਾਵੈ ਪਰ ਨਾਰੀ।
੩. ਅਉਘਟ ਰੁਧੇ ਮਿਰਗ ਜਿਉ ਵਿਤੁ ਹਾਰਿ ਜੂਆਰੀ।
੪. ਲੰਞੀ ਕੁਹਲਿ ਨ ਆਵਈ ਪਰ ਵੇਲਿ ਪਿਆਰੀ।
੫. ਵਗ ਨ ਹੋਵਨਿ ਕੁਤੀਆ ਮੀਣੈ ਮੁਰਦਾਰੀ।
੬. ਪਾਪਹੁ ਮੂਲਿ ਨ ਤਗੀਐ ਹੋਇ ਅੰਤਿ ਖੁਆਰੀ॥੩॥

ਅਰਥ : ੧. ਚੋਰ ਸਦਾ ਹੀ ਚੋਰੀਆਂ ਕਰਦਾ (ਹੈ, ਪਰ [illegible]

---

੧. [illegible], [illegible], ਕੁੜਤਾ, ਪਜਾਮਾ, [illegible]।
੨. [illegible] ਰਾਜ ਦੀ ਇਹ ਸਜ਼ਾ [illegible]

(ਉਸਨੂੰ) ਵੱਡਾ ਦੁਖ ਹੁੰਦਾ ਹੈ। ੨. ਜੋ ਪਰਾਈ ਇਸਤ੍ਰੀ ਭੋਗਦਾ ਫੜਿਆ (ਜਾਂਦਾ ਹੈ, ਉਸ ਦਾ) ਨੱਕ ਕੰਨ² ਵਢ ਦੇਈਦਾ ਹੈ। ੩. ਜਿਸ ਤਰ੍ਹਾਂ ਜਾਲ ਵਿਚ ਫਸਿਆ ਹਰਨ (ਦੁਖੀ ਹੁੰਦਾ ਹੈ, ਅਤੇ ਜਿਸ ਤਰ੍ਹਾਂ) ਜੁਆਰੀਆ ਧਨ ਹਾਰ ਕੇ (ਦੁਖੀ ਹੁੰਦਾ ਹੈ)। ੪. (ਜਿਸ ਤਰ੍ਹਾਂ) ਲੰਙੀ ਨੂੰ ਸੋਹਣੀ ਚਾਲ ਨਹੀਂ ਆਉਂਦੀ (ਅਤੇ) ਪਰਾਈ ਇਸਤ੍ਰੀ ਨੂੰ ਪਿਆਰੀ (ਜਾਨਣ ਵਾਲਾ ਵਿਭਚਾਰੀ ਜਿਵੇਂ) ਅੰਤ ਨੂੰ ਦੁਖੀ ਹੁੰਦਾ ਹੈ। ੫. (ਹੇ) ਮੁਰਦਾਰ ਮੀਣੇ (ਕਦੇ) ਕੁਤਿਆਂ ਦੇ ਵਗ ਨਹੀਂ ਹੁੰਦੇ। ੬. ਇਸੇ ਤਰ੍ਹਾਂ ਪਾਪ ਕਦੇ ਭੀ ਨਹੀਂ ਟਿਕਦਾ ਹੈ ਅਤੇ ਅੰਤ ਨੂੰ ਖ਼ਰਾਬੀ ਹੁੰਦੀ ਹੈ।੩।

ਮੀਣਾ ਜਮ ਪੁਰੀ ਵਿਚ ਜਾਏਗਾ

੧. ਚਾਨਣਿ ਚੰਦ ਨ ਪੁਜਈ ਚਮਕੈ ਟਾਨਾਣਾ।
੨. ਸਾਇਰ ਬੂੰਦ ਬਰਾਬਰੀ ਕਿਉ ਆਖਿ ਵਖਾਣਾ।
੩. ਕੀੜੀ ਇਭ ਨ ਅਪੜੈ ਕੂੜਾ ਤਿਸੁ ਮਾਣਾ।
੪. ਨਾਨੇਹਾਲੁ ਵਖਾਣਦਾ ਮਾ ਪਾਸਿ ਇਆਣਾ।
੫. ਜਿਨਿ ਤੂੰ ਸਾਜਿ ਨਿਵਾਜਿਆ ਦੇ ਪਿੰਡੁ ਪਰਾਣਾ।
੬. ਮੁਢਹੁ ਘੁਥਹੁ ਮੀਣਿਆ ਤੁਧੁ ਜਮ ਪੁਰਿ ਜਾਣਾ॥੪॥

ਅਰਥ : ੧. ਟਿਨਾਣਾ (ਭਾਵੇਂ ਰਾਤੀ ਕਿੰਨਾ ਹੀ) ਚਮਕੇ (ਪਰ ਕਦੇ) ਚੰਦ ਦੇ ਚਾਨਣ ਬਰਾਬਰ ਨਹੀਂ ਪੁੱਜੇਗਾ। ੨. ਸਮੁੰਦਰ (ਦੇ) ਬਰਾਬਰ ਬੂੰਦ ਕਿਸ ਤਰ੍ਹਾਂ ਅਖਾ ਕੇ ਸੁਣਾਈ ਜਾਂਦੀ ਹੈ। ਕੀੜੀ ਹਾਥੀ ਨੂੰ ਨਹੀਂ ਪਹੁੰਚਦੀ (ਤਾਂ ਤੇ) ਉਸਦਾ ਮਾਨ ਝੂਠਾ ਹੈ। (ਜਿਸ ਤਰ੍ਹਾਂ) ਇਆਣਾ ਮਾਂ (ਆ ਕੇ) ਨਾਨੇ ਦਾ ਹਾਲ ਕਹਿੰਦਾ ਹੈ ਅਰਥਾਤ ਮਾਂ ਨਾਲੋਂ ਓਹ ਵਧ ਨਹੀਂ ਜਾਣਦਾ, ਇਸ ਤਰ੍ਹਾਂ ਉਸ ਦਾ ਹਾਲ (ਸੁਣਾਉਣਾ ਝੂਠਾ ਹੈ)। ੫. ਜਿਸ ਨੇ ਤੈਨੂੰ ਸਰੀਰ ਤੇ ਦਾਨ ਦੇ ਕੇ ਸਾਜਿਆ (ਤੇ) ਵਡਿਆਇਆ ਹੈ। ੬. (ਉਸ) ਮੁੱਢ (ਸਰੂਪ ਗੁਰੂ ਤੋਂ ਪਲੇ ਹੋਏ ਮੀਣਿਆਂ ਤੂੰ ਜਮਾਂ ਦੀ ਪੁਰੀ ਨੂੰ ਜਾਣਾ ਹੈ।੪।

ਮੀਣਿਆਂ ਦੀ ਸੰਗਤਿ ਖੋਟੀ ਹੈ

੧. ਕੈਹਾ ਦਿਸੈ ਉਜਲਾ ਮਸੁ ਅੰਦਰਿ ਚਿਤੈ।
੨. ਹਰਿਆ ਤਿਲੁ ਬੂਆੜ ਜਿਉ ਫਲੁ ਕੰਮ ਨ ਕਿਤੈ।
੩. ਜੇਹੀ ਕਲੀ ਕਨੇਰ ਦੀ ਮਨਿ ਤਨਿ ਦੁਹੁ ਭਿਤੈ।
੪. ਪੇਂਝੂ ਦਿਸਨਿ ਰੰਗੁਲੇ ਮਰੀਐ ਅਗਲਿਤੈ।

੫. ਖਰੀ ਸੁਆਲਿਓ ਵੇਸੁਆ ਜੀਅ ਬਝਾ ਇਤੈ।
੬. ਖੋਟੀ ਸੰਗਤਿ ਮੀਣਿਆ ਦੁਖ ਦੇਂਦੀ ਮਿਤੈ॥੫॥

ਅਰਥ : ੧. (ਜਿਸ ਤਰ੍ਹਾਂ) ਕੈਂਹਾ ਬਾਹਰੋਂ ਤਾਂ ਚਿੱਟਾ ਦਿਸਦਾ (ਹੈ, ਉਸ ਦੇ) ਚਿਤ ਅੰਦਰ ਸ਼ਾਹੀ (ਹੁੰਦੀ ਹੈ)। ੨. ਤਿਲਾਂ ਵਾਂਗੂੰ ਬੂਆੜ ਭੀ ਹਰਿਆ ਹੁੰਦਾ ਹੈ, ਪਰ ਉਸਦਾ ਫਲ ਕਿਸੇ ਕੰਮ ਨਹੀਂ (ਆਉਂਦਾ)। ੩. ਜਿਸ ਤਰ੍ਹਾਂ ਕਨੇਰ ਦੀ ਕਲੀ ਮਨੋਂ ਤਨੋਂ ਦੋ ਤਰ੍ਹਾਂ (ਦੀ) ਹੁੰਦੀ ਹੈ। ੪. ਪੇਂਝੂ ਦਿਸਦੇ ਤਾਂ ਲਾਲ ਰੰਗਦੇ, ਪਰ ਬਹੁਤੇ ਖਾਧਿਆਂ ਮਰ ਜਾਈਦਾ ਹੈ। ੫. ਵੇਸਵਾ ਬਹੁਤ ਸੋਹਣੀ (ਦਿਸਦੀ ਹੈ, ਪਰ) ਜਿਸ (ਪਿਆਰ ਕਰਕੇ) ਜੀਵ (ਜਮਾਂ ਦੀ ਫਾਹੀ ਵਿਚ) (ਰਹਿੰਦਾ) ਹੈ। ੬. (ਇਸੇ ਤਰ੍ਹਾਂ) ਹੇ (ਮਿਤ੍ਰ) ਮੀਣਿਆਂ ਦੀ ਖੋਟੀ ਸੰਗਤਿ ਦੁਖ ਦੇਂਦੀ ਹੈ।੫।

✫

ਬੇਮੁਖ ਨੂੰ ਪੂਜਾ ਦੇ ਧਾਨ ਦੀ ਝਾਕ

ਗੁਰੂ ਤੋਂ ਬੇਮੁਖ ਹੋਣ ਦਾ ਮੁਖ ਕਾਰਨ ਪੂਜਾ ਦੇ ਧਾਨ ਦੀ ਝਾਕ ਹੁੰਦਾ ਹੈ। ਬੇਮੁਖ ਦੀ ਸੋਚ ਹੁੰਦੀ ਹੈ ਕਿ ਮੇਰੇ ਕੋਲ ਜਿੰਨੀ ਜ਼ਿਆਦਾ ਮਾਇਆ ਹੋਵੇਗੀ ਮੇਰੀ ਉਨੀ ਹੀ ਜ਼ਿਆਦਾ ਇੱਜ਼ਤ ਹੋਵੇਗੀ ਅਤੇ ਅਮੀਰ ਗ਼ਰੀਬ ਦੋਵੇਂ ਮੇਰਾ ਸਤਿਕਾਰ ਕਰਨਗੇ। ਇਸ ਲਈ ਗੁਰੂ ਵਾਕ ਵੀ ਹੈ।

ਆਥਿ ਸੈਲ ਨੀਚ ਘਰਿ ਹੋਇ॥ ਆਥਿ ਦੇਖਿ ਨਿਵੈ ਜਿਸੁ ਦੋਇ॥

ਇਸ ਤਰ੍ਹਾਂ ਬੇਮੁਖ ਸੋਚਦਾ ਹੈ ਕਿ ਮਾਇਆ ਕਾਰਨ ਤਾਂ ਲੋਕ ਮੂਰਖ ਨੂੰ ਵੀ ਬੁੱਧੀਮਾਨ ਸਮਝਦੇ ਹਨ।

ਆਥਿ ਹੋਇ ਤਾ ਮੁਘਧੁ ਸਿਆਨਾ॥
ਭਗਤਿ (ਮਾਇਆ) ਬਿਹੂਨਾ ਜਗੁ ਬਉਰਾਨਾ *(ਪੰਨਾ ੯੩੧)*

ਬੇਮੁਖ ਮਾਇਆ ਪ੍ਰਾਪਤੀ ਲਈ ਬਹੁਤ ਯਤਨ ਕਰਦਾ ਹੈ। ਗੁਰੂ ਸਾਹਿਬ ਲਿਖਦੇ ਹਨ:

ਸੰਪੈ ਕਉ ਈਸਰੁ ਧਿਆਈਐ॥
ਸੰਪੈ ਪੁਰਬਿ ਲਿਖੇ ਕੀ ਪਾਈਐ॥
ਸੰਪੈ ਕਾਰਣਿ ਚਾਕਰ ਚੋਰ॥
ਸੰਪੈ ਸਾਥਿ ਨ ਚਾਲੈ ਹੋਰ॥ *(ਪੰਨਾ ੯੩੧)*

ਭਾਵ, ਕਿ ਬੇਮੁਖ ਮਾਇਆ ਪ੍ਰਾਪਤੀ ਲਈ ਨੌਕਰੀ ਤੇ ਚੋਰੀ ਕਰਨ ਤਕ ਵੀ ਜਾਂਦਾ ਹੈ। ਭਜਨ ਬੰਦਗੀ ਵੀ ਕਰਦਾ ਹੈ, ਪਰ ਮੂਰਖ ਇਹ ਨਹੀਂ ਸਮਝਦਾ ਕਿ ਧਨ ਪ੍ਰਾਲਬਦ ਦੇ ਅਨੁਸਾਰ ਮਿਲਦਾ ਹੈ।

ਆਪਣ ਲੀਆ ਜੇ ਮਿਲੈ ਤ ਸਭ ਕੋ ਭਾਗਠ ਹੋਇ॥
ਕਰਮਾ ਉਪਰਿ ਨਿਬੜੈ ਜੇ ਲੋਚੈ ਸਭ ਕੋਇ॥ *(ਪੰਨਾ ੧੫)*

ਵੇਮੁਖ ਨੂੰ ਚਾਹੀਦਾ ਹੈ ਕਿ ਪੂਜਾ ਦੇ ਧਨ ਨੂੰ ਛੱਡ ਕੇ ਨਿਮਨ-ਸਵਭਾਵ ਨੂੰ ਅਪਣਾਵੇ।

ਸੇ ਜਨ ਉਭਰੇ ਜਿਨ ਹਰਿ ਭਾਇਆ॥
ਧੰਦਾ ਮੂਆ ਵਿਗੂਤੀ ਪਾਇਆ॥ (ਪੰਨਾ ੯੩੬)

ਜੋ ਜੀਸੈ ਸੋ ਚਾਲਸੀ ਕਿਸ ਕਉ ਮੀਤੁ ਕਰੇਉ॥
ਜੀਉ ਸਮਪਉ ਆਪਣਾ ਤਨੁ ਮਨੁ ਆਗੈ ਦੇਉ॥
ਮਾਇਆ ਮਾਇਆ ਕਰਿ ਮੁਏ ਮਾਇਆ ਕਿਸੈ ਨ ਸਾਥਿ॥
ਹੰਸ ਚਲੈ ਉਠਿ ਡੁਮਣੋ ਮਾਇਆ ਭੂਲੀ ਆਥਿ॥ (ਪੰਨਾ ੯੩੫)

ਭਾਵ ਕਿ ਸਭ ਕੁਝ ਗੁਰੂ ਨੂੰ ਅਰਪਣ ਕਰਦੇ ਹੋਏ ਉਸਦੇ ਸਨਮੁਖ ਰਹਿੰਦਾ ਪਰ ਮੂਰਖ ਬੇਮੁਖ ਪੂਜਾ ਦੇ ਧਾਨ ਨੂੰ ਮੁਖ ਰੱਖ ਕੇ ਗੁਰੂ ਤੋਂ ਵੇਮੁਖ ਹੋ ਗਿਆ। ਇਸਦੇ ਫਲ ਬਾਰੇ ਉਸਨੂੰ ਚੇਤਾਂਦੇ ਹੋਏ ਭਾਈ ਜੀ ਲਿਖਦੇ ਹਨ।

ਧਰਮਸਾਲ ਦੀ ਝਾਕ

੧. ਜਿਉ ਮਿਰਯਾਦਾ ਹਿੰਦੂਆ ਗਊ ਮਾਸੁ ਅਖਾਜੁ।
੨. ਮੁਲਸਮਾਣਾਂ ਸੂਅਰਹੁ ਗਊਗੰਦ ਵਿਆਜੁ।
੩. ਸਹੁਰਾ ਘਰਿ ਜਾਵਾਈਐ ਪਾਣੀ ਮਦਰਾਜੁ।
੪. ਸਹਾ ਨ ਖਾਈ ਚੂਹੜਾ ਮਾਇਆ[੧] ਮੁਹਤਾਜੁ।
੫. ਜਿਉ ਮਿਠੈ ਮਖੀ ਮਰੈ ਤਿਸੁ ਹੋਇ ਅਕਾਜੁ।
੬. ਤਿਉ ਧਰਮਸਾਲ ਦੀ ਝਾਕ ਹੈ ਵਿਹੁ ਖੰਡੂ ਪਾਜੁ॥੧੨॥

ਅਰਥ : ੧. ਜਿਸ ਤਰ੍ਹਾਂ ਹਿੰਦੂਆਂ ਦੀ ਮਰਯਾਦਾ ਵਿਚ ਗਊ ਦਾ ਮਾਸ ਖਾਣ ਦੇ ਜੋਗ ਨਹੀਂ (ਹਰਾਮ) ਹੈ। ੨. ਅਤੇ ਜਿਸ ਤਰ੍ਹਾਂ ਮੁਸਲਮਾਨਾਂ ਲਈ ਸੂਰ ਅਤੇ ਵਿਆਜ ਦੀ ਸਹੁੰ ਹੈ ਉਂ ੩. ਜਵਾਈ ਦੇ ਘਰ ਦਾ ਪਾਣੀ ਸਹੁਰੇ ਲਈ ਸ਼ਰਾਬ ਦੇ ਬਰਾਬਰ ਹੈ। ੪. ਭਾਵੇਂ ਮਾਇਆ ਦਾ ਲੋੜਵੰਦ ਭੀ ਹੋਵੇ ਪਰ ਫਿਰ ਵੀ ਚੂਹੜਾ ਸਹਿਆ ਨਹੀਂ ਖਾਂਦਾ। ੫. ਜਿਸ ਤਰ੍ਹਾਂ ਸ਼ਹਿਦ ਉੱਤੇ ਮੱਖੀ ਮਰਦੀ (ਭਾਵ ਮੁਹਤ ਹੁੰਦੀ) ਹੈ ਅਤੇ ਉਸਦਾ ਨਾਸ ਹੋ ਜਾਂਦਾ ਹੈ। ੬. ਇਸੇ ਤਰ੍ਹਾਂ ਧਰਮਸਾਲਾ ਦੀ ਜੋ ਝਾਕ ਹੈ ਉਹ ਖੰਡ ਵਿਚ ਗਲੇਫੀ ਹੋਈ ਜ਼ਹਿਰ ਹੈ, ਕੋਡਿਡ ਸ਼ੂਗਰ।੧੨।

ਭਾਵ : ਧਰਮਸਾਲ ਵਿਚ ਬਹਿ ਕੇ ਪੂਜਾ ਦੀ ਝਾਕ ਰਖਣੀ ਕਿ ਕਦ ਕੋਈ ਆਵੇ ਤੇ ਸਾਨੂੰ ਕੋਈ ਪੂਜਾ ਦੇਵੇ—ਮਹਾਂ ਪਾਪ ਹੈ। ਜਿਸ ਤਰ੍ਹਾਂ ਖੰਡ ਵਿਚ ਗਲੇਫੀ

---

੧. ਮਹਿਆਂ ਪਾਠ ਵੀ ਹੈ—ਮਹਿਆ—ਸੁੰਡੇ ਦਾ ਮਾਸ ਚੂਹੜਾ ਖਾ ਲੈਂਦਾ ਹੈ ਪਰ ਸਹੇ—ਖਰਗੋਸ਼ ਦਾ ਮਾਸ ਨਹੀਂ ਖਾਂਦਾ। (ਲੇਖਕ)

ਹੋਈ ਜ਼ਹਿਰ ਮਿੱਠੀ ਭਾਸਦੀ ਹੈ ਇਸੇ ਤਰ੍ਹਾਂ ਪੂਜਾ ਚੰਗੀ ਭਾਸਦੀ ਹੈ, ਕੇਵਲ ਸਰੀਰ ਦੇ ਨਿਰਬਾਹ ਮਾਤਰ ਪੂਜਾ ਹੀ ਉਨ੍ਹਾਂ ਨੂੰ ਲੈਣੀ ਚਾਹੀਦੀ ਹੈ, ਜੋ ਭਜਨ, ਧਰਮ, ਸੇਵਾ ਵਿਚ ਆਪਣਾ ਸਮਾਂ ਬਿਤਾਉਂਦੇ ਹਨ, ਪਰ ਇਹ ਪੂਜਾ ਭੀ ਗੁਰੂ ਬਣ ਕੇ ਨਹੀਂ ਲੈਣੀ ਚਾਹੀਦੀ ਸਗੋਂ ਸੇਵਕ ਬਣ ਕੇ ਨਿਰਬਾਹ ਕਰਨਾ ਚਾਹੀਦਾ ਹੈ।

ਝਾਕ ਵਾਲੇ ਦਾ ਮੰਦਾ ਹਾਲ

੧. ਖਰਾ ਦੁਹੇਲਾ ਜਗ ਵਿਚਿ ਜਿਸ ਅੰਦਰਿ ਝਾਕੁ।
੨. ਸੋਇਨੇ ਨੋ ਹਥੁ ਪਾਇਦਾ ਹੁਇ ਵੰਞੈ ਖਾਕੁ।
੩. ਇਠ ਮਿਤ ਪੁਤ ਭਾਇਰਾ ਵਿਹਰਨਿ ਸਭ ਸਾਕੁ।
੪. ਸੋਗੁ ਵਿਜੋਗੁ ਸਰਾਪੁ ਹੈ ਦੁਰਮਤਿ ਨਾਪਾਕੁ,।
੫. ਵਤੈ ਮੁਤੜਿ ਰੰਨ ਜਿਉ ਦਰਿ ਮਿਲੈ ਤਲਾਕੁ।
੬. ਦੁਖੁ ਭੁਖੁ ਦਾਲਿਦ ਘਣਾ ਦੋਜਕ ਅਉਤਾਕੁ ॥੧੩॥

ਵਿਹਰਨਿ—ਛਡ ਦੇਂਦੇ। ਅਉਤਾਕੁ—ਸਰਾਂ।

ਅਰਥ : ੧. ਜਿਸਦੇ ਅੰਦਰ ਧਰਮਸਾਲ ਦੀ ਝਾਕ ਹੈ ਉਹ ਜਗਤ ਵਿਚ ਦੁਖੀ ਹੈ। ੨. ਜੇਕਰ ਉਹ ਸੋਨੇ ਨੂੰ ਹਥ ਪਾਉਂਦਾ ਹੈ ਤਾਂ ਉਹ ਖਾਕ ਹੋ ਜਾਂਦਾ ਹੈ। ੩. ਪਿਆਰੇ ਮਿਤ੍ਰ ਪੁਤ੍ਰ ਭਰਾ ਆਦਿਕ ਸਾਰੇ ਸਾਕ ਉਸਨੂੰ ਛੱਡ ਦੇਂਦੇ ਹਨ। ੪. ਖੋਟੀ ਬੁਧੀ ਦੀ ਅਪਵਿਤ੍ਰਤਾ ਦੇ ਸਰਾਪ ਕਰਕੇ ਉਸਨੂੰ ਸਦਾ ਹੀ ਸੋਗ ਵਿਜੋਗ ਰਹਿੰਦਾ ਹੈ। ੫. ਛੁਟੜ ਰੰਨ ਵਾਂਗੂੰ ਉਸਨੂੰ ਦਰਗਾਹ ਵਿਚੋਂ ਤਲਾਕ ਮਿਲਦਾ ਹੈ। ੬. ਉਸਨੂੰ ਇਥੇ ਤਾਂ ਦੁਖ ਭੁਖ ਦਾ ਦਰਿਦ੍ਰ ਰਹਿੰਦਾ ਹੈ ਅਤੇ ਅਗੇ ਜਾ ਕੇ ਨਰਕਾਂ ਰੂਪੀ ਸਰਾਂ ਵਿਚ ਵਾਸਾ ਮਿਲਦਾ ਹੈ।੧੩।

ਭਾਵ : ਧਰਮਸਾਲ ਦੀ ਝਾਕ ਰੱਖਣ ਵਾਲੇ ਦਾ ਹਾਲ ਮੰਦਾ ਹੁੰਦਾ ਹੈ, ਹੱਡਾਂ ਵਿਚ ਪੂਜਾ ਦੀ ਅੰਸ ਪੈ ਜਾਣ ਕਰਕੇ ਵਿਹਾਰ ਨਹੀਂ ਕਰ ਸਕਦਾ ਅਤੇ ਧਰਮ ਤੋਂ ਅਗੇ ਹੀ ਮੂੰਹ ਫੇਰੀ ਬੈਠਾ ਹੈ ਇਸ ਲਈ ਜਗਤ ਵਿਚ ਦੁਖੀ ਤੇ ਪ੍ਰਲੋਕ ਤੋਂ ਧੱਕੇ ਖਾਂਦਾ ਹੈ।

ਗੁਰਦੁਆਰੇ ਦੀਆਂ ਰੋਟੀਆਂ ਤਿੰਨ ਕੰਮ ਕਰੇਨਿ।
ਹੱਡ ਭੰਨਣ, ਮੱਤ ਮਾਰਨ, ਊੱਦਮ ਰਹਿਣ ਨਾ ਦੇਣ।

ਝਾਕ ਵਾਲੇ ਦੀ ਦਸ਼ਾ

੧. ਵਿਗੜੈ ਚਾਟਾ ਦੁਧ ਦਾ ਕਾਂਜੀ ਦੀ ਚੁਖੈ।
੨. ਸਹਸ ਮਣਾਂ ਰੂਈ ਜਲੈ ਚਿਨਗਾਰੀ ਧੁਖੈ।

੩. ਬੂਰੁ ਵਿਣਾਹੇ ਪਾਣੀਐ ਖਉ ਲਾਖਹੁ ਰੁਖੈ।
੪. ਜਿਉ ਉਦਮਾਦੀ ਅਤੀਸਾਰੁ ਖਈ ਰੋਗੁ ਮਨੁਖੈ।
੫. ਜਿਉ ਜਾਲਿ ਪੰਖੇਰੁ ਫਾਸਦੇ ਚੁਗਣ ਦੀ ਭੁਖੈ।
੬. ਤਿਉ ਅਜਰੁ ਝਾਕ ਭੰਡਾਰ ਦੀ ਵਿਆਪੇ ਵੇਮੁਖੈ॥੧੪॥

ਅਰਥ : ੧. ਜਿਸ ਤਰ੍ਹਾਂ ਕਾਂਜੀ ਦੀ ਬੂੰਦ ਨਾਲ ਦੁਧ ਦਾ ਚਾਟਾ ਵਿਗੜ ਜਾਂਦਾ ਹੈ। ੨. ਇਕ ਧੁਖਦੀ ਚੰਗਿਆਰੀ ਨਾਲ ਹਜ਼ਾਰਾਂ ਮਨਾ ਰੂੰਈ ਸੜ ਜਾਂਦੀ ਹੈ। ੩. ਪਾਣੀ ਨੂੰ ਬੂਰ ਨਾਸ ਕਰਦਾ ਤੇ ਦਰਖ਼ਤ ਲਾਖ ਦੇ ਪਿਆਂ ਨਾਸ ਹੁੰਦਾ ਹੈ। ੪. ਜਿਸ ਤਰ੍ਹਾਂ ਸੌਦਾਅ ਅਤੀਸਾਰ ਅਤੇ ਖਈ ਰੋਗ ਮਨੁੱਖ ਨੂੰ ਵਿਚੇ ਵਿਚ ਸਾੜ ਕੇ ਮਾਰ ਦੇਂਦੇ ਹਨ। ੫. ਜਿਸ ਤਰ੍ਹਾਂ ਚੋਗ ਚੁਗਣ ਦੀ ਭੁਖ ਕਰਕੇ ਪੰਛੀ ਜਾਲ ਵਿਚ ਫਸਦੇ ਹਨ। ੬. ਇਸੇ ਤਰ੍ਹਾਂ ਨਾ ਪਚਣ ਵਾਲੇ ਪੂਜਾ ਦੇ ਭੰਡਾਰੇ ਦੀ ਝਾਕ ਜਿਸ ਬੇਮੁਖ ਨੂੰ ਲਗਦੀ ਹੈ ਉਸਦਾ ਨਾਸ ਕਰਦੀ ਹੈ।੧੪।

ਭਾਵ : ਪੂਜਾ ਦਾ ਧਾਨ ਕਰਤਾਰ ਤੋਂ ਭੁੱਲ ਰੂਪ ਸੌਦਾਅ ਤੇ ਵਿਕਾਰਾਂ ਵਿਚ ਗਰਕ ਕਰਨ ਰੂਪ ਅਤੀਸਾਰ ਅਤੇ ਝਾਕ ਦਾ ਸਵਾਦ ਰੂਪੀ ਖਈ ਰੋਗ ਲਾ ਕੇ ਪੁਜਾਰੀ ਦਾ ਮੰਦਾ ਹਾਲ ਕਰਦਾ ਹੈ।

ਪੂਰਬਾਕਰਣ

੧. ਅਉਚਰੁ ਝਾਕ ਭੰਡਾਰ ਦੀ ਚੁਖੁ ਲਗੈ ਚਖੀ।
੨. ਹੋਇ ਦੁਕੁਧਾ ਨਿਕਲੈ ਭੋਜਨੁ ਮਿਲਿ ਮਖੀ।
੩. ਰਾਤਿ ਸੁਖਾਲਾ ਕਿਉ ਸਵੈ ਤਿਣੁ ਅੰਦਰਿ ਅਖੀ।
੪. ਕਖਾ ਦਬੀ ਅਗਿ ਜਿਉ ਓਹੁ ਰਹੈ ਨ ਰਖੀ।
੫. ਝਾਕ ਝਕਾਈਐ ਝਾਕਵਾਲੁ ਕਰਿ ਭਖ ਅਭਖੀ।
੬. ਗੁਰ ਪਰਸਾਦੀ ਉਬਰੇ ਗੁਰ ਸਿਖਾ ਲਖੀ॥੧੫॥

ਅਰਥ : ੧. ਪੂਜਾ ਦੇ ਭੰਡਾਰੇ ਦੀ ਝਾਕ ਅਭਖ ਹੈ (ਪਰ ਜਿਸਨੂੰ ਇਸ ਦੇ) ਚੱਖਣ ਦੀ ਚਾਹ ਲਗਦੀ ਹੈ। ੨. ਉਸਦੀ ਉਤਾੜ (ਕੈ) ਹੋ ਕੇ ਨਿਕਲ ਜਾਂਦੀ ਹੈ ਜਿਸ ਤਰ੍ਹਾਂ ਮੱਖੀ ਨਾਲ ਮਿਲਿਆ ਭੋਜਨ ਕੈ ਹੋਕੇ ਨਿਕਲਦਾ ਹੈ। ੩. ਜਿਸ ਦੀਆਂ ਅੱਖਾਂ ਅੰਦਰ ਕੱਖ ਹੈ ਉਹ ਰਾਤ ਕਿਸ ਤਰ੍ਹਾਂ ਸੌਖਾ ਸਵੇਂਗਾ ? ੪. ਜਿਸ ਤਰ੍ਹਾਂ ਕਖਾਂ ਹੇਠ ਦੱਬੀ ਹੋਈ, ਅੱਗ ਹੈ ਉਹੀ ਰੱਖੀ ਨਹੀਂ ਰਹਿੰਦੀ। ੫. ਜੋ ਝਾਕ ਵਾਲਾ ਹੈ, ਉਹ ਝਾਕ ਨੂੰ ਹੀ ਝਾਕਦਾ (ਹੋਇਆ) ਨਾ ਖਾਣ ਵਾਲੇ ਪਦਾਰਥ ਦਾ ਭੀ ਖਾਣਾ ਕਰਦਾ ਹੈ। ੬. ਜਿਨ੍ਹਾਂ ਗੁਰਸਿੱਖਾਂ ਨੇ ਇਹ ਗੱਲ ਜਾਣੀ ਹੈ ਉਹ ਗੁਰਾਂ ਦੀ ਕਿਰਪਾ ਨਾਲ ਝਾਕ ਤੋਂ ਬਚੇ ਹਨ।੧੫। ✲

ਨਿੰਦਾ ਭਲੀ ਕਿਸੈ ਕੀ ਨਾਹੀ

ਸ਼ਾਸਤ੍ਰਾਂ ਵਿਚ ਨਿੰਦਾ-ਚੁਗਲੀ ਨੂੰ ਮਹਾਪਾਪ ਮੰਨਿਆ ਹੈ, ਗੁਰਬਾਣੀ ਵਿਚ ਵੀ ਆਇਆ ਹੈ।

ਨਿੰਦਾ ਭਲੀ ਕਿਸੈ ਕੀ ਨਾਹੀ, ਮਨਮੁਖ ਮੁਗਧ ਕਰੰਨਿ॥
ਮੁਹ ਕਾਲੇ ਤਿਨ ਨਿੰਦਕਾਂ ਨਰਕੇ ਘੋਰ ਪਵੰਨਿ॥ *(ਪੰਨਾ ੭੫੫)*

ਮਨੁੱਖ ਭਾਵੇ ਅਨੇਕਾਂ ਤੀਰਥ ਯਾਤਰਾਵਾਂ, ਗੀਤਾ, ਰਾਮਾਇਣ, ਵੇਦ ਸ਼ਾਸਤ੍ਰਾਂ, ਸਿੰਮ੍ਰਤੀਆਂ, ਆਦਿ-ਦਸਮ-ਗ੍ਰੰਥ ਦੇ ਪਾਠ, ਹੋਰ ਸੰਸਾਰਿਕ ਧਰਮ ਕਰਮ ਕਰਕੇ ਆਪਣਾ ਪ੍ਰਲੋਕ ਸਵਾਰਦਾ ਹੋਵੇ। ਪਰ ਜੇ ਉਹ ਕਿਸੇ ਦੀ ਨਿੰਦਾ ਕਰਦਾ ਹੈ ਤੇ ਉਹ ਸਾਰੇ ਕਰਮ ਨਿਹਫਲ ਹਨ :

ਜੇ ਓਹੁ ਅਠਸਠਿ ਤੀਰਥ ਨਾਵੈ॥
ਜੇ ਓਹੁ ਦੁਆਦਸ ਸਿਲਾ ਪੂਜਾਵੈ॥
ਜੇ ਓਹੁ ਕੂਪਤਟਾ ਦੇਵਾਵੈ॥
ਕਰੈ ਨਿੰਦ ਸਭ ਬਿਰਥਾ ਜਾਵੈ॥੧॥ *(ਪੰਨਾ ੮੭੫)*

ਅਤਿ ਦੁਖਦਾਇਕ ਗੱਲ ਹੈ ਜੋ ਸਿੱਖ ਹੁੰਦੇ ਹੋਏ ਵੀ ਗੁਰੂ ਦੀ ਨਿੰਦਾ ਕਰਨੋਂ ਬਾਜ ਨਹੀਂ ਆਉਂਦੇ। ਉਨ੍ਹਾਂ ਲਈ ਗੁਰਬਾਣੀ ਵਿਚ ਲਿਖਿਆ ਹੈ :

ਸਾਧ ਕਾ ਨਿੰਦਕੁ ਕੈਸੇ ਤਰੈ॥
ਸਰ ਪਰਜਾਨੋ ਨਰਕ ਹੀ ਪਰੈ॥ਰਹਾਉ॥
ਜੇ ਓਹੁ ਗ੍ਰਹਨ ਕਰੈ ਕੁਲਖੇਤਿ॥
ਅਰਪੈ ਨਾਰਿ ਸੀਗਾਰ ਸਮੇਤਿ॥
ਸਗਲੀ ਸਿੰਮ੍ਰਿਤਿ ਸ੍ਰਵਨੀ ਸੁਨੈ॥
ਕਰੈ ਨਿੰਦ ਕਵਨੈ ਨਹੀ ਗੁਨੈ॥੨॥
ਜੇ ਓਹੁ ਅਨਿਕ ਪ੍ਰਸਾਦ ਕਰਾਵੈ॥
ਭੂਮਿ ਦਾਨ ਸੋਭਾ ਮੰਡਪਿ ਪਾਵੈ॥
ਅਪਨਾ ਬਿਗਾਰਿ ਬਿਰਾਂਨਾ ਸਾਂਢੈ॥

ਕਰੈ ਨਿੰਦ ਬਹੁਜੋਨੀ ਹਾਂਢੈ॥
ਨਿੰਦਾ ਕਹਾ ਕਰਹੁ ਸੰਸਾਰਾ॥
ਨਿੰਦਕ ਕਾ ਪਰਗਟਿ ਪਾਹਾਰਾ॥
ਨਿੰਦਕੁ ਸੋਧਿ ਸਾਧਿ ਬੀਚਾਰਿਆ॥
ਕਹੁ ਰਵਿਦਾਸ ਪਾਪੀ ਨਰਕਿ ਸਿਧਾਰਿਆ॥ *(ਪੰਨਾ ੮੭੫)*

ਮਨਮੁੱਖਾ ਮੂਰਖਾਂ ਆਦਿ ਦੁਆਰਾ ਕੀਤੀ ਗਈ ਨਿੰਦਾ ਦਾ ਮਹਾਪੁਰਖਾਂ ਗੁਰੂਆਂ, ਸਾਧੂ ਸੰਤਾਂ ਨੂੰ ਕੋਈ ਮਾੜਾ ਅਸਰ ਨਹੀਂ ਹੁੰਦਾ ਪਰੰਤੂ ਚੰਨ ਦੇ ਉੱਤੇ ਥੁੱਕਣ ਵਾਲੀ ਗੱਲ ਹੈ। ਜਿਸ ਦਾ ਮਹਾਪੁਰਖਾਂ ਨੂੰ ਉਲਟਾ ਲਾਭ ਪ੍ਰਾਪਤ ਹੁੰਦਾ ਹੈ। ਇਸ ਲਈ ਕਬੀਰ ਜੀ ਦਾ ਕਥਨ ਹੈ:

ਨਿੰਦਉ ਨਿੰਦਉ ਮੋ ਕਉ ਲੋਗੁ ਨਿੰਦਉ॥
ਨਿੰਦਾ ਜਨ ਕਉ ਖਰੀ ਪਿਆਰੀ॥
ਨਿੰਦਾ ਬਾਪੁ ਨਿੰਦਾ ਮਹਤਾਰੀ॥ਰਹਾਉ॥
ਨਿੰਦਾ ਹੋਇ ਤ ਬੈਕੁੰਠਿ ਜਾਈਐ॥
ਨਾਮੁ ਪਦਾਰਥੁ ਮਨਹਿ ਬਸਾਈਐ॥
ਰਿਦੈ ਸੁਧ ਜਉ ਨਿੰਦਾ ਹੋਇ॥
ਹਮਰੇ ਕਪਰੇ ਨਿੰਦਕੁ ਧੋਇ॥੧॥
ਨਿੰਦਾ ਕਰੈ ਸੁ ਹਮਰਾ ਮੀਤੁ॥
ਨਿੰਦਕ ਮਾਹਿ ਹਮਾਰਾ ਚੀਤੁ॥
ਨਿੰਦਕੁ ਸੋ ਜੋ ਨਿੰਦਾ ਹੋਰੈ॥
ਹਮਰਾ ਜੀਵਨ ਨਿੰਦਕੁ ਲੋਰੈ॥
ਨਿੰਦਾ ਹਮਰੀ ਪ੍ਰੇਮ ਪਿਆਰੁ॥
ਨਿੰਦਾ ਹਮਰਾ ਕਰੈ ਉਧਾਰੁ॥
ਜਨ ਕਬੀਰ ਕਉ ਨਿੰਦਾ ਸਾਰੁ॥
ਨਿੰਦਾ ਡੂਬਾ ਹਮ ਉਤਰੇ ਪਾਰਿ॥੩॥੨੦॥ *(ਪੰਨਾ ੩੩੯)*

ਭਗਤ ਕਬੀਰ ਜੀ ਦੇ ਮੱਤ ਦੀ ਪੁਸ਼ਟੀ ਸ੍ਰੀ ਗੁਰੂ ਅਰਜਨ ਦੇਵ ਜੀ ਵੀ ਕਰਦੇ ਹੋਏ ਲਿਖਦੇ ਹਨ, ਕਿ ਇਨ੍ਹਾਂ ਨਿੰਦਕਾਂ ਨੂੰ ਪ੍ਰਮੇਸ਼ਰ ਭੁਲਿਆ ਹੈ। ਜਿਸ ਕਰਕੇ ਇਹ ਨਿੰਦਾ ਕਰਦੇ ਹਨ। ਜਿਸ ਦਾ ਫਲ ਇਨ੍ਹਾਂ ਨਿੰਦਕਾਂ ਨੂੰ ਇਹ ਪ੍ਰਾਪਤ ਹੋਵੇਗਾ ਕਿ ਇਹ ਆਪ ਅਤੇ ਆਪਣੇ ਸੰਗੀ ਸਾਥੀਆਂ ਸਮੇਤ ਅੱਗ ਵਿਚ ਸਾੜੇ ਜਾਣਗੇ।

ਆਸਾ ਮਹਲਾ ੫ ॥
ਅਰੜਾਵੈ ਬਿਲਲਾਵੈ ਨਿੰਦਕੁ ॥
ਪਾਰਬ੍ਰਹਮੁ ਪਰਮੇਸਰ ਬਿਸਰਿਆ ਅਪਣਾ ਕੀਤਾ ਪਾਵੈ ਨਿੰਦਕ ॥੧॥ਰਹਾਉ॥
ਜੇ ਕੋਈ ਉਸ ਕਾ ਸੰਗੀ ਹੋਵੈ ਨਾਲੇ ਲਏ ਸਿਧਾਵੈ ॥
ਅਣਹੋਦਾ ਅਜਗਰੁ ਭਾਰੁ ਉਠਾਏ ਨਿੰਦਕੁ ਅਗਨੀ ਮਾਹਿ ਜਲਾਵੈ ॥
ਪਰਮੇਸਰ ਕੈ ਦੁਆਰੈ ਜਿ ਹੋਇ ਬਿਤੀਤੈ ਸੁ ਨਾਨਕੁ ਆਖਿ ਸੁਣਾਵੈ ॥
ਭਗਤ ਜਨਾ ਕਉ ਸਦਾ ਅਨੰਦੁ ਹੈ
ਹਰਿ ਕੀਰਤਨੁ ਗਾਇ ਬਿਗਸਾਵੈ ॥੨॥ *(ਪੰਨਾ ੩੭੩)*

ਜਦੋਂ ਤੋਂ ਸ੍ਰਿਸ਼ਟੀ ਦੀ ਰਚਨਾ ਹੋਈ ਹੈ, ਉਦੋਂ ਤੋਂ ਹੀ ਅਕਾਲ ਪੁਰਖ ਦੇਹਧਾਰੀ ਸਤਿਗੁਰੂ ਦੇ ਰੂਪ ਵਿਚ ਆ ਰਿਹਾ ਹੈ, ਨਾਲ ਹੀ ਗੁਰੂ ਨਿੰਦਕ (ਵਿਰੋਧੀ) ਵੀ ਚਲੇ ਆ ਰਹੇ ਹਨ। ਜਦੋਂ ਪ੍ਰਮੇਸ਼ਵਰ ਵਾਮਨ ਰੂਪ ਧਾਰ ਕੇ ਆਇਆ ਤਾਂ ਅਸੁਰ ਗੁਰੂ ਸ਼ੁਕਰਚਾਰੀਆ ਵਿਰੋਧੀ ਬਣਿਆ। ਜੇ ਪ੍ਰਮੇਸ਼ਰ ਰਾਮ ਬਣ ਕੇ ਆਇਐ ਤਾਂ ਰਾਵਨ ਅਤੇ ਰਾਕਸ਼ ਜੇ ਸ੍ਰੀ ਕ੍ਰਿਸ਼ਨ ਦੇ ਰੂਪ ਵਿਚ ਆਇਆ ਤਾਂ ਉਸਦੀ ਵਿਰੋਧਤਾ ਲਈ ਉਸਦਾ ਮਾਮਾ ਕੰਸ ਨਾਲ ਸੀ। ਇਸੇ ਪ੍ਰਕਾਰ ਜੇ ਪ੍ਰਮੇਸਵਰ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਅਤੇ ਸਤਿਗੁਰੂ ਰਾਮ ਸਿੰਘ ਆਦਿ ਦੇ ਰੂਪ ਵਿਚ ਆਇਆ ਤਾਂ ਸਮੇਂ ਦੀਆਂ ਸਰਕਾਰਾਂ ਤੇ ਉਨ੍ਹਾਂ ਦੇ ਪੱਖੀ ਨਾਲ ਹੀ ਸਨ। ਭਾਵ ਕਿ ਗੁਰੂ ਅਤੇ ਗੁਰੂ ਦੇ ਵਿਰੋਧੀਆਂ ਦਾ ਆਪਸ ਵਿਚ ਅਤੁੱਟ ਸਬੰਧ ਹੈ। ਪਰੰਤੂ ਹਰ ਸਮੇਂ ਉਪ੍ਰੋਕਤ ਵਿਰੋਧੀਆਂ ਦਾ ਕੀ ਹਾਲ ਹੋਇਐ ਸ੍ਰੀ ਗੁਰੂ ਨਾਨਕ ਦੇਵ ਜੀ ਹੀ ਲਿਖਦੇ ਹਨ।

ਗਉੜੀ ਮਃ ੧ ॥
ਬ੍ਰਹਮੈ ਗਰਬੁ ਕੀਆ ਜਾਨਿਆ ॥
ਬੇਦ ਕੀ ਬਿਪਤਿ ਪੜੀ ਪਛੁਤਾਨਿਆ ॥
ਜਹ ਪ੍ਰਭ ਸਿਮਰੇ ਤੀਹ ਮਨੁ ਮਨਿਆ ॥
ਐਸਾ ਗਰਬ ਬੁਰਾ ਸੰਸਾਰੇ ॥
ਜਿਸੁ ਗੁਰੁ ਮਿਲੈ ਤਿਸੁ ਗਰਬੁ ਨਿਵਾਰੇ ॥੧॥ਰਹਾਉ॥
ਬਲਿ ਰਾਜਾ ਮਾਇਆ ਅਹੰਕਾਰੀ ॥
ਜਗਨ ਕਰੈ ਬਹੁ ਭਾਰ ਅਫਾਰੀ ॥
ਬਿਨ ਗੁਰ ਪੂਛੇ ਜਾਇ ਪਇਆਰੀ, ਹਰੀਚੰਦੁ ਦਾਨੁ ਕਰੈ ਜਸੁ ਲੇਵੈ ॥
(ਪੰਨਾ ੨੨੪)

ਜਿਸ ਜਿਸ ਨੇ ਆਪਣੇ ਗੁਰੂ ਨਾਲ ਨਿੰਦਾ ਵਿਰੋਧ ਕੀਤਾ, ਉਸਦਾ ਬਹੁਤ ਬੁਰਾ ਹਾਲ ਹੋਇਆ। ਇਸ ਲਈ ਸਦੀਵ ਕਾਲ ਗੁਰੂ ਨਾਲ ਬਣ ਆਏ, ਇਹ ਯਤਨ ਕਰਨਾ ਚਾਹੀਦਾ ਹੈ। ਇੰਨਾ ਹੀ ਗੁਰੂ ਵਾਕਾਂ ਤੋਂ ਮਾਰਗ ਦਰਸ਼ਨ ਲੈਂਦੇ ਹੋਏ ਭਾਈ ਗੁਰਦਾਸ ਜੀ ਨਿੰਦਕਾਂ ਤੇ ਗੁਰੂ ਨਿੰਦਕਾਂ ਪ੍ਰਥਾਇ ਲਿਖਦੇ ਹਨ ਅਤੇ ਉਹ ਨਿੰਦਕਾਂ ਨੂੰ ਅਕ੍ਰਿਤਘਣ ਅਤੇ ਲੂਣ ਹਰਾਮੀ ਦੀ ਸੰਗਿਆ ਵੀ ਪ੍ਰਦਾਨ ਕਰਦੇ ਹਨ। ਕਿਉਂਕਿ ਨਿੰਦਾ ਪਿਛੇ ਨਿੰਦਕ ਦੀ ਜਾਂ ਬੇ-ਮੁਖ ਦੀ ਸਵਾਰਥ ਭਾਵਨਾ ਲੁਕੀ ਹੋਈ ਰਹਿੰਦੀ ਹੈ। ਇਸ ਸਵਾਰਥ ਭਾਵਨਾ ਦੇ ਪਿਛੇ ਉਹ ਕਿਸੇ ਦੀ ਜਾਂ ਗੁਰੂ ਦੀ ਕੀਤੀ ਨੂੰ ਭੁੱਲ ਕੇ ਉਸਦੀ ਬੁਰਿਆਈ ਕਰਦਾ ਹੈ ਜੋ ਮਹਾਂ ਪਾਪ ਅਤੇ ਅਕ੍ਰਿਤਘਨਤਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਵੀ ਲਿਖਦੇ ਹਨ ਕਿ ਅਕ੍ਰਿਤਘਨ ਨਿਮਨ ਸਜ਼ਾਵਾਂ ਦਾ ਅਧਿਕਾਰੀ ਹੁੰਦਾ ਹੈ।

ਜਿਸਨੋ ਬਿਸਰੈ ਪੁਰਖੁ ਬਿਧਾਤਾ॥ ਜਲਤਾ ਫਿਰੈ ਰਹੈ ਨਿਤ ਤਾਤਾ॥
ਅਕਿਰਤਘਣੈ ਕਉ ਰਖੈ ਨ ਕੋਈ ਨਰਕ ਘੋਰ ਮਹਿ ਪਾਵਣਾ॥੭॥

(ਪੰਨਾ ੧੦੮੬)

ਸਲੋਕ ਮ: ੫॥
ਨਰਕ ਘੋਰ ਬਹੁ ਦੁਖ ਘਣੇ ਅਕ੍ਰਿਤਘਣਾ ਕਾ ਥਾਨੁ॥
ਤਿਨਿ ਪ੍ਰਭਿ ਮਾਰੇ ਨਾਨਕਾ ਹੋਇ ਹੋਇ ਮੁਏ ਹਰਾਮੁ॥

(ਪੰਨਾ ੩੧੫)

ਭਾਵ ਕਿ ਉਹ ਜਿਉਂਦੇ ਹੋਏ ਜਗਤ ਵਿਚ ਈਰਖਾ ਦੀ ਅੱਗ ਵਿਚ ਸੜਦਾ ਰਹਿੰਦਾ ਹੈ ਅਤੇ ਮਰਨ ਤੋਂ ਬਾਅਦ ਨਰਕ ਦੀ ਘੋਰ ਅੱਗ ਵਿਚ ਸਾੜਿਆ ਜਾਂਦਾ ਹੈ। ਇਹੋ ਜਿਹੇ ਸਾਕਤ ਲਈ ੮੪ ਨਰਕ ਹਨ। ਗੁਰੂ ਰਾਮਦਾਸ ਜੀ ਅਨੁਸਾਰ ਇਸ ਪ੍ਰਕਾਰ ਦੇ ਬੇਮੁਖ ਲਈ ਅਤੀ ਨਿਮਨ ਸ਼੍ਰੇਣੀ ਦੇ ਨਰਕ ਵਿਚ ਸੁਟਿਆ ਜਾਂਦਾ ਹੈ।

ਧਰਮ ਰਾਇ ਜਮਕੰਕਰਾਂ ਨੋ ਆਖਿ ਛਡਿਆ
ਏਸੁ ਤਪੇ ਨੋ ਤਿਥੈ ਖੜਿ ਪਾਇਹੁ ਜਿਥੈ ਮਹਾ ਮਹਾਂ ਹਤਿਆਰਿਆ॥
ਫਿਰਿ ਏਸੁ ਤਪੇ ਦੈ ਮੁਹਿ ਕੋਈ ਲਗਹੁ ਨਾਹੀ ਏਹੁ
ਸਤਿਗੁਰਿ ਹੈ ਫਿਟਕਾਰਿਆ॥ (ਪੰਨਾ ੩੧੬)

ਇਸੇ ਲਈ ਸ੍ਰੀ ਮਾਨ ਭਾਈ ਗੁਰਦਾਸ ਜੀ ਨਿੰਦਕ, ਅਕ੍ਰਿਤਘਨ ਦੀ ਸੰਗਿਆ ਬੇ-ਮੁਖ ਨੂੰ ਦੇਂਦੇ ਹੋਏ, ਨਿਮਨ ਵਾਰਾਂ ਉਨ੍ਹਾਂ ਦੇ ਮਰਗ ਦਰਸ਼ਨ ਲਈ ਲਿਖਦੇ ਹਨ।

ਨਿੰਦਕ ਆਪਣੀ ਜੜ੍ਹ ਪੁੱਟਦਾ ਹੈ

੧. ਕੁਤਾ ਰਾਜਿ ਬਹਾਲੀਐ ਫਿਰਿ ਚਕੀ ਚਟੈ।
੨. ਸਪੈ ਦੁਧੁ ਪੀਆਲੀਐ ਵਿਹੁ ਮੁਖਹੁ ਸਟੈ।
੩. ਪਥਰੁ ਪਾਣੀ ਰਖੀਐ ਮਨਿ ਹਠੁ ਨ ਘਟੈ।
੪. ਚੋਆ ਚੰਦਨੁ ਪਰਹਿਰੈ ਖਰੁ ਖੇਹ ਪਲਟੈ।
੫. ਤਿਉ ਨਿੰਦਕ ਪਰ ਨਿੰਦਹੁ ਹਥਿ ਮੂਲਿ ਨ ਹਟੈ।
੬. ਆਪਣ ਹਥੀਂ ਆਪਣੀ ਜੜ ਆਪਿ ਉਪਟੈ॥੧॥

ਅਰਥ : ੧. (ਜੇਕਰ) ਕੁੱਤਾ (ਤਖ਼ਤ ਉੱਤੇ) ਬਹਾਈਏ (ਤਾਂ) ਫਿਰ ਭੀ ਉਹ ਚੱਕੀ (ਨੂੰ ਹੀ) ਚੱਟਦਾ ਹੈ। ੨. (ਜੇਕਰ) ਸੱਪ (ਨੂੰ) ਦੁਧ ਪਿਆਈਏ (ਤਦ ਭੀ ਉਹ) ਮੂੰਹ ਵਿਚੋਂ ਜ਼ਹਿਰ (ਹੀ) ਸੁਟਦਾ ਹੈ। ੩. (ਜੇਕਰ) ਪੱਥਰ (ਨੂੰ) ਪਾਣੀ (ਵਿਚ) ਰਖੀਏ (ਤਦ) ਭੀ ਇਸਦੇ ਮਨ ਦਾ ਕਰੜਾਪਨ ਨਹੀਂ ਘਟਦਾ। ੪. (ਜਿਸ ਤਰ੍ਹਾਂ) ਖੋਤਾ ਅਤਰ ਤੇ ਚੰਦਨ (ਦੀ ਸੁਗੰਧੀ) ਛਡ ਕੇ ਖੇਹ ਵਿਚ ਹੀ ਪਲਸਟੇ (ਮਾਰਦਾ) ਹੈ। ੫. ਇਸੇ ਤਰ੍ਹਾਂ ਨਿੰਦਕ ਪਰਾਈ ਨਿੰਦਾ ਕਰਨ ਦੇ ਹਠ (ਵੱਲੋਂ) ਕਦੀ ਨਹੀਂ ਹਟਦਾ। ੬. (ਅਤੇ) ਆਪਣੇ ਹੱਥੀਂ ਆਪਣੀ ਜੜ੍ਹ (ਨੂੰ ਆਪੇ) (ਹੀ) ਪੁੱਟਦਾ ਹੈ।੧੧।

ਭਾਵ : ਨਿੰਦਾ ਕਰਨ ਵਾਲਾ ਆਪਣਾ ਬੁਰਾ ਆਪੇ ਹੀ ਕਰਦਾ ਹੈ।

ਨਿੰਦਕ ਨੂੰ ਸਤਿਸੰਗਤ ਨਹੀਂ ਭਾਉਂਦੀ

੧. ਕਾਉਂ ਕਪੂਰ ਨ ਚਖਈ ਦੁਰਗੰਧਿ ਸੁਖਾਵੈ।
੨. ਹਾਥੀ ਨੀਰਿ ਨੁਵਾਲੀਐ ਸਿਰਿ ਛਾਰੁ ਉਡਾਵੈ।
੩. ਤੁੰਮੇ ਅੰਮ੍ਰਿਤ ਸਿੰਜੀਐ ਕਉੜਤੁ ਨ ਜਾਵੈ।
੪. ਸਿਮਲੁ ਰੁਖੁ ਸਰੇਵੀਐ ਫਲੁ ਹਥਿ ਨ ਆਵੈ।
੫. ਨਿੰਦਕੁ ਨਾਮੁ ਵਿਹੂਣਿਆ ਸਤਿਸੰਗ ਨ ਭਾਵੈ।
੬. ਅੰਨ੍ਹਾ ਆਗੂ ਜੇ ਥੀਐ ਸਭੁ ਸਾਥੁ ਮੁਹਾਵੈ॥੨॥

ਅਰਥ : ੧. ਕਾਂ ਕਪੂਰ ਨੂੰ ਨਹੀਂ ਚਖਦਾ ਤੇ ਉਸਨੂੰ ਬਦਬੋ ਹੀ ਸੁਖਾਉਂਦੀ ਹੈ। ੨. ਹਾਥੀ ਨੂੰ ਪਾਣੀ ਵਿਚ ਨੁਹਾਈਏ (ਤਦ ਭੀ ਉਹ) ਸਿਰ (ਉਤੇ) ਖੇਹ ਉਡਾ ਕੇ (ਪਾ ਲੈਂਦਾ ਹੈ)। ੩. ਤੁੰਮੇ ਨੂੰ ਦੁਧ ਭੀ ਪਾਈਏ (ਤਦ ਭੀ ਉਸਦੀ ਕੁੜੱਤਣ ਨਹੀਂ ਜਾਂਦੀ। ੪. ਸਿੰਮਲ ਦਰਖਤ ਦੀ ਪਾਲਣਾ ਕਰੀਏ ਤਾਂ ਫਲ ਹਥ ਨਹੀਂ ਆਉਂਦਾ। ੫. ਇਸੇ ਤਰ੍ਹਾਂ ਨਾਮ ਤੋਂ ਹੀਣੇ ਨਿੰਦਕ ਨੂੰ ਸਤਿਸੰਗ

ਨਹੀਂ ਭਾਉਂਦਾ। ੬. ਜੇਕਰ ਅੰਨ੍ਹਾ ਆਗੂ ਹੋਵੇ ਤਾਂ ਸਾਰੇ ਸਾਥ ਨੂੰ ਭੁਲਾਉਂਦਾ ਹੈ।੨।

ਨਿੰਦਕ ਗੁਰਾਂ ਦੇ ਗਿਆਨ ਤੋਂ ਖ਼ਾਲੀ ਹੈ

੧. ਲਸਣੁ ਲੁਕਾਇਆ ਨਾ ਲੁਕੇ ਬਹਿ ਖਾਜੈ ਕੂਣੈ।
੨. ਕਾਲਾ ਕੰਬਲੁ ਉਜਲਾ ਕਿਉਂ ਹੋਇ ਸਬੂਣੈ।
੩. ਡੇਮੂ ਖਖਰ ਜੋ ਛੁਹੇ ਦਿਸੈ ਮੁਹਿ ਸੂਣੈ।
੪. ਕਿਤੈ ਕੰਮਿ ਨ ਆਵਈ ਲਾਵਣੁ ਬਿਨੁ ਲੂਣੈ।
੫. ਨਿੰਦਕਿ ਨਾਮ ਵਿਸਾਰਿਆ ਗੁਰ ਗਿਆਨੁ ਵਿਹੂਣੈ।
੬. ਹਲਤਿ ਪਲਤਿ ਸੁਖੁ ਨਾ ਲਹੈ ਦੁਖੀਆ ਸਿਰੁ ਭੂਣੈ॥੩॥

ਅਰਥ : ੧. ਥੋਮ ਨੂੰ ਭਾਵੇਂ ਕਿਸੇ ਨੁੱਕਰ ਵਿਚ ਬਹਿ ਕੇ ਖਾਈਏ ਫਿਰ ਵੀ ਲੁਕਾਇਆ ਨਹੀਂ ਲੁਕਦਾ। ੨. ਕਾਲਾ ਕੰਬਲ ਸਾਬਣ ਨਾਲ ਧੋਤਿਆਂ ਕਿਸ ਤਰ੍ਹਾਂ ਚਿੱਟਾ ਹੋਵੇਗਾ। (ਭਾਵ ਕਦੇ ਚਿੱਟਾ ਨਹੀਂ ਹੁੰਦਾ)। ੩. ਜੋ ਡੇਮੂੰਆਂ[1] ਦੀ ਖੱਖਰ ਨੂੰ ਹੱਥ ਮਾਰੇਗਾ। ਉਸਦਾ ਮੂੰਹ ਸੁਜਿਆ ਹੀ ਦਿਸੇਗਾ। ੪. ਲੂਣ ਤੋਂ ਬਿਨਾਂ ਸਲੂਣਾ ਕਿਸੇ ਕੰਮ ਨਹੀਂ ਆਉਂਦਾ। ੫. ਗੁਰਾਂ ਦੇ ਗਿਆਨ ਤੋਂ ਹੀਣੇ ਨਿੰਦਕ ਦੇ ਨਾਮ ਦਾ ਜਪਣਾ ਭੁਲਾ ਦਿੱਤਾ ਹੈ। ੬. ਇਸ ਲਈ ਪ੍ਰਲੋਕ ਵਿਚ ਸੁਖ ਨਹੀਂ ਲੈਂਦੇ ਤੇ ਦੁਖੀ ਹੋ ਕੇ ਸਿਰ ਝੁਣਦਾ ਹੈ।

ਭਾਵ : ਜਿਵੇਂ ਥੋਮ ਲੁਕ ਨਹੀਂ ਸਕਦਾ ਇਵੇਂ ਨਿੰਦਕ ਛੁਪਿਆ ਨਹੀਂ ਰਹਿ ਸਕਦਾ ਤੇ ਕਾਲੇ ਕੰਬਲ ਵਾਂਗੂ ਉਸਦਾ ਸੁਭਾਵ ਨਹੀਂ ਬਦਲਦਾ ਅੰਤ ਨੂੰ ਪਛਤਾਉਂਦਾ ਹੈ।

ਨਿੰਦਾ ਭਲੀ ਕਿਸੈ ਕੀ ਨਾਹੀ ਮੁਨਮੁਖ ਮੁਗਧਿ ਕਰੰਨਿ

੧. ਡਾਇਣੁ ਮਾਣਸੁ ਖਾਵਣੀ ਪੁਤੁ ਬੁਰਾ ਨ ਮੰਗੈ।
੨. ਵਡਾ ਵਿਕਰਮੀ ਆਖੀਐ ਧੀ ਭੈਣਹੁ ਸੰਗੈ।
੩. ਰਾਜੇ ਧ੍ਰੋਹੁ ਕਮਾਂਵਦੇ ਰੈਬਾਰ ਸੁਰੰਗੈ।
੪. ਬਜਰ ਪਾਪ ਨ ਉਤਰਨਿ ਜਾਇ ਕੀਚਨਿ ਗੰਗੈ।
੫. ਥਰਹਰ ਕੰਬੈ ਨਰਤੁ ਜਮੁ ਸੁਣਿ ਨਿੰਦਕ ਨੰਗੈ।
੬. ਨਿੰਦਾ ਭਲੀ ਨ ਕਿਸੈ ਦੀ ਗੁਰ ਨਿੰਦ ਕੁਢੰਗੈ॥੪॥

---

੧. ਮੈਨਦੁਆਬ ਵਿਚ ਇਸਦਾ ਨਾਮ ਦੰਦਈਆ ਹੈ।

ਅਰਥ : ੧. ਡਾਇਣ ਮਨੁੱਖਾਂ ਨੂੰ ਖਾਂਦੀ ਹੈ ਆਪਣੇ ਧੀ ਪੁਤ ਦਾ ਬੁਰਾ ਨਹੀਂ ਮੰਗਦੀ। ੨. ਜੋ ਵੱਡਾ ਵਿਕਰਮੀ ਆਖੀਦਾ ਹੈ ਉਹ ਭੀ ਧੀ ਭੈਣ ਨਾਲ (ਵਿਭਚਾਰ ਕਰਨ ਤੋਂ ਸੰਗਦਾ ਹੈ। ੩. ਰਾਜੇ ਆਪੋ ਵਿਚ ਦਗੇ ਕਮਾਉਂਦੇ (ਹਨ ਪਰ) ਵਿਚੋਲੇ-ਵਕੀਲ ਉਸੇ ਅਨੰਦ (ਵਿਚ) ਰਹਿੰਦੇ ਹਨ ਜਿਸ ਵਿਚ ਪਹਿਲੇ ਸਨ (ਭਾਵ ਵਕੀਲਾਂ ਨੂੰ ਕੋਈ ਰਾਜਾ ਨਹੀਂ ਮਾਰਦਾ)। ੪. (ਜੋ) ਪਵਿਤ੍ਰ ਸਥਾਨਾਂ (ਉਤੇ) ਜਾ ਕੇ ਕੀਤੇ ਜਾਂਦੇ ਹਨ ਉਹ ਭਾਰੇ ਪਾਪ (ਕਿਸੇ ਤਰ੍ਹਾਂ ਭੀ) ਨਹੀਂ ਉਤਰਦੇ ਹਨ। ੫. ਨਿੰਦਕ (ਦਾ) ਢੰਗ ਸੁਣ ਕੇ ਨਰਕ (ਤੇ) ਜਮ ਥਰ ਥਰ (ਕਰਕੇ ਕੰਬਦਾ ਹੈ ਕਿ ਮਤਾਂ ਮੈਂ ਇਸ ਸੁਆਦੋਂ ਭੀ) ਨਾ ਚਲਾ ਜਾਵਾਂ। ੬. ਨਿੰਦਾ ਕਰਨੀ ਤਾਂ ਕਿਸੇ ਦੀ (ਭੀ) ਨਹੀਂ (ਪਰ) ਗੁਰਾਂ (ਦੀ) ਨਿੰਦਾ (ਕਰਨੀ ਤਾਂ) ਖੋਟਾ ਢੰਗ ਹੈ।੪।

ਭਾਵ : ਗੁਰਾਂ ਦੀ ਨਿੰਦਾ ਕਰਨ ਵਾਲੇ ਨੂੰ ਨਰਕਾਂ ਵਿਚ ਭੀ ਢੋਈ ਨਹੀਂ ਮਿਲਦੀ।

ਨਿੰਦਾ ਦਾ ਫਲ

੧. ਨਿੰਦਾ ਕਰਿ ਹਰਣਾਖਸੈ ਵੇਖਹੁ ਫਲੁ ਵਟੈ।
੨. ਲੰਕ ਲੁਟਾਈ ਰਾਵਣੈ ਮਸਤਕਿ ਦਸ ਕਟੈ।
੩. ਕੰਸੁ ਗਇਆ ਸਣ ਲਸਕਰੈ ਸਭ ਦੈਤ ਸੰਘਟੈ।
੪. ਵੰਸੁ ਗਇਆ ਸਣ ਲਸਕਰੈ ਸਭ ਦੈਤ ਸੰਘਟੈ।
੫. ਦੰਤ ਬਕਤ੍ਰ ਸਿਸਪਾਲ ਦੇ ਦੰਦ ਹੋਏ ਖਟੈ।
੬. ਨਿੰਦਾ ਕੋਇ ਨ ਸਿਝਿਓ ਇਉ ਵੇਦ ਉਘਟੈ।
੭. ਦਰਬਾਸੇ ਨੇ ਸਰਾਪ ਦੇ ਯਾਦਵ ਸਭਿ ਤਟੈ।

ਉਪ੍ਰੋਕਤ ਮਾਰਗ-ਦਰਸ਼ਨ ਸਤਕਾਰ ਜੋਗ ਭਾ. ਸਾਹਿਬ ਗੁਰਦਾਸ ਜੀ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਨਿਮਨ ਬਾਣੀ ਤੋਂ ਲਿਆ ਹੈ। ਨਿਮਨ ਪੜੋ—ਗੁਰੂ ਨਿੰਦਕ।

ਜਨਮ ਜਨਮ ਕੀ ਮਲੁ ਧੋਵੈ ਪਰਾਈ ਆਪਣਾ ਕੀਤਾ ਪਾਵੈ॥
ਈਹਾਂ ਸੁਖੁ ਨਹੀ ਦਰਗਾਹ ਢੋਈ ਜਮਪੁਰਿ ਜਾਇ ਪਚਾਵੈ॥
ਨਿੰਦਕ ਅਹਿਲਾ ਜਨਮ ਗਵਾਇਆ॥
ਪਹੁਚਿ ਨ ਸਾਕੈ ਕਾਹੂ ਬਾਤੈ ਆਗੈ ਠਉਰ ਨ ਪਾਵੈ॥ਰਹਾਉ॥
ਕਿਰਤੁ ਪਇਆ ਨਿੰਦਕ ਬਪੁਰੇ ਕਿਆ ਉਹ ਕਰੈ ਬਿਚਾਰਾ॥
ਤਹਾ ਬਿਗੂਤਾ ਜਹ ਕੋਇ ਨ ਰਾਖੈ ਓਹੁ ਕਿਸ ਪਹਿ ਕਰੇ ਪੁਕਾਰਾ॥੨॥

ਨਿੰਦਕ ਕੀ ਗਤਿ ਕਤਹੂ ਨਾਹੀ ਖਸਮੈ ਏਵੈ ਭਾਣਾ॥
ਜੋ ਜੋ ਨਿੰਦ ਕਰੇ ਸੰਤਨ ਕੀ ਤਿਉ ਸੰਤਨ ਸੁਖੁ ਮਾਨਾ॥
ਸੰਤਾਂ ਟੇਕ ਤੁਮਾਰੀ ਸੁਆਮੀ ਤੂੰ ਸੰਤਨ ਕਾ ਸਹਾਈ॥
ਕਹੁ ਨਾਨਕ ਸੰਤ ਹਰਿ ਰਾਖੇ ਨਿੰਦਕ ਦੀਏ ਰੁੜਾਈ॥੪॥੨॥੪੧॥
(ਪੰਨਾ ੩੮੦)

ਉਪ੍ਰੋਕਤ ਸ਼ਬਦ ਦਾ ਭਾਵ ਹੈ ਜੋ ਬੰਦਾ ਸੰਤਨ (ਗੁਰਾਂ) ਦੀ ਨਿੰਦਾ ਕਰਦਾ ਹੈ। ਉਹ ਬੇ-ਮੁਖ ਉਤਲੇ ਹਾਲਾਤ ਨੂੰ ਪ੍ਰਾਪਤ ਹੁੰਦਾ ਹੈ। ਤਾਂ ਤੇ ਗੁਰਾਂ ਦੀ ਨਿੰਦਾ ਕਰਨ ਤੋਂ ਸਦਾ ਪ੍ਰਹੇਜ਼ ਕਰਨਾ ਚਾਹੀਏ।

ਅਰਥ : ੧. ਦੇਖੋ ਹਰਨਾਕਸ਼ ਨੇ ਨਾਰਦ ਦੀ ਨਿੰਦਾ ਕਰਕੇ ਫਲ ਲਿਆ ਹੈ। ੨. ਰਾਵਣ ਨੇ ਰਾਮ ਦੀ ਨਿੰਦਾ ਕਰਕੇ ਲੰਕਾ ਲੁਟਾਈ ਤੇ ਦਸ ਸਿਰ ਕਟਵਾਏ ਹਨ। ੩. ਕੰਸ ਵਾਸਦੇਵ, ਕ੍ਰਿਸ਼ਨ ਅਤੇ ਆਪਣੇ ਪਿਤਾ ਦੀ ਨਿੰਦਾ ਕਰਕੇ) ਫ਼ੌਜਾਂ ਦੇ ਸਮੇਤ ਚਲਾ ਗਿਆ ਤੇ ਸਾਰੇ ਦੈਂਤ ਭੀ ਉਸਦੇ ਮਾਰੇ ਗਏ ਹਨ। ੪. ਕੈਰਵਾਂ (ਨੇ ਵੀ ਯਾਦਵਾਂ ਦੀ ਨਿੰਦਾ ਕਰਕੇ) ਵੰਸ ਗਵਾਇਆ ਹੈ ਅਤੇ ਲੱਖਾਂ ਖੂਹਣੀਆਂ (ਫ਼ੌਜਾਂ) ਵੱਢੀਆਂ ਗਈਆਂ ਹਨ। ੫. ਜਸਪਾਲ ਤੇ ਦੰਤ ਬਕਤਰ ਦੇ ਭੀ ਨਿੰਦਾ ਕਰਨ ਕਰਕੇ ਦੰਦ ਖੱਟੇ ਹੋਏ ਸਨ। ਨਿੰਦਾ ਕਰਨ ਕਰਕੇ ਕੋਈ ਭੀ ਨਹੀਂ ਸਿਝਿਆ ਇਸ ਤਰ੍ਹਾਂ ਪੁਸਤਕ ਪ੍ਰਗਟ ਕਰਦੇ ਹਨ। ੭. ਯਾਦਵਾਂ (ਨੇ ਗੁਰੂ ਨਾਲ ਮਸਕਰੀ ਕਰਨ ਰੂਪ ਹੀ ਨਿੰਦਾ ਕੀਤੀ ਸੀ, ਅਤੇ ਉਨ੍ਹਾਂ ਨੂੰ) ਸਰਾਪ ਦੇ ਦੁਰਬਾਸ਼ਾ ਨੇ ਸਭਨਾਂ ਨੂੰ ਨਾਸ ਕਰ ਦਿੱਤਾ ਸੀ।੫।

ਭਾਵ : ਜਦ ਇਡੇ ਵੱਡੇ ਵੱਡੇ ਨਿੰਦਾ ਕਰਨ ਦੇ ਪਾਪ ਕਰਕੇ ਤਬਾਹ ਹੋ ਚੁਕੇ ਹਨ ਤਾਂ ਇਕ ਮਾਮੂਲੀ ਆਦਮੀ (ਬੇਮੁਖ) ਦੀ ਕੀ ਔਕਾਤ ਹੈ।

ਗਿਣਤੀ ਗਿਣਨ ਵਾਲਾ ਦੁਖੀ ਹੁੰਦਾ ਹੈ।

੧. ਸਭਨਾਂ ਦੇ ਸਿਰ ਗੁੰਦੀਅਨਿ ਗੰਜੀ ਗੁਰੜਾਵੈ।
੨. ਕੰਨਿ ਤਨਉੜੇ ਕਾਮਣੀ ਬੂਝੀ ਬਰਿੜਾਵੈ।
੩. ਨਥਾਂ ਨਕਿ ਨਵੇਲੀਆਂ ਨਕਟੀ ਨ ਸੁਖਾਵੈ।
੪. ਕਜਲ ਅਖੀਂ ਹਰਣਾਖੀਆਂ ਕਾਣੀ ਕੁਰਲਾਵੈ।
੫. ਸਭਨਾਂ ਚਾਲ ਸੁਹਾਵਣੀ ਲੰਗੜੀ ਲੰਘੜਾਵੈ।
੬. ਗਣਤ ਗਣੈ ਗੁਰਦੇਵ ਦੀ ਤਿਸੁ ਦੁਖਿ ਵਿਹਾਵੈ॥੬॥

ਅਰਥ : ੧. ਸਾਰਿਆਂ ਦੇ ਸਿਰ ਗੁੰਦੇ ਹੋਏ ਦੇਖ ਕੇ ਗੰਜੀ ਗਰੜਾਉਂਦੀ ਹੈ। ੨. ਇਸਤ੍ਰੀਆਂ ਦੇ ਕੰਨੀਂ ਪਿੱਪਲ ਵਤਰੇ ਵੇਖ ਕੇ ਕੰਨਾਂ ਤੋਂ ਹੀਣੀ ਬੁੜ-ਬੁੜ

ਕਰਦੀ ਹੈ। ੩. ਸਹੇਲੀਆਂ (ਦੇ ਨੱਕਾਂ ਵਿਚ) ਨੱਥਾਂ ਵੇਖ ਕੇ ਨੱਕ ਤੋਂ ਹੀਣੀ (ਨੂੰ) ਨਹੀਂ ਸੁਖਾਉਂਦੀਆਂ। ੪. ਹਰਨ (ਵਰਗੀਆਂ ਸੋਹਣੀਆਂ) ਅੱਖੀਆਂ ਦੇ ਵਿਚ ਕੱਜਲ ਵੇਖ ਕੇ ਕਾਣੀ ਰੋਂਦੀ ਹੈ। ੫. ਸਾਰਿਆਂ ਦੀ ਸੋਹਣੀ ਚਾਲ ਵੇਖ ਕੇ ਲੰਗੜੀ ਭੀ ਲੰਗੜਾਉਂਦੀ ਹੈ। ੬. (ਜੋ ਨਿੰਦਕ) ਗੁਰਦੇਵ ਦੀ ਗਿਣਤੀ ਗਿਣਦਾ ਹੈ, ਤਿਸਦੀ (ਉਮਰਾ) ਦੁਖ ਵਿਚ ਬੀਤਦੀ ਹੈ।

ਭਾਵ : ਪਿਛਲੇ ਦ੍ਰਿਸ਼ਟਾਂਤ ਵਾਂਗੂੰ ਨਿੰਦਕ ਭੀ ਆਪਣੇ ਔਗੁਣ ਨਾ ਜਾਣ ਕੇ ਦੁਖੀ ਹੁੰਦਾ ਹੈ।

ਗਿਣਤੀ ਕਰਨ ਵਾਲੇ ਦਾ ਜਨਮ ਵਿਅਰਥ ਹੈ

੧. ਅਪਤ੍ਰ ਕਰੀਰੁ ਨ ਮਉਲੀਐ ਦੇ ਦੋਸੁ ਬਸੰਤੈ।
੨. ਸੰਢਿ ਸਪੁਤੀ ਨ ਥੀਐ ਕਣਤਾਵੈ ਕੰਤੈ।
੩. ਕਲਰਿ ਖੇਤੁ ਨ ਜੰਮਈ ਘਣਹਰੁ ਵਰਸੰਤੈ।
੪. ਪੰਗਾ ਪਿਛੈ ਚੰਗਿਆਂ ਅਵਗੁਣ ਗੁਣਵੰਤੈ।
੫. ਸਾਇਰੁ ਵਿਚਿ ਘੰਘੂਟਿਆਂ ਬਹੁ ਰਤਨ ਅਨੰਤੈ।
੬. ਜਨਮ ਗਵਾਇ ਅਕਾਰਥਾ ਗੁਰੁ ਗਣਤ ਗਣੰਤੈ॥੭॥

ਅਰਥ : ੧. ਕਰੀਰ ਪੱਤਿਆਂ ਤੋਂ ਹੀਣਾ ਹੋਣ ਕਰਕੇ (ਆਪ) ਖਿੜਦਾ ਨਹੀਂ (ਤੇ) ਦੋਸ਼ ਬਸੰਤ (ਰੁਤ ਨੂੰ) ਦੇਂਦਾ ਹੈ। ੨. ਬਾਂਝ (ਇਸਤ੍ਰੀ) ਆਪ ਪੁੱਤਰ ਵਾਲੀ ਨਹੀਂ ਹੁੰਦੀ। (ਅਤੇ) ਪਤੀ (ਨੂੰ) ਦੋਸ਼ ਦੇਂਦੀ ਹੈ। ੩. ਕੱਲਰ ਵਿਚ ਖੇਤੀ ਨਹੀਂ ਜੰਮਦੀ (ਭਾਵੇਂ) ਕਿੰਨਾ ਹੀ ਮੀਂਹ ਵਸੇ। ੪. ਬੁਰਾ (ਭੀ) ਚੰਗਿਆਂ ਦੇ ਪਿਛੇ ਅਗੁਣਾਂ (ਤੋਂ) ਗੁਣ ਵਾਲਾ (ਹੋ ਜਾਂਦਾ ਹੈ)। ੫. (ਜਿਸ ਤਰ੍ਹਾਂ) ਸਮੁੰਦਰ ਵਿਚ ਬਹੁਤੇ ਘੋਘਿਆਂ ਤੋਂ ਹੀ ਅਨੰਤਾਂ ਰਤਨ (ਪੈਦਾ ਹੁੰਦੇ ਹਨ)। ੬. (ਜੋ) ਗੁਰਾਂ ਦੇ ਕਰਤਬਾਂ ਦੀ (ਨਿੰਦਕ) ਗਿਣਤੀ ਗਿਣਦਾ (ਹੈ, ਉਸਨੇ ਆਪਣਾ) ਜਨਮ ਵਿਅਰਥ ਗਵਾਇਆ ਹੈ।

ਭਾਵ : ਨਿੰਦਕ ਗੁਰੂ ਜੀ ਦੇ ਕੰਮਾਂ ਦੇ ਸਿਧਾਂਤ ਨੂੰ ਨਾ ਸਮਝ ਕੇ ਅਤੇ ਕੰਮ ਨੂੰ ਦੇਖ ਕੇ ਨਿੰਦਾ ਕਰਨ ਲਗ ਪੈਂਦਾ ਹੈ।

ਅਕ੍ਰਿਤਘਣ ਮੰਦਿਆਂ ਤੋਂ ਮੰਦੇ ਹਨ

੧. ਨਾ ਤਿਸੁ ਭਾਰੇ ਪਰਬਤਾਂ ਅਸਮਾਨ ਖਹੰਦੇ।
੨. ਨਾ ਤਿਸੁ ਭਾਰੇ ਕੋਟ ਗੜ੍ਹ ਘਰ ਬਾਰ ਦਿਸੰਦੇ।
੩. ਨਾ ਤਿਸੁ ਭਾਰੇ ਸਾਇਰਾਂ ਨਦ ਵਾਹ ਵਹੰਦੇ।

੫. ਨਾ ਤਿਸੁ ਭਾਰੇ ਜੀਅ ਜੰਤ ਅਣਗਣਤ ਫਿਰੰਦੇ।
੬. ਭਾਰੇ ਭੁਈਂ ਅਕਿਰਤਘਣ ਮੰਦੀ ਹੂ ਮੰਦੇ।੮।

ਅਰਥ : ੧. ਜੋ ਪਹਾੜ ਅਕਾਸ਼ ਨਾਲ ਖਹਿੰਦੇ (ਹਨ, ਉਹ ਭੀ) ਉਸਨੂੰ ਭਾਰੇ ਨਹੀਂ ਹਨ। ੨. ਜੋ ਘਰ ਬਾਰ ਕਿਲ੍ਹੇ (ਤੇ) ਗੜ੍ਹ ਦਿਸਦੇ ਹਨ, (ਇਹ ਭੀ) ਉਸਨੂੰ ਭਾਰ ਨਹੀਂ ਹਨ। ੩. ਜੋ ਸਮੁੰਦਰ ਨਦੀਆਂ (ਤੇ) ਵਹਿਣ ਵਗਦੇ (ਹਨ, ਇਹ ਭੀ) ਉਸਨੂੰ ਭਾਰੇ ਨਹੀਂ ਹਨ। ੪. ਜੋ ਦਰਖਤ ਫਲਾਂ (ਨਾਲ) ਸੁਫਲ ਫਲਦੇ (ਹਨ, ਇਹ ਭੀ) ਉਸਨੂੰ ਭਾਰੇ ਨਹੀਂ ਹਨ। ੫. ਜੋ ਗਿਣਤੀ ਤੋਂ ਰਹਿਤ ਜੀਵ ਜੰਤ ਫਿਰਦੇ (ਹਨ ਇਹ ਭੀ) ਉਸਨੂੰ ਭਾਰੇ ਨਹੀਂ ਹਨ। ੬. ਕੇਵਲ ਅਕ੍ਰਿਤਘਣ ਹੀ ਮੰਦਿਆਂ ਤੋਂ ਮੰਦੇ ਧਰਤੀ ਨੂੰ ਭਾਰੇ ਹਨ।੮।

ਭਾਵ : "ਅਕ੍ਰਿਤਘਣਾ ਹਰਿ ਵਿਸਰਿਆ ਜੋਨੀ ਭਰਮੇਤ ॥" ਅਕ੍ਰਿਤਘਣਾ ਦਾ ਭਾਰ ਧਰਤੀ ਨਹੀਂ ਸਹਾਰ ਸਕਦੀ ਤੇ ਉਹ ਸਦਾ ਜੰਮਣ ਮਰਨ ਦਾਦੁਖ ਭੋਗਦੇ ਹਨ।

ਅਕ੍ਰਿਤਘਣ ਦੀ ਦਸ਼ਾ

੧. ਮਦ ਵਿਚਿ ਰਿਧਾ ਪਾਇ ਕੈ ਕੁਤੇ ਦਾ ਮਾਸੁ।
੨. ਧਰਿਆ ਮਾਣਸ ਖੋਪਰੀ ਤਿਸੁ ਮੰਦੀ ਵਾਸੁ।
੩. ਰਤੂ ਭਰਿਆ ਕਪੜਾ ਕਰਿ ਕਜਣੁ ਤਾਸੁ।
੪. ਢਕਿ ਲੈ ਚਲੀ ਚੂਹੜੀ ਕਰਿ ਭੋਗ ਬਿਲਾਸੁ।
੫. ਆਖਿ ਸੁਣਾਏ ਪੁਛਿਆ ਲਾਹੇ ਵਿਸਵਾਸੁ।
੬. ਨਦਰੀ ਪਵੈ ਅਕਿਰਤਘਣੁ ਮਤੁ ਹੋਇ ਵਿਣਾਸ॥੯॥

ਅਰਥ : ੧. (ਚੂਹੜੀ ਨੇ) ਸ਼ਰਾਬ ਵਿਚ ਪਾ ਕੇ ਕੁਤੇ ਦਾ ਮਾਸ ਰਿੱਧਾ ਸੀ। ੨. (ਅਤੇ) ਮਨੁੱਖ ਖੋਪਰੀ (ਵਿਚ ਪਾ ਕੇ) ਰਖਿਆ ਸੀ, (ਤੇ ਉਸ ਵਿਚੋਂ) ਮੰਦੀ ਵਾਸ਼ਨਾ (ਆਉਂਦੀ ਸੀ)। ੩. (ਅਤੇ ਜਿਸ ਨਾਲ ਉਸਨੂੰ ਕੱਜਣ ਕੀਤਾ ਹੋਇਆ ਸੀ ਉਹ) ਕਪੜਾ ਲਹੂ ਦਾ ਭਰਿਆ (ਹੋਇਆ ਸੀ)। ੪. ਇਸ ਤਰ੍ਹਾਂ ਕੱਜ ਕੇ ਚੂਹੜੀ ਭੋਗ ਬਿਲਾਸ ਕਰਨ ਲਈ ਲੈ ਕੇ ਚਲੀ ਜਾਂਦੀ ਸੀ। ੫. ਕਿਸੇ ਨੇ ਪੁਛਿਆ ਬੀਬੀ ਇਹ ਕੀ ਲਈ ਜਾਂਦੀ ਹੈ ? ਅਗੋਂ ਚੂਹੜੀ ਨੇ ਉਸਦਾ ਸੰਸਾ ਲਾਹੁਣ ਲਈ ਆਖ ਕੇ ਸੁਣਿਆ (ਕਿ ਕੁੱਤੇ ਦਾ ਮਾਸ ਸ਼ਰਾਬ ਵਿਚ ਰਿੱਧਾ ਹੈ, ਮਨੁੱਖ ਦੀ ਖੋਪਰੀ ਵਿਚ ਪਾਇਆ ਹੈ, ਉਤੋਂ ਲਹੂ ਦੇ ਭਰੇ ਕਪੜੇ ਨਾਲ ਇਸ ਲਈ ਕੱਜ ਕੇ ਲਈ ਜਾਂਦੀ ਹਾਂ)। ੬. ਕਿ ਮਤਾਂ ਅਕ੍ਰਿਤਘਣ ਦੀ ਨਜ਼ਰੀਂ ਪੈ ਕੇ ਇਸ ਤੋਂ ਭੀ ਨਿਕੰਮਾ ਨਾ ਹੋ ਜਾਵੇ।

ਭਾਵ : ਅਕ੍ਰਿਤਘਣ ਦੀ ਨਜ਼ਰ ਹੀ ਬਹੁਤ ਨਿਕੰਮੀ ਅਤੇ ਬੁਰੀ ਹੈ।

ਲੂਣ ਹਰਾਮੀ

੧. ਚੋਰੁ ਗਇਆ ਘਰਿ ਸਾਹ ਦੈ ਘਰ ਅੰਦਰਿ ਵੜਿਆ।
੨. ਕੁਛਾ ਕੂਣੈ ਭਾਲਦਾ ਚਉਬਾਰੇ ਚੜ੍ਹਿਆ।
੩. ਸੁਇਨਾ ਰੁਪਾ ਪੰਡ ਬੰਨ੍ਹਿ ਅਗਲਾਈ ਅੜਿਆ।
੪. ਲੋਭ ਲਹਰਿ ਹਲਕਾਇਆ ਲੂਣ ਹਾਂਡਾ ਫੜਿਆ।
੫. ਚੁਖਕੁ ਲੈ ਕੇ ਚਖਿਆ ਤਿਸੁ ਕਖੁ ਨ ਖੜਿਆ।
੬. ਲੂਣ ਹਰਾਮੀ ਗੁਨਾਹਗਾਰੁ ਧੜੁ ਧੰਮੜ ਧੜਿਆ॥੧੦॥

ਅਰਥ : ੧. ਇਕ ਚੋਰ ਚੋਰੀ ਕਰਨ ਸ਼ਾਹੂਕਾਰ ਦੇ ਘਰ ਗਿਆ ਤੇ ਜਾ ਕੇ ਘਰ ਦੇ ਅੰਦਰ ਵੜ ਗਿਆ ਸੀ। ੨. ਆਸੇ ਪਾਸੇ ਢੂੰਡਿਆ ਜਦ ਕੁਝ ਨਾ ਲੱਭਾ ਤਾਂ ਚੁਬਾਰੇ ਉਤੇ ਜਾ ਚੜ੍ਹਿਆ ਸੀ। ੩. ਸੋਨੇ ਚਾਂਦੀ ਦੀ ਪੰਡ ਤਾਂ ਬੰਨ੍ਹ ਲਈ, ਪਰ ਲਾਲਚ ਵਿਚ ਫਸ ਗਿਆ ੪. ਜਦ ਲੋਭ ਦੀ ਲਹਿਰ ਦਾ ਹਲਕ ਆਇਆ ਤਦ ਲੂਣ ਦਾ ਭਾਂਡਾ ਫੜ ਲਿਆ। ੫. ਉਸ ਵਿਚੋਂ ਥੋੜਾ ਜਿਹਾ ਲੈ ਕੇ ਕੇ ਚਖਿਆ ਸੀ ਅਤੇ ਫਿਰ ਸੋਨੇ ਚਾਂਦੀ ਵਿਚੋਂ ਉਹ ਕੱਖ ਭੀ ਨਹੀਂ ਲੈ ਕੇ ਗਿਆ ਸੀ ਕਿਉਂਕਿ ਮਨ ਵਿਚ ਵਿਚਾਰਿਆ ਕਿ ਮੈਂ ਇਸਦਾ ਲੂਣ ਖਾ ਲਿਆ ਹੈ ਇਸ ਲਈ ਲੂਣ ਹਰਾਮ ਨਹੀਂ ਬਣਨਾ ਚਾਹੁੰਦਾ। ੬. ਕਿਉਂਕਿ ਲੂਣ ਹਰਾਮੀ ਗੁਨਾਹੀ ਹੁੰਦਾ ਹੈ (ਅਤੇ ਉਹ ਦਰਗਾਹ ਵਿਚ) ਨਗਾਰੇ ਵਾਂਗੂੰ ਚੋਬਾਂ ਨਾਲ ਕੁਟੀਦਾ ਹੈ ਅਥਵਾ—ਜਿਵੇਂ ਤੂੜੀ ਦੇ ਧੜ ਨੂੰ ਤ੍ਰੰਗਲੀ ਨਾਲ ਕੁਟੀਦਾ ਹੈ, ਇਸੇ ਤਰ੍ਹਾਂ ਦਰਗਹ ਵਿਚ ਲੂਣ ਹਰਾਮੀ ਕੁਟੀਦਾ ਹੈ।

ਭਾਵ : ਇਥੇ ਭੂਮੀਏ ਚੋਰ ਦੀ ਸਾਖੀ ਦਾ ਦ੍ਰਿਸ਼ਟਾਂਤ ਦੇ ਕੇ ਉਪਦੇਸ਼ਿਆ ਹੈ ਕਿ ਲੂਣ ਹਰਾਮੀ ਬਹੁਤ ਹੀ ਬੁਰਾ ਹੈ।

ਲੂਣ ਖਾਣ ਵਾਲਿਆਂ ਦੀ ਗਿਣਤੀ

੧. ਖਾਧੇ ਲੂਣ ਗੁਲਾਮ ਹੋਇ ਪੀਹਿ ਪਾਣੀ ਢੋਵੈ।
੨. ਲੂਣ ਖਾਇ ਕਰਿ ਚਾਕਰੀ ਰਣਿ ਟੁਕ ਟੁਕ ਹੋਵੈ।
੩. ਲੂਣ ਖਾਇ ਧੀ ਪੁਤੁ ਹੋਇ ਸਭ ਲਜਾ ਧੋਵੈ।
੪. ਲੂਣੁ ਵਣੋਟਾ ਖਾਇ ਕੈ ਹਥ ਜੋੜਿ ਖੜੋਵੈ।
੫. ਵਾਟ ਵਟਾਊ ਲੂਣੁ ਖਾਇ ਗੁਣੁ ਕੰਠਿ ਪਰੋਵੈ।
੬. ਲੂਣ ਹਰਾਮੀ ਗੁਨਹਗਾਰ ਮਰਿ ਜਨਮ ਵਿਗੋਵੈ॥੧੧॥

ਅਰਥ : ੧. ਲੂਣ ਖਾਣ ਵਾਲਾ ਨੌਕਰ ਹੋ ਕੇ ਚੱਕੀ ਪੀਂਹਦਾ ਤੇ ਪਾਣੀ ਢੋਂਦਾ ਹੈ। ੨. ਲੂਣ ਖਾਣ ਕਰਕੇ ਨੌਕਰ ਯੁਧ ਵਿਚ ਟੋਟੇ ਟੋਟੇ ਹੁੰਦੇ ਹਾ। ੩. ਲੂਣ ਖਾਣ ਵਾਲਾ ਹੀ ਪੁੱਤਰ ਕੁਟੰਬ ਦੀਆਂ ਸਭ ਲੱਜਾਂ ਧੋਣ ਵਾਲੇ ਹੁੰਦੇ ਹਨ। ੪. ਸ਼ਾਹ ਦਾ ਲੂਣ ਖਾਣ ਕਰਕੇ ਗੁਮਾਸ਼ਤਾ ਸ਼ਾਹ ਅਗੇ ਹਥ ਜੋੜ ਕੇ ਖਲੋਂਦਾ ਹੈ। ੫. ਰਸਤੇ ਜਾਂਦਿਆਂ ਰਾਹੀ ਲੂਣ ਖਾ ਕੇ ਗੁਣਾਂ ਦਾ ਹਾਰ ਪਰੋਂਦਾ ਹੈ (੬) ਲੂਣ ਹਰਾਮੀ ਪਾਪੀ ਦਾ ਘਰ ਜਨਮ ਮਰਨ ਵਿਚ ਖ਼ਰਾਬ ਹੁੰਦਾ ਹੈ।੧੧।

ਇਸ ਪ੍ਰਕਾਰ ਨਿੰਦਾ ਲੂਣ ਹਰਾਮੀ ਅਤੇ ਅਕ੍ਰਿਤਘਣ ਬਣਾ ਕੇ ਬੇਮੁਖੀ-ਬੇਸਿਦਕੀ ਵਾਲੇ ਪਾਸੇ ਲੈ ਜਾਂਦੀ ਹੈ। ਸਨਮੁਖ ਸਿੱਖ ਨੂੰ ਇਸ ਤੋਂ ਬਚਣਾ ਚਾਹੀਦਾ ਹੈ।

✡

ਮੂਲੇ ਕਰਾੜ ਦਾ ਬੇਮੁਖ ਹੋਣਾ

ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀ ਜਗਤ ਫੇਰੀ ਸਮੇਂ ਜਦੋਂ ਸਿਆਲਕੋਟ ਆਏ। ਉਥੇ ਉਨ੍ਹਾਂ ਦੀ ਭੇਂਟ ਇਕ ਤੁਰਕ ਫ਼ਕੀਰ ਹਮਜ਼ਾ ਗੌਂਸ ਦੇ ਨਾਲ ਹੋਈ। ਉਹ ਸਿਆਲਕੋਟ ਸ਼ਹਿਰ ਨੂੰ 'ਝੂਠਿਆਂ ਦਾ ਨਗਰ' ਕਹਿ ਕੇ ਉਸ ਨੂੰ ਨਸ਼ਟ ਕਰਨ ਲਈ ਤਪ ਕਰ ਰਿਹਾ ਸੀ। ਗੁਰੂ ਜੀ ਨੇ ਸਮਝਾਇਆ ਕਿ ਫ਼ਕੀਰ ਜੀ, ਸਾਰੇ ਝੂਠੇ ਨਹੀਂ ਹਨ, ਵੇਖੋ ਅਸੀਂ ਤੁਹਾਨੂੰ ਸੱਚੇ-ਝੂਠੇ ਦਾ ਨਿਰਣਾ ਕਰ ਕੇ ਦੱਸਦੇ ਹਾਂ। ਗੁਰੂ ਨਾਨਕ ਜੀ ਨੇ ਬਾਲੇ ਨੂੰ ਦੋ ਪੈਸੇ ਦੇ ਕੇ ਸੱਚ-ਝੂਠ ਖ਼ਰੀਦਣ ਲਈ ਭੇਜਿਆ। ਭਾਈ ਬਾਲਾ ਕਈ ਥਾਵਾਂ 'ਤੇ ਗਿਆ, ਪਰੰਤੂ ਉੱਤਰ ਨਾ ਮਿਲਿਆ। ਮੂਲੇ ਨਾਮਕ ਦੁਕਾਨਦਾਰ ਨੇ ਦੋ ਪੈਸੇ ਰੱਖ ਕੇ ਇਕ ਕਾਗ਼ਜ਼ ਉੱਤੇ ਲਿਖ ਕੇ ਦੇ ਦਿੱਤਾ, 'ਮਰਨਾ ਸੱਚ, ਜੀਊਣਾ ਝੂਠ'। ਗੁਰੂ ਜੀ ਨੇ ਪ੍ਰਸੰਨ ਹੋ ਕੇ ਉਸ ਨੂੰ ਨਾਮ ਦਾਨ ਦੇ ਕੇ ਆਪਣਾ ਸਿੱਖ ਬਣਾ ਲਿਆ। ਗੁਰੂ ਜੀ ਜਦੋਂ ਵੀ ਸਿਆਲਕੋਟ ਆਉਂਦੇ, ਉਸ ਨੂੰ ਜ਼ਰੂਰ ਦਰਸ਼ਨ ਦਿੰਦੇ। ਇਸ ਵਾਰਤਾ ਨੂੰ ਭਾਈ ਬਾਲੇ ਵਾਲੀ ਜਨਮ ਸਾਖੀ ਵਿਚ ਇਸ ਤਰ੍ਹਾਂ ਲਿਖਿਆ ਗਿਆ ਹੈ:

"**ਅਗੇ ਸਾਖੀ ਮੂਲੇ ਖਤ੍ਰੀ ਨਾਲ ਹੋਈ**—ਤਾਂ ਇਕ ਦਿਨ ਸ੍ਰੀ ਨਾਨਕ ਜੀ ਮੇਰੇ ਤਾਈਂ ਕਹਿਣ ਲਗੇ ਸੁਣ ਭਾਈ ਬਾਲਾ ਇਕ ਮੇਰਾ ਸੰਸਾਰੀ ਮੇਲੀ ਹੈ ਬਾਲਾ ਜਦ ਮੈਂ ਕਿਰਤ ਕਰਦਾ ਸਾਂ ਤਦੋਂ ਦਾ ਮੂਲਾ ਮੇਰਾ ਅਸ਼ਨਾਇ ਹੈ ਚਲੋ ਤਾਂ ਉਸਨੂੰ ਮਿਲ ਆਵੀਏ ਮੇਰਾ ਦਿਲ ਬਹੁਤ ਮਿਲਨ ਨੂੰ ਲੋਚਦਾ ਹੈ ਤਾਂ ਕਿਹਾ ਜੀ ਚਲੀਏ ਤਾਂ ਸ੍ਰੀ ਗੁਰੂ ਨਾਨਕ ਜੀ ਫਕੀਰਾਂ ਦਾ ਰੂਪ ਧਾਰਨ ਕਰ ਚਲਤੇ ਚਲਤੇ ਮੂਲੇ ਖਤਰੀ ਦੀ ਦਲੀਜ ਉਪਰ ਜਾਇ ਖੜੇ ਹੋਏ ਤਾਂ ਮੂਲੇ ਦੀ ਜੋਰੂ ਸ੍ਰੀ ਗੁਰੂ ਨਾਨਕ ਜੀ ਨੂੰ ਦੇਖ ਕਰ ਭੀਤਰ ਵੜ ਗਈ ਅਤੇ ਜਾਇਕਰ ਮੂਲੇ ਨੂੰ ਕਹਿਣ ਲਗੀ ਕਿ ਤੇਰਾ ਯਾਰ ਆਯਾ ਹੈ ਪਰ ਬੁਰੇ ਹਾਲ ਹੈ ਲੁਟਿਆ ਪੁਟਿਆ ਹੋਯਾ ਹੈ ਅਗੇ ਤਾਂ ਬੜੇ ਸੁੰਦਰ ਹਾਲ ਨਾਲ ਆਂਵਦਾ ਹੁੰਦਾ ਹੈ ਸੀ ਕਦੀ ਘੋੜੀ ਪਰ ਕਦੇ ਪਾਲਕੀ ਵਿਚ ਆਂਵਦਾ ਹੁੰਦਾ ਸੀ ਤੇ ਹੁਣ ਤੇਰੇ ਪਾਸੋਂ ਕੁਛ ਮੰਗਣ ਆਯਾ ਹਈ ਤੇ ਹੁਣ ਤੂੰ ਛਪ ਜਾਹ ਇਤਨੇ ਮੇਂ ਗੁਰੂ ਜੀ ਮੂਲੇ ਨੂੰ ਅਵਾਜ ਮਾਰੀ ਤਾਂ ਅਗੋਂ ਮੂਲਾ ਕੋਠੜੀ ਵਿਚ ਜਾਏ ਵੜਿਆ ਤਾਂ ਗੁਰੂ ਜੀ ਮੂਲੇ ਦੀ ਜੋਰੂ ਨੂੰ ਪੁਛਿਆ

ਜੋ ਮੂਲਾ ਕਿਥੇ ਹੈ ਤਾਂ ਉਹ ਕਹਿਣ ਲਗੀ ਘਰ ਨਹੀਂ ਸ੍ਰੀ ਗੁਰੂ ਨਾਨਕ ਜੀ ਸਰਬ ਘਟਾਂ ਕੇ ਜਾਨਣ ਵਾਲੇ ਕਹਿਣ ਲਗੇ ਆਵੋ ਮੂਲਾ ਅਸੀਂ ਤੇਰੇ ਮਿਲਨ ਨੂੰ ਆਏ ਤੂ ਅਗੋਂ ਛਪ ਬੈਠੋਂ ਤਾਂ ਸ੍ਰੀ ਗੁਰੂ ਜੀ ਨੇ ਮੂਲੇ ਦੇ ਪਰਥਾਇ ਸ਼ਲੋਕ ਉਚਾਰਿਆ **ਨਾਲ ਕਿਰਾੜੇ ਦੋਸਤੀ ਏਵੈ ਚਰੈ ਗੁਆਉ ਮਰਣ ਨ ਜਾਪੀ ਮੂਲਿਆ ਏਵੈ ਕਿਤੀ ਥਾਉ ॥੧॥** ਏਹ ਸਲੋਕ ਆਖ ਕੇ ਸ੍ਰੀ ਗੁਰੂ ਨਾਨਕ ਜੀ ਓਥੋਂ ਚਲਦੇ ਰਹੇ ਤੇ ਬਾਹਰ ਆਇ ਬੈਠੇ ਤੇ ਉਹ ਕਿਰਾੜ ਜਿਉਂ ਕੋਠੀ ਵਿਚ ਵੜਿਆ ਸੀ ਸਰਪ ਲੜ ਗਿਆ ਜਾਂ ਉਹ ਕਿਰਾੜ ਕੋਠੀ ਵਿਚੋਂ ਬਾਹਰ ਆਇਆ ਤੇ ਜੋਰੂ ਨੂੰ ਕਹਿਣ ਲਗਾ ਕਹੁ ਓਹ ਫਕੀਰ ਕਿਧਰ ਨੂੰ ਗਿਆ ਹੈ ਤੇ **ਓਸ ਤੋਂ ਮੈਨੂੰ ਬੇਮੁਖ ਕਰ ਕੇ ਤੂਹੀ ਮੈਨੂੰ ਮਾਰਿਆ ਹੈ** ਤੂਹੀ ਮੇਰੇ ਸਿਰ ਚੜੀ ਹੈ ਹੁਣ ਤੂੰ ਮੈਨੂੰ ਛੇਤੀ ਦਸ ਫਕੀਰ ਕਿਥੇ ਗਿਆ ਹੈ ਮੂਲੇ ਦੀ ਜੋਰੂ ਬੋਲੀ ਕਿ ਫਕੀਰ ਤਾਂ ਬਾਹਰ ਨੂੰ ਗਿਆ ਹੈ ਇਤਨੇ ਚਿਰ ਮੇਂ ਮੂਲੇ ਨੂੰ ਜ਼ਹਿਰ ਚੜ ਗਈ ਤਾਂ ਮੂਲੇ ਨੂੰ ਮੰਜੀ ਉਪਰ ਪਾਇਕੇ ਬਾਹਰ ਸ੍ਰੀ ਗੁਰੂ ਜੀ ਦੇ ਪਾਸ ਲੈ ਗਏ ਪਰ ਇਹ ਗੱਲ ਸਾਰੇ ਜਾਹਰ ਹੋ ਗਈ ਕਿ ਗੁਰੂ ਨਾਨਕ ਜੀ ਮੂਲੇ ਨੂੰ ਮਿਲਣ ਆਏ ਤੇ ਮੂਲਾ ਕੋਠੀ ਵਿਚ ਲੁਕ ਬੈਠਾ ਤੇ ਬੋਲੇ ਨਾਹੀ ਤਾਂ ਉਥੇ ਸਰਪ ਲੜ ਕੇ ਮਰ ਗਿਆ ਹੈ ਤੇ ਮੰਜੀ ਮੂਲੇ ਦੀ ਸ੍ਰੀ ਗੁਰੂ ਨਾਨਕ ਜੀ ਅਗੇ ਰੱਖ ਕਰ ਸਬਨਾਂ ਹੱਥ ਜੋੜ ਕਰ ਕਿਹਾ ਹੈ ਸਚੇ ਪਾਤਸ਼ਾਹ ਜੀ ਮੂਲਾ ਤਾਂ ਹੁਣ ਮਰਦਾ ਹੈ ਹੇ ਦੀਨ ਦਇਆਲ ਜੀ ਏਹ ਹੁਣ ਭੁਲ ਗਿਆ ਹੈ ਅਤੇ ਆਪਦੇ ਮੂੰਹੋਂ ਨਿਕਲਨ ਦੀ ਦੇਰ ਹੋਈ ਹੈ ਏਸ ਦੇ ਮਰਿਆਂ ਦੇਰ ਨਹੀਂ ਹੋਈ ਤਾਂ ਹੇ ਮਹਾਰਾਜ ਜੀ ਆਪ ਪ੍ਰਮੇਸ਼ਰ ਦਾ ਰੂਪ ਹੋ ਹੁਣ ਬਖ਼ਸ਼ੋ ਜੀ ਤਾਂ ਸ੍ਰੀ ਗੁਰੂ ਨਾਨਕ ਜੀ ਕਿਹਾ ਹੇ ਭਾਈ ਸਿਖੋ ਮੂਲਾ ਤਾਂ ਹੁਣ ਜੀਵਣ ਤੇ ਰਹਿ ਚੁਕਾ ਹੈ ਕਿਉਂਜੋ ਇਸ ਹੈ ਸਖਤ ਮਾਰ ਹੋਈ ਹੈ ਅਰ ਇਸ ਦੀ ਮੁਕਤੀ ਹੋ ਜਾਵੇਗੀ ਜੇ ਇਸ ਨੂੰ ਸਾਡਾ ਦਰਸ਼ਨ ਅਖੀਰ ਦੇ ਸਮੇਂ ਹੋਇ ਗਿਆ ਹੈ ਏਸ ਕਰਕੇ ਅਸੀਂ ਇਸਦੀ ਗਤੀ ਕਰਾਂਗੇ ਪਰ ਹੁਣ ਤੁਸੀਂ ਇਸਨੂੰ ਘਰ ਮੇਂ ਮੋੜਕਰ ਲੈ ਜਾਵੋ ਕਿਉਂਕਿ ਇਸਦਾ ਮਰਨਾ ਨਜਦੀਕ ਆਇ ਗਿਆ ਹੈ ਤਾਂ ਵੁਹ ਲੋਕ ਸ੍ਰੀ ਗੁਰੂ ਜੀ ਦਾ ਹੁਕਮ ਮੰਨਕਰ ਮੂਲੇ ਕਉ ਘਰ ਲੈ ਗਏ ਅਰ ਮੂਲਾ ਘਰ ਜਾਂਦਾ ਹੀ ਮਰ ਗਿਆ।"

(ਭਾਈ ਬਾਲੇ ਵਾਲੀ ਜਨਮ ਸਾਖੀ, ਸਾਖੀ ੨੪੫, ਪੰਨੇ ੫੦੬-੦੭)

ਇਸੇ ਹੀ ਪ੍ਰਸੰਗ ਨੂੰ ਬਾਬਾ ਗਣੇਸ਼ਾ ਸਿੰਘ ਜੀ ਬੇਦੀ ਆਪਣੇ ਗ੍ਰੰਥ ਵਿਚ ਇਸ ਤਰ੍ਹਾਂ ਲਿਖਦੇ ਹਨ :

ਬਾਲੇ ਇਸ ਪੁਰ ਮੇ ਬਸੈ ਇਕ ਮੀਤ ਹਮਾਰਾ।
ਮੂਲਾ ਨਾਮ ਜੁ ਸੰਗ ਹਮ ਪ੍ਰਦੇਸ ਪਧਾਰਾ॥੨੭॥

ਤਾਂਹਿ ਮਿਲਨ ਕੀ ਇੱਛ ਹੈ ਚਲੀਐ ਤਿਹ ਡੇਰੇ।
ਇਮ ਕਹ ਕੇ ਤਾਕੀ ਪੌਰਿ ਪਹੁਚੇ ਬਿਨ ਬੇਰੇ।
ਪ੍ਰਥਮੇ ਤੀਯ ਆਵਤ ਲਖੇ ਪਤਿ ਸੰਗ ਅਲਾਏ।
ਜਿਨ ਸੋਂ ਤੂੰ ਪ੍ਰਿਥਮੇ ਗਯੋ ਸੋ ਸਾਧੂ ਆਏ॥੨੮॥
ਛਪੋਂ ਬੇਰਾ ਅਬ ਗ੍ਰਿਹਿ ਵਿਖੇ ਨਤ ਲੇਤ ਬੁਲਾਈ।
ਮੂਲਾ ਜਾਨਤ ਥੋ ਜਦਪ ਗੁਰ ਕੀ ਵਡਿਆਈ।
ਕਰਾ ਮਾਤ ਕੇ ਧਨੀ ਹੈ ਸਭ ਜਗ ਕੇ ਸੁਆਮੀ।
ਨਹਿ ਤਾਤੇ ਕਛੁ ਹੈ ਛਪਯੋ ਪ੍ਰਭੁ ਅੰਤਰਯਾਮੀ॥੨੯॥
ਤਦੱਪ ਖੋਟੀ ਨਾਰ ਨੇ ਤਿਹ ਮਤ ਬਿਚਲਾਈ।
ਦੁਰਿਯੋ ਜਹਾਂ ਗੋ ਮੈਸੁਸ਼ਕ ਤਮ ਥੋ ਅਧਿਕਾਈ।
ਗੁਰ ਅੰਤਰਯਾਮੀ ਤਬੈ ਤਿਹ ਕਪਟ ਨਿਹਾਰਾ।
ਮੂਲਾ ਮੂਲਾ ਆਖ ਕੈ ਸੁਰ ਉਚ ਪੁਕਾਰਾ॥੩੦॥
ਸੁਨ ਗੁਹਾਰ ਜਵ ਨਾਰ ਨੇ ਤਬ ਕੂਰ ਬਖਾਨਾ।
ਜਿਸੈ ਬੁਲਾਵਤ ਹੋ ਤੁਮੈ ਸੋ ਘਰ ਨਹਿ ਜਾਨਾ।
ਗਮ ਨਿਯੋ ਕਾਹੂ ਕਾਜ ਕੋ ਸੋ ਕਰ ਅਨੁਰਾਗਾ।
ਸੁਨ ਕਰ ਸ੍ਰੀ ਨਾਨਕ ਕਹਯੋ ਬੇਮੁਖ ਬਿਨ ਭਾਗਾ॥੩੧॥

ਹਮ ਆਏ ਤੁਝ ਮਿਲਨ ਕੋ ਦੂਰ ਗੇਹ ਮਝਾਰਾ।
ਜੀਵਨ ਝੂਠਾ ਮਰਨ ਸਚ ਨਹਿ ਰਿਦੇ ਬਿਚਾਰਾ।
ਮੂਢ ਮਤੀ ਤਿਯ ਕੇ ਕਹੇ ਖੋਯੋ ਨਿਜ ਕਾਮਾ।
ਇਕ ਕਹ ਏਕ ਸਲੋਕ ਤਕ ਉਚਰਯੋ ਸੁਖ ਧਾਮਾ॥

ਸਲੋਕ ਮਹਲਾ ੧॥
ਨਾਲ ਕਿਰਾੜੇ ਦੋਸਤੀ ਏਵੈ ਚਰੈ ਗੁਆਉ।
ਮਰਣ ਨ ਜਾਪੀ ਮੂਲਿਆ ਏਵੈ ਕਿਤੀ ਥਾਉ॥੧॥
ਇਮ ਕਹ ਤਿਹ ਦਿਸ ਪੀਠ ਦੈ ਗਮਨੇ ਕਰਤਾਰਾ।
ਮੂਲਾ ਅਹਿਕਾਰੇ ਡਸਯੋ ਤਬ ਤਿਮਰ ਮਝਾਰਾ।
ਹਾਇ ਹਾਇ ਕਰਕੈ ਤਬੈ ਤਿਯ ਸੰਗ ਬਖਾਨਾ।
ਹੇ ਪਾਪਨਿ ਤੈ ਕੂਰ ਕਹ ਲੀਨੇ ਮਮ ਪ੍ਰਾਨਾ।
ਬੇਗ ਕਹੋ ਗਮਨੇ ਕਹਾ ਅਪਰਾਧ ਛਿਮਾਈ।
ਭਈ ਮੂਰਛਾ ਤੌਨ ਛਿਨ ਸੁਧ ਰਹੀ ਨਾ ਕਾਈ।

ਇਹ ਸੁਧ ਪੁਰ ਪਸਰੀ ਤਬੈ ਮੂਲੇ ਘਰ ਮਾਹੀ।
ਗਏ ਸੰਤ ਤਿਯ ਕੇ ਕਰੇ ਛਪਰੀ ਛਿਨ ਤਾਰੀ।
ਭਾ ਅਵਗੁਣ ਅਹਿ ਨੈ ਡਸਯੋ ਪਰਯੋ ਸੁਮਾਰਾ।
ਸੁਨ ਸੁਨ ਕੈ ਤਿਹ ਗੇਹ ਮੋ ਆਏ ਨਰਕਾਰਾ।
ਸ੍ਰੀ ਗੁਰ ਬਾਹਰ ਖਿਰੇ ਸੁਭ ਥਲ ਅਵਲੋਕਾ।
ਬਹੁ ਮਾਨਵ ਤਿਹ ਗ੍ਰਿਹ ਵਿਖੈ ਇਮ ਭਨੈ ਸਸੋਕਾ।
ਸ੍ਰੀ ਨਾਨਕ ਬੈਠੇ ਜਗ ਲੈ ਚਲੋ ਤਿਥਾਈ।
ਬਖਸੇਗੇ ਅਪਰਾਧ ਕੋ ਪੁਨ ਲੇਹ ਜਿਵਾਈ।
ਇਮ ਕਹ ਤਾ ਕੇ ਮੰਚ ਕੋ ਸਿਰ ਤਬੈ ਉਠਾਵਾ।
ਗਮਨ ਕੀਨ ਤਿਹ ਦਿਸਾ ਕੋ ਜਿਹ ਗੁਰੂ ਸੁਹਾਵਾ।
ਨਿੰਦਾ ਮੂਲੇ ਦੀ ਕਰੈ ਸਬ ਹੀ ਪਗ ਮਾਹੀ।
ਸ੍ਰੀ ਗੁਰ ਸੁ ਜਸ ਉਚਾਰ ਹੀ ਉਰ ਮੈ ਉਤਸਾਹੀ।
ਬ੍ਰਿੰਦ ਮਨਜ ਲੈ ਤਾਹ ਕੋ ਆਏ ਬਿਨ ਬੇਗ।
ਚਰਨ ਕਮਲ ਬੰਦੇ ਸਬਨ ਕਰ ਭਾਉ ਘਨੇਰਾ।
ਮੰਚੋ ਤਾਹਿ ਉਤਾਰ ਕੈ ਪਾਯੋ ਗੁਰ ਪਾਸਾ।
ਦੀਨ ਦੋਇ ਮੁਖ ਤੇ ਸਬਨ ਇਕ ਕੀਨ ਪ੍ਰਕਾਸਾ।

ਸ੍ਰੀ ਗੁਰੂ ਗੋਬਿੰਦ ਸਿੰਘ ਦੁਆਰਾ ਬਖ਼ਸ਼ਬੰਦੀ

ਦਸਮੇਂ ਗੁਰ ਗੋਵਿੰਦ ਸਿੰਘ ਜਬ ਤਖਤ ਬਿਰਾਜੇ।
ਮਾਰੇ ਤੁਰਕ ਅਪਾਰ ਹੀ ਸੰਤਨ ਕੇ ਕਾਜੇ।
ਏਕ ਬੈਸਨਵ ਸੁ ਜਸ ਗੁਰ ਸੁਨ ਕਰ ਨਿਜ ਕਾਨਾ।
ਬੈਠਯੋ ਸੋਢੀ ਪਾਤਸ਼ਾਹ ਸ੍ਰੀ ਨਾਨਕ ਬਾਨਾ।
ਕਰ ਹੈ ਜਗ ਨਿਸਤਾਰ ਕੋ ਦੈ ਨਿਜ ਉਪਦੇਸਾ।
ਇਸ ਪ੍ਰਕਾਰ ਮਹਿਮਾ ਸੁਨੀ ਭਾ ਹਰਖ ਵਿਸੇਖਾ।
ਖੇਲਤ ਤਬੇ ਸਿਕਾਰ ਤਿਹ ਨਿਰਖੇ ਸੁਖਕਾਰੀ।
ਨਿਕਸਯੋ ਏਕ ਸਹਾ ਤਹਾ ਤਜ ਬਾਜ ਪਿਛਾਰੀ।
ਚੌਚ ਚਪੇਟਨ ਸੋ ਹਨਯੋਂ ਪ੍ਰਭ ਲਖ ਹਰਖਾਏ।
ਦੇਖ ਬੈਸਨਵ ਦੂਖਤ ਭਾ ਹਮ ਕਾਹੇ ਆਏ।
ਜੀਵਨ ਮਾਰ ਜੁ ਬਿਗਸ ਹੈ ਕਿਆ ਕਰੈ ਸਨਾਥਾ।
ਤਹ ਮਨ ਕੀ ਲਖ ਸਸੇ ਪਰ ਪਰਸਯੋ ਪ੍ਰਭ ਹਾਥਾ।

ਦੇਵ ਰੂਪ ਛਿਨ ਮੈ ਭਯੋ ਲਖ ਲਜੈ ਅਨੰਗਾ।
ਉਸਤਤਿ ਕਰ ਸੁਰ ਲੋਗ ਕੋ ਸੋ ਗਯੋ ਉਮੰਗਾ।
ਕੌਤਕ ਲਖ ਸੋ ਬੈਸਨਵ ਉਰ ਮੈ ਬਿਸਮਾਵਾ।
ਸਰਧਾ ਜੁਤ ਪਾਯਨ ਪਰਯੋ ਅਤ ਹੀ ਹਰ ਖਾਵਾ।
ਸਿਵਰ ਆਉ ਬੂਝੇ ਓਨੇ ਕੋ ਥਾ ਮਿਰਗ ਏਹੀ।
ਮੂਲੇ ਕੇ ਪ੍ਰਸੰਗ ਪ੍ਰਭ ਬਰਨਯੋ ਛਿਨ ਤੇਹੀ।
ਸੁਨ ਕਰ ਸਿਖ ਭਯੋ ਤਬੋ ਮਨ ਮੈ ਕਰ ਭਾਉ।
ਵਾਹਿਗੁਰੂ ਮੁਖ ਤੇ ਭਨੋ ਪੂਰਨ ਭਾ ਧਰਾਊ।

(ਗੁਰੂ ਨਾਨਕ ਸੂਰਜੋਦੇ ਜਨਮ ਸਾਖੀ, ਪੰਨੇ ੫੬੯-੭੧)

ਅੰਤ ਵਿਚ ਦਸਵੇਂ ਜਾਮੇ ਵਿਚ ਇਸ ਦੀ ਮੁਕਤੀ ਹੋਈ। ਮੂਲਾ ਕਰਾੜ ਅਨੇਕਾਂ ਜੂਨੀਆਂ ਧਾਰਦਾ ਹੋਇਆ ਅੰਤ ਨੂੰ ਸਹੇ ਦੀ ਜੂਨੀ ਨੂੰ ਪ੍ਰਾਪਤ ਹੋਇਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਸਹੇ ਨੂੰ ਸ਼ਿਕਾਰ ਦੇ ਬਹਾਨੇ ਮਾਰ ਕੇ ਇਸ ਦੀ ਮੁਕਤੀ ਕੀਤੀ।

✲

ਬਾਬਾ ਦਾਸਮਲ (ਦਾਸੂ) ਦਾ ਬੇਮੁਖ ਹੋਣਾ

ਆਪ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਵੱਡੇ ਸਪੁੱਤਰ ਸਨ। ਆਪ ਦਾ ਜਨਮ ਖਡੂਰ ਸਾਹਿਬ ਵਿਖੇ ਸੰਮਤ ੧੫੯੧ ਨੂੰ ਮਾਤਾ ਖੀਵੀ ਜੀ ਦੀ ਕੁੱਖੋਂ ਹੋਇਆ।

ਜਦੋਂ ਗੁਰੂ ਅੰਗਦ ਦੇਵ ਜੀ ਨੇ ਗੁਰਗੱਦੀ ਅਮਰਦਾਸ ਜੀ ਨੂੰ ਦੇ ਦਿੱਤੀ। ਸ੍ਰੀ ਗੁਰੂ ਅਮਰਦਾਸ ਜੀ ਨੇ ਖਡੂਰ ਸਾਹਿਬ ਨੂੰ ਛੱਡ ਕੇ ਗੋਇੰਦਵਾਲ ਨੂੰ ਆਪਣਾ ਪ੍ਰਚਾਰ ਕੇਂਦਰ ਬਣਾ ਲਿਆ। ਸਾਧ ਸੰਗਤ ਦਾ ਵੀ ਖਡੂਰ ਸਾਹਿਬ ਜਾਣਾ ਬਹੁਤ ਘੱਟ ਹੋ ਗਿਆ ਅਤੇ ਸੰਗਤਾਂ ਗੋਇੰਦਵਾਲ ਜਾ ਕੇ ਹੀ ਗੁਰੂ ਅਮਰਦਾਸ ਜੀ ਦੇ ਦਰਸ਼ਨ ਕਰਦੀਆਂ। ਇਸ ਗੱਲ ਤੋਂ ਦਾਸੂ-ਦਾਤੂ ਨੂੰ ਬੜੀ ਪ੍ਰੇਸ਼ਾਨੀ ਹੋਈ। ਇਹ ਦੋਵੇਂ ਹੀ ਗੁਰੂ ਅਮਰਦਾਸ ਜੀ ਤੋਂ ਬੇਮੁਖ ਹੋ ਗਏ। ਇਕ ਵਾਰੀ ਬਾਬਾ ਦਾਸੂ ਨੇ ਗੋਇੰਦਵਾਲ ਜਾ ਕੇ ਭਰੇ ਦੀਵਾਨ ਵਿਚ, ਤਖ਼ਤ ਉੱਤੇ ਬੈਠੇ ਸਤਿਗੁਰੂ ਅਮਰਦਾਸ ਜੀ ਨੂੰ ਲੱਤ ਮਾਰੀ ਅਤੇ ਬੁਰਾ-ਭਲਾ ਕਿਹਾ। ਇਹ ਦਾਸੂ ਜੀ ਦੀ ਮੂਰਖਤਾ ਅਤੇ ਬੇਮੁਖਤਾ ਦਾ ਵੱਡਾ ਸਬੂਤ ਹੈ। ਪਰੰਤੂ ਗੁਰੂ ਜੀ ਨੇ ਉੱਠ ਕੇ ਦਾਸੂ ਦੇ ਪੈਰ ਫੜ ਕੇ ਘੁੱਟੇ ਅਤੇ ਨਾਲ ਹੀ ਕਿਹਾ, "ਆਪ ਜੀ ਦੇ ਕਿਤੇ ਸੱਟ ਤਾਂ ਨਹੀਂ ਲੱਗੀ, ਕਿਉਂਕਿ ਮੇਰਾ ਤਾਂ ਬਿਰਧ ਸਖ਼ਤ ਹੱਡੀਆਂ ਦਾ ਸ਼ਰੀਰ ਹੈ ਆਪ ਜੀ ਦੇ ਚਰਨ-ਕਮਲ ਕੋਮਲ ਹਨ।" ਸਤਿਗੁਰੂ ਜੀ ਦੇ ਇੰਨੇ ਬਖ਼ਸ਼ੰਦ ਹੋਣ 'ਤੇ ਵੀ ਦਾਸੂ ਉੱਤੇ ਕੋਈ ਅਸਰ ਨਹੀਂ ਹੋਇਆ ਅਤੇ ਨਾ ਹੀ ਉਨ੍ਹਾਂ ਨੇ ਮਾਫ਼ੀ ਮੰਗੀ, ਸਗੋਂ ਵਿਰੋਧਤਾ ਵਿਚ ਹੀ ਲੱਗੇ ਰਹੇ। ਅੱਜ ਉਨ੍ਹਾਂ ਦਾ ਨਾਮ-ਲੇਵਾ ਕੋਈ ਨਹੀਂ ਹੈ।

ਇਸ ਪ੍ਰਸੰਗ ਨੂੰ ਭਾਈ ਸੰਤੋਖ ਸਿੰਘ ਜੀ ਇਸ ਤਰ੍ਹਾਂ ਲਿਖਦੇ ਹਨ:

ਸ੍ਰੀ ਅੰਗਦ ਬੈਕੁੰਠ ਪਧਾਰੇ।
ਕਰੀ ਤੇਰ੍ਹਵੀ ਜਬਹਿ ਪਿਛਾਰੇ।
ਬੁੱਢੇ ਉਰ ਬਿਚਾਰ ਕਰਿ ਨੀਕਾ।
ਦੀਨਸਿ ਅਮਰ ਗੁਰੂ ਕਹੁ ਟੀਕਾ।

ਦਾਤੂ ਨੇ ਨਿਜ ਬਲਕੋ ਧਾਰੇ।
ਲੇ ਸਭਿ ਤੇ ਬਾਂਧੀ ਦਸਤਾਰੇ।
ਬੈਠਹਿ ਨਿਤਗਾਦੀ ਧਰ ਸੋਇ।
ਪੂਜਾ ਕਰਨਿ ਆਇ ਨਹਿੰ ਕੋਇ।
ਉਪਦੇਸ਼ਤਿ ਸੰਗਤਿ ਕੋ ਰਹਯੋ।
ਤਊ ਨ ਗੁਰ ਇਸ ਕੋ ਕਿਨ ਕਹਯੋ।
ਅਪਰ ਕਛੂ ਤਹਿੰ ਹੋਇ ਨ ਸਕਈ।
ਪਹੁੰਚ ਨਿਕਟ ਗੁਰ ਤਨ ਕੋ ਤਕਈ।
ਰਿਸ ਕਰਿ ਉਰ ਮਹਿੰ ਲਾਤ ਪ੍ਰਹਾਰੀ।
ਜਿਮਿ ਲਛਮੀ ਪਤਿ ਕੇ ਭ੍ਰਿਗੁ ਮਾਰੀ।
ਸਿੰਘਾਸਨ ਤੇ ਗਿਰ ਕਰਿ ਪਰੇ।
ਬ੍ਰਿਧ ਸਰੀਰ ਕੰਪ ਕਹੁ ਕਰੇ।
ਬਹੁਰ ਸੰਭਾਰਿ ਉਠੇ ਤਤਕਾਲਾ।
ਗਹਿ ਦਾਤੂ ਕੇ ਚਰਨ ਕ੍ਰਿਪਾਲਾ।
ਕਰ ਕਮਲਨ ਸੋਂ ਮਰਦਨ ਕਰੇ।
ਬਿਨਤੀ ਸਹਤ ਸੁ ਬਾਕ ਉਚਰੇਂ।
ਇਕ ਤੋ ਸੇਵਾ ਕਰਤਿ ਰਹਯੋ ਹੌਂ।
ਦੁਤੀਏ ਬਯ ਤੇ ਬ੍ਰਿੱਧ ਭਯੋ ਹੌਂ।
ਯਾਂ ਤੇ ਅਧਿਕ ਸਰੀਰ ਕਠੋਰਾ।
ਤੁਮਰੋ ਚਰਨ ਮ੍ਰਿਦੁਲ ਨਹਿੰ ਥੋਰਾ।
ਹੁਯੋ ਹੋਇਗੋ ਕਸ਼ਟ ਮਹਾਂਨਾ।
ਛਿਮਹੁ ਭਯੋ ਅਪਰਾਧ ਅਜਾਨਾ।
ਸ੍ਰੀ ਗੁਰ ਕੈ ਸੁਤ ਹੋ ਬਡਭਾਗੇ।
ਮਮ ਹਿਤ ਕਰਿ ਇਤਨੋ ਦੁਖ ਲਾਗੇ।
ਤੁਮ ਕੋ ਦੇਖਿ ਨ ਅੱਗ੍ਰ ਖਰੋਵਾ।
ਹੁਤੋ ਮਾਨ ਮਮ ਸੋ ਤੁਮ ਖੋਵਾ।
ਤਾੜਨ ਉਚਿਤ ਜਾਨਿ ਕਰਿ ਮਾਰਯੋ।
ਭਲੋ ਕਰਯੋ ਨਿਜ ਦਾਸ ਨਿਹਾਰਯੋ।
ਸੇਵਾ ਅਪਨੀ ਮੋਹਿਬਤਾ ਵਹੁ।
ਕਰੋਂ ਸੁ ਤਤਛਿਨ ਰੋਸ ਹਟਾਵਹਾ।

ਸੁਨਿ ਦਾਤੂ ਕਰਿ ਕ੍ਰੋਧ ਉਚਾਰਯੋ।
ਇਹੁ ਕੈਸੇ ਤੈ ਭਿੰਡ ਪਸਾਯੋ।
ਗੁਰਤਾਗਾਦੀ ਹੈ ਹਮ ਪਾਹੀ।
ਤੈਂ ਬਾਂਧੀ ਸਿਰ ਪਾਗ ਸੁ ਨਾਂਹੀ।
ਸਭ ਨੇ ਮੁਝ ਕੋ ਪਾਗ ਬੰਧਾਈ।
ਤੈਂ ਕੈਸੇ ਕਰਿ ਆਪ ਪੁਜਾਈ।
ਗੁਰੂ ਭਯੋ ਤੂੰ ਆਪੇ ਆਪ।
ਹਮੈ ਦੇਖਿ ਲਾਗਤਿ ਸੰਤਾਪ।
ਇਹੁ ਪਖੰਡ ਨਹਿੰ ਮੋਹਿ ਸੁਹਾਵੈ।
ਇਕ ਸੰਗਤਿ ਆਵਹਿ ਇਕ ਜਾਵੈ।
ਅਤਿ ਮੂਧੇ ਥੇ ਪਿਤਾ ਹਮਾਰੇ।
ਕਰੀ ਸੇਵ ਤਿਨ ਕੀ ਛਲ ਧਾਰੇ।
ਝੂਠਿ ਸਾਚਿ ਤਿਨ ਤੇ ਕਹਿਵਾਏ।
ਬਨ ਬੈਠਯੋ ਗੁਰ ਗਰਬ ਬਢਾਏ।
ਇਸ ਥਲ ਤੇ ਉਠ ਕਰਿ ਚਲਿ ਜੈਯੈ।
ਬਹੁਰ ਨ ਬੈਠਹੁ ਦੰਭ ਕਮੱਯੈ।

(ਸ੍ਰੀ ਗੁਰ ਪ੍ਰਤਾਪ ਸੂਰਜ, ਪੰਨਾ ੧੪੬੨-੬੩)

ਇਸ ਪ੍ਰਕਾਰ 'ਮੈਂ ਗੁਰੂ ਦਾ ਪੁੱਤਰ ਹਾਂ' ਇਸੇ ਹੀ ਅਹੰਕਾਰ ਵਿਚ ਦਾਸੂ ਨੇ ਬੇਮੁਖਤਾ ਦਾ ਤਿਆਗ ਨਹੀਂ ਕੀਤਾ ਅਤੇ ਬੇਮੁਖ ਬਣ ਕੇ ਜਿਉਂਦਾ ਹੀ ਨਰਕ ਦੀ ਅੱਗ ਵਿਚ ਸੜਦਾ ਰਿਹਾ।

✲

ਸੱਤਾ ਤੇ ਬਲਵੰਡਾ ਮਿਰਾਸੀ (ਡੂੰਮ)

ਇਹ ਦੋਵੇਂ ਸਤਿਗੁਰਾਂ ਦੇ ਰਬਾਬੀ (ਕੀਰਤਨੀਏ) ਸਨ। ਇਨ੍ਹਾਂ ਦੀ ਵਾਰਤਾ ਇਸ ਪ੍ਰਕਾਰ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਸਮੇਂ ਏਨਾ ਨੂੰ ਆਪਣੀ ਲੜਕੀ ਦੀ ਸ਼ਾਦੀ ਲਈ ਮਾਇਆ ਦੀ ਲੋੜ ਪਈ। ਇਨ੍ਹਾਂ ਨੇ ਗੁਰੂ ਜੀ ਤੋਂ ਪ੍ਰਾਪਤ ਮਾਇਆ ਨੂੰ ਥੋੜ੍ਹੀ ਸਮਝ ਕੇ ਗੁਰੂ ਜੀ ਨੂੰ ਗੁੱਸੇ ਵਿਚ ਅਪ ਸ਼ਬਦ ਆਖੇ। ਇਥੇ ਹੀ ਬਸ ਨਹੀਂ ਸੱਤੇ ਤੇ ਬਲਵੰਡ ਨੇ ਪਹਿਲੇ ਗੁਰੂਆਂ ਨੂੰ ਵੀ ਅਪ-ਸ਼ਬਦ ਆਖੇ। ਪੰਜਵੇਂ ਗੁਰੂ ਜੀ ਦੇ ਮਨ ਨੂੰ ਬਹੁਤ ਦੁੱਖ ਪੁੱਜਾ। ਪੰਜਵੇਂ ਪਾਤਸ਼ਾਹ ਨੇ ਸਹਿਜ ਸੁਭਾਅ ਉਨ੍ਹਾਂ ਨੂੰ ਕੋਹੜੇ ਆਖ ਦਿੱਤਾ। ਜਿਸ ਕਾਰਨ ਇਨ੍ਹਾਂ ਦੋਵਾਂ ਨੂੰ ਕੋਹੜ ਹੋ ਗਿਆ। ਹੁਣ ਇਨ੍ਹਾਂ ਦੋਵਾਂ ਨੂੰ ਆਪਣੀ ਗ਼ਲਤੀ ਦਾ ਅਨੁਭਵ ਹੋਇਆ। ਕੋਈ ਵੀ ਇਨ੍ਹਾਂ ਦੋਵਾਂ ਦੀ ਬਖ਼ਸ਼-ਬੰਦੀ ਕਰਾਣ ਲਈ ਵਿਚ ਨਹੀਂ ਪਿਆ। ਕਿਉਂਕਿ ਗੁਰੂ ਜੀ ਨੇ ਹੁਕਮ ਕੀਤਾ ਸੀ ਕਿ ਜਿਹੜਾ ਇਨਾ ਦੋਵਾਂ ਦੀ ਵਿਚੋਲਗੀ ਕਰੇਗਾ। ਉਸ ਦਾ ਕਾਲਾ ਮੂੰਹ ਤੇ ਨੀਲੇ ਪੈਰ ਕਰ ਕੇ ਖੋਤੇ ਦੀ ਸਵਾਰੀ ਕਰਵਾਂਗੇ। ਇਹ ਦੋਵੇਂ ਭਰਾ ਲਾਹੌਰ ਨਿਵਾਸੀ ਪਰਉਪਕਾਰੀ ਸਾਧੂ ਭਾਈ ਲੱਧਾ ਰਾਮ ਜੀ ਦੀ ਸ਼ਰਣ ਗਏ ਅਤੇ ਸਾਰੀ ਗੱਲ ਦੱਸੀ। ਭਾਈ ਲੱਧਾ ਰਾਮ ਜੀ ਨੇ ਗੁਰੂ ਹੁਕਮ ਅਨੁਸਾਰ ਦੋਹਾਂ ਦੀ ਬਖ਼ਸ਼ਬੰਦੀ ਕਰਾਈ। ਉਸ ਪਿਛੇ ਪੰਜਵੇਂ ਸਤਿਗੁਰੂ ਦੀ ਉਪਮਾ ਵਿਚ ਇਕ ਵਾਰ ਉਚਾਰੀ। ਜਿਸ ਦਾ ਕੁਝ ਅੰਸ ਇਸ ਪ੍ਰਕਾਰ ਹੈ।

ਰਾਮਕਲੀ ਕੀ ਵਾਰਿ ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ

ੴ ਸਤਿਗੁਰਪ੍ਰਸਾਦਿ ॥

**ਨਾਉ ਕਰਤਾ ਕਾਦਰੁ ਕਰੇ ਕਿਉ ਬੋਲੁ ਹੋਵੈ ਜੋ ਖੀਵਦੈ ॥
ਦੇ ਗੁਨਾ ਸਤਿ ਭੈਣ ਭਰਾਵਹੈ ਪਾਰੰਗਤਿ ਦਾਨੁ ਪੜੀਵਦੈ ॥
ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ ॥
ਲਹਣੇ ਧਰਿਓਨੁ ਛਤੁ ਸਿਰਿ ਕਰਿ ਸਿਫਤੀ ਅੰਮ੍ਰਿਤੁ ਪੀਵਦੈ ॥
ਸਤਿਗੁਰ ਆਤਮ ਦੇਵ ਦੀ ਅਡਗਿ ਜੋਰਿ ਪਰਾ ਕੁਇ ਜੀਅਦੈ ॥
ਗਰਿ ਚੇਲੇ ਰਹਰਾਸਿ ਕੀਨੀ ਨਾਨਕਿ ਸਲਾਮਤਿ ਥੀਵਦੈ ॥
ਸਹ ਟਿਕਾ ਦਿਤੋਸੁ ਜੀਵਦੈ ॥੧॥**

ਚਾਰੇ ਜਾਗੇ ਚਹੁ ਜੁਗੀ ਪੰਚਾਇਣੁ ਆਪੇ ਹੋਆ
ਆਪੀਨੈ ਆਪੁ ਸਾਜਿਓਨੁ ਆਪੇ ਹੀ ਥੰਮ੍ਹਿ ਖਲੋਆ॥
ਆਪੇ ਪਟੀ ਕਲਮ ਆਪਿ ਆਪਿ ਲਿਖਣ ਹਾਰਾ ਹੋਆ॥
ਸਭ ਉਮਤਿ ਆਵਣ ਜਾਵਣੀ ਆਪੇ ਹੀ ਨਵਾ ਨਿਰੋਆ॥
ਤਖਤਿ ਬੈਠਾ ਅਰਜਨੁ ਗੁਰੂ ਸਤਿਗੁਰ ਕਾ ਖਿਵੈ ਚੰਦੋਆ॥
ਉਗਵਣਹੁ ਤੈ ਆਥਵਣਹੁ ਚਹੁ ਚਕੀ ਕੀਅਨੁ ਲੋਆ॥
ਜਿਨ੍ਹੀ ਗੁਰ ਨ ਸੇਵਿਓ ਮਨਮੁਖਾ ਪਇਆ ਮੋਆ॥
ਦੂਣੀ ਚਉਣੀ ਕਰਾਮਾਤਿ ਸਚੇ ਕਾ ਸਚਾ ਢੋਆ॥
ਚਾਰੇ ਜਾਗੇ ਚਹੁਜੁਗੀ ਪੰਚਾਇਣੁ ਆਪੇ ਹੋਆ॥੮॥੧॥

ਇਹ ਪੂਰੀ ਉਪਮਾ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦੇ ਪੰਨਾ ੯੬੬-੬੮ ਤਕ ਦਰਜ ਹੈ।

ਉਪ੍ਰੋਕਤ ਬੇ-ਮੁਖਤਾ ਦੇ ਪ੍ਰਸੰਗ ਨੂੰ ਮਹਿਮਾ ਪ੍ਰਕਾਸ਼ ਦਾ ਕਰਤਾ ਸ੍ਰੀ ਸਰੂਪ ਦਾਸ ਭੱਲਾ ਇਉਂ ਲਿਖਦਾ ਹੈ, ਭੇਦ ਸਿਰਫ਼ ਏਨਾ ਹੈ ਕਿ ਸਰੂਪ ਦਾਸ ਇਹ ਸਾਖੀ ਗੁਰੂ ਅੰਗਦ ਜੀ ਦੇ ਸਮੇਂ ਬਾਬਾ ਬੁੱਢਾ ਜੀ ਨੂੰ ਮੁੱਖ ਰਖ ਕੇ ਹੋਈ ਲਿਖੀ ਹੈ :

ਯਥਾ : ਸਾਖੀ ੭ ਦੋਹਰਾ ਸਤਿਗੁਰ ਸਦਾ ਦਿਆਲ ਹੈ ਬੈਰ ਭਾਵ ਜਾ ਕੇ ਨਹੀ। ਹੋਇ ਦੁਖੀ ਤਤਕਾਲ ਤਬ ਹੋਇ ਅਭਾਵ ਗੁਰਸਿਖ ਕੋ॥੧॥ਅੜਿਲ॥

ਬਲਵੰਡ ਰਾਗੀ ਸਤਿਗੁਰ ਕੇ ਸਨਮੁਖ ਬਹੋ ਚਉਕੀ ਸਬਦ ਸੁਨਾਇ ਸਦਾ ਸੁਖ ਸੋ ਰਹੇ ਦਿਵਸ ਏਕ ਬਾਬੇ ਬਸ ਪ੍ਰੇਮ ਹੋਇ ਬੁੱਢੇ ਕਹੀ। ਹੇ ਬਲਵੰਡ ਸਬਦ ਸੁਨਾਏ ਮੇਰੇ ਮਨ ਭਈ ਓਹ ਬੋਲਿ ਬਚਨ ਕਠੋਰ ਨ ਸਬਦ ਸੁਨਾਇਆ। ਹੋ ਅੰਤ੍ਰਜਾਮੀ ਸਤਿਗੁਰ ਨ ਭਲਾ ਭਾਇਆ।੩। ਬਲਬੰਡ ਸਤਿਗੁਰੂ ਜੀ ਹਜ਼ੂਰ ਕਰਨ ਲਗਾ ਤਾਂ ਗੁਰੂ ਜੀ ਮੁਖ ਮੋੜ ਲਿਆ॥

ਏਹ ਪ੍ਰੇਮ ਅਭਾਉ ਦਿਆਲ ਮਨਧਰਾ
ਇਹ ਢਾਡੀ ਪ੍ਰੇਮ-ਬਿਹੀਨ ਅਹੰਮਨ ਮੋ ਕਰਾ
ਭਜਨ ਸਮਾ ਜਬ ਭਇਆ ਆਇ ਕੀਰਤਨ ਕਰੀਓ।
ਹੋ ਸਤਿਗੁਰ ਮੁਖ ਮੁਖ ਲੀਓ ਫੇਰ ਪੀਠ ਤਾ ਢਿਗ ਕਰੀਓ।
ਪੁਨਾ—ਲੈ ਰਬਾਬ ਬਲਵੰਡ ਜਾਇ ਸਨਮੁਖ ਖਰਾ।
ਤਬ ਫਿਰ ਬੈਠੇ ਦਿਆਲ ਨ ਸਨਮੁਖ ਕਰਾ।
ਤਬ ਪੂਛਾ ਤਿਨ ਕਰ ਜੋੜ ਕਿਆ ਅਵਗੁਣ ਮੈ ਕਰਿਓ।
ਹੇ ਪ੍ਰਭ ਸਬਦ ਨ ਸੁਨੋ ਮੋਹਿ ਢਿਗ ਮੁਖ ਧਰੋ। ਦੋਹਰਾ
ਤਬ ਸਤਿਗੁਰ ਕਹਿਓ ਅਬ ਸਮਾ ਸੁਨਨ ਕੋ ਨਾਹ।

ਜਬ ਪ੍ਰੇਮ ਜੁਗਤ ਤੋਂ ਸੋ ਕਹਿਓ ਤਬ ਨ ਸੁਨਾਇਓ ਕਾਹ।੯।ਚਉਪਈ।
ਜਬ ਬੁਢੇ ਸਬਦ ਸੁਨਨ ਕੋ ਕਹਾ। ਹੋਇ ਪ੍ਰੇਮ ਰੂਪ ਤਿਸ ਘਟ ਮੈ ਸਹਾ।
ਤੁਮ ਬਚਨ ਕਠੋਰ ਕਹਿ ਦੀਓ ਅਭਾਉ।
ਅਬ ਨ ਸੁਨ ਮਨ ਲਹੌਂ ਚਾਉ।
ਤਬ ਤਾ ਕੋ ਹਉਮੈ ਬੁਧ ਆਈ। ਮੈ ਗੁਰੂ ਬਾਬੇ ਕੀ ਸੇਵ ਕਮਾਈ
ਹਉ ਜਾਟ ਬੂਟ ਆਗੈ ਨਹੀ ਗਾਉ।
ਗੁਰੂ ਬਾਬੇ ਸਨਿਓ ਅਬ ਤੁਮੇ ਸੁਨਾਉ।੮।
ਇਸ ਕਹਿ ਕੇ ਉਠਿ ਚਲਾ ਰਿਗਾਇ।
ਜੋ ਮੋ ਪਹਿ ਸਬਦ ਕਮੀ ਮੋਹ ਕਾਇ।੩।
ਜਬ ਬਾਬੇ ਜਾ ਕੀ ਬਾਨੀ ਗਾਵੈ। ਖਾਨ, ਪਾਨ, ਬਸਤ੍ਰ ਪਨ ਪਾਵੈ।੯।
ਲੇ ਰਬਾਬ ਉਠਿ ਚਲਿਉ ਰਿਸਾਇ। ਜਹਾਂ ਜਾਏ ਤਹਾ ਭੀਖਨ ਪਾਇ।
ਕਾਹੂ ਤੀਹ ਪਛਾਨਾ ਨਾਹ। ਖਾਨ ਪਾਨ ਕੋਊ ਪੂਛੈ ਨਾਹ।੧੦।ਦੋਹਰਾ।
ਪਾਂਚ ਦਿਵਸ ਤਾ ਕੋ ਭਇ ਮਿਲਿਉ ਨ ਪਾਨੀ ਅੰਨ।
ਗੁਰ-ਬਿਮੁਖ ਸਭ ਜਗ ਬਿਮੁਖ ਗੁਰ ਸਨਮੁਖ ਧੰਨ ਧੰਨ।੧੧।
ਤੋਮਰ ਛੰਦ। ਤਬ ਭਇ ਉਤਾਹ ਗਿਆਨ। ਮੈ ਨੀਚ ਜਾਨਮ ਅਜਾਨ।
ਸਤਿਗੁਰ ਨ ਜਾਨਿਉ ਮੋਹ। ਸਭ ਜਗ ਕੇ ਮਮ ਦ੍ਰੋਹ।੧੨।
ਅਬ ਸਰਨ ਤਾ ਕੀ ਜਾਉ। ਜੇ ਦਰਸ ਸੰਤ ਗੁਰ ਪਾਉ।
ਕਰ ਬਿਨੈ ਹੋਇ ਅਧੀਨ। ਗਰਬ ਖਸ ਲੇਹ ਪ੍ਰਵੀਨ।੧੩।
ਕੀਓ ਪਿਆਸੁ ਭੂਪ ਬਿਹਾਲਾ। ਮਨ ਚਿਤ ਬਿਊ ਗੁਰ ਦਿਆਲਾ।
ਆਏ ਗਿਰਦ ਦੁਆਰੇ ਫਿਰਿਓ। ਕਰ ਰੁਦਨ ਬਿਨੈ ਉਚਰਿਓ।੧੪।
ਤਬ ਸੁਨਿਓ ਦੀ ਸੁਭਾਇ। ਲੀਨ ਦਿਆਲ ਬੁਲਾਇ।੧੫।
ਇਕ ਸਿੱਖ ਬਿਨੈ ਕੀਨਾ ਬਲਬੰਤਾ ਖਰਾ ਅਧੀਨਾ।
ਸਿਰਿ ਜਾਇ ਚਰਨਣ ਦੀਨਾ। ਬੋਲਿਉ ਤਬ ਹੋਇ ਅਧੀਨਾ।
ਬਹੁ ਦੀ ਨ ਬਚਨ ਸਨਾਇ। ਸਤਿਗੁਰੂ ਦਯਾ ਜਨਾਇ।੧੬।ਦੋਹਰਾ।
ਤਬ ਹਸਿਓ ਦਿਆਲ ਦੇਖ ਕੈ ਭਾਖਿਓ ਸਹਜ ਸੁਭਾਇ।
ਕਛੁ ਉਸਤਤ ਮੁਖ ਤੇ ਕਰੋ ਭੂਲ ਤੁਮਾਰੀ ਜਾਇ।੧੭।ਚੌਪਈ।
ਬੰਲਬੰਡ ਕਹੇ ਹੇ ਪ੍ਰਭ ਕਿਆ ਭਯੋ। ਸਭ ਬਾਨੀ ਬਾਕ ਮੋਤੇ ਚਲ ਗਯੋ।
ਪ੍ਰਭ ਦਿਆਲ ਕਹੀ ਸਹਜ ਸੁਭਾਏ। ਮਮ ਵਾਕ ਬਾਨੀ ਫਿਰ ਪਾਏ।੧੮।
ਤਬ ਬਲਵੰਡ ਉਸਤਤ ਕਰੀ। ਟਿੱਕੇ ਦੀਵਾਰ ਕਰਨਾਦ ਉਚਰੀ।
ਠਾਡੇ ਹੋਇ ਸਨਮੁਖ ਗੁਰ ਗਾਈ। ਸ੍ਰੀ ਸਤਗੁਰੂ ਜੀ ਕੇ ਮਨ ਭਾਈ।੧੯।

(ਮਹਿਮਾ ਪ੍ਰਕਾਸ਼ ਪੰਨਾ ੯੬ ਤੋਂ ੯੯—ਭਾਸ਼ਾ ਵਿਭਾਗ)

ਇਸ ਦਾ ਸੰਖੇਪ ਇਹ ਹੈ:

ਬਾਬੇ ਬੁੱਢੇ ਨੇ ਸ਼ਬਦ ਸੁਣਾਣ ਲਈ ਬਲਵੰਡ ਨੂੰ ਕਿਹਾ ਤਾਂ ਉਸ ਨੇ ਬਾਬੇ ਨੂੰ ਜਟ-ਬੂਟ ਸਮਝ ਕੇ ਨਾਂਹ ਕਰ ਦਿੱਤੀ। ਜਦ ਸਤਿਗੁਰੂ ਜੀ ਅੱਗੇ ਸ਼ਬਦ ਚਉਕੀ ਕਰਨ ਲੱਗਾ ਤਾਂ ਗੁਰੂ ਨੇ ਨਾਂ ਸੁਣਿਆ ਤੇ ਬਲਵੰਡ ਰੁੱਸ ਕੇ ਚਲਾ ਗਿਆ। ਜਦ ਕਿਸੇ ਨੇ ਬੇਮੁਖ ਸਮਝ ਕੇ ਮੂਹ ਨਾ ਲਾਇਆ ਹਾਰ ਹੰਭ ਕੇ ਦੁਵਾਰਾ ਗੁਰੂ ਚਰਨੀ ਲਗ ਕੇ ਮਾਫ਼ੀ ਮੰਗੀ। ਗੁਰੂ ਜੀ ਨੇ ਬਖ਼ਸ਼ ਦਿੱਤਾ। ਬੇ-ਮੁਖਤਾ ਦਾ ਕਲੰਕ ਲਹਿ ਗਿਆ ਤਾਂ ਬਲਵੰਡ ਟਿਕੇ ਦੀਵਾਰ ਵਿਚ ਗੁਰੂ ਸਾਹਿਬਾਂ ਦੀ ਸਿਫ਼ਤ ਕੀਤੀ। ਇਹ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦੇ ਪੰਨੇ ੯੬੬ ਉੱਤੇ ਪੜ੍ਹੀ ਜਾ ਸਕਦੀ ਹੈ।

ਇਸ ਘਟਨਾ ਨੂੰ ਸੂਰਜ ਪ੍ਰਕਾਸ਼ ਗ੍ਰੰਥ ਵਿਚ ਭਾਈ ਸੰਤੋਖ ਸਿੰਘ ਜੀ ਇਸ ਪ੍ਰਕਾਰ ਬਿਆਨ ਕਰਦੇ ਹਨ।

ਆਦਿ ਅੰਤ ਕੀ ਦਸ਼ਾ ਬਿਸਾਰੀ॥ ਹਮ ਬਿੱਦਯਾ ਬਡ, ਭੇ ਹੰਕਾਰੀ[1]॥
ਗੁਰੂ ਗਰੀਬ ਨਿਵਾਜ ਨ ਜਾਨਾ॥ ਗਾਇ ਠੀਕ ਹਮ ਭਏ ਮਹਾਨਾ॥
ਹੰਕਾਰਤਿ ਕੁਛ ਸਮੈ ਬਿਤਾਵਾ॥ ਭਗਨੀ ਕੌ ਸੁ ਬਤਾਹ ਤਬਿ ਆਵਾ॥
ਯੁਗ ਭ੍ਰਾਤਾ ਸਤਿਗੁਰ ਢਿਗ ਗਏ॥ ਮੁਖ ਤੇ ਕਰਤਿ ਸੁਜਸੁ ਕੋ ਭਏ॥
'ਦਾਸ ਜਾਨਿ ਹਮ ਕਾਰਜ ਕੀਜਹਿ॥ ਦਰਬ ਬਿਸਾਲ ਆਪ ਅਬਿ ਦੀਜਹਿ॥
ਜਿਸਤੇ ਕਰਹਿ ਬਤਾਹੁ ਹਮ ਭਾਰਾ॥ ਪਿਖਹਿ ਸੁਨਹਿੰ ਹੁਇ ਸੁਜਸੁ ਤੁਮਾਰਾ'।
ਗੁਰੂ ਕਹਯੋ 'ਚਿੰਤਾ ਦਿਹੁ ਟਾਰਾ॥ ਸ੍ਰੀ ਨਾਨਕ ਕੋ ਅਤੁਟ ਭੰਡਾਰਾ॥
ਪ੍ਰਾਤ ਕਾਲ ਜੇਤਿਕ ਧਨ ਆਵਹਿ॥ ਸਿਖ ਸੰਗਤਿ ਹਮ[2] ਅਨਿ ਚਢਾਵਹਿ॥
ਸੋ ਸਭਿ ਹੀ ਤੁਮ ਲੇਹੁ ਸੰਭਾਰੀ॥ ਸਤਿਗੁਰ ਕਾਰਜ ਸਰਬ ਸੁਧਾਰੀ[3]॥
ਦੁਹੂੰ ਸੁਨਤਿ ਮਨ ਆਨੰਦ ਪਾਏ॥ ਗੁਰ ਜਸ ਉਚਰਤਿ ਦਿਨ ਸਿਧਾਏ॥
ਜਾਮਨਿ ਬਿਤੀ ਪ੍ਰਾਤਿ ਜਬ ਹੋਇ॥ ਦਰਸ਼ਨ ਕਰਨਿ ਆਇ ਸਭਿ ਕੋਈ॥
ਸਿਖ ਸੰਗਤਿ ਦੇ ਮਿਲਹਿੰ ਅਕੋਰ॥ ਬੰਦੈ ਚਰਨ ਕਮਲ ਕਰ ਜੋਰਿ॥
ਸਭਿ ਦਿਨ ਕੀ ਪੂਜਾ ਗਿਨਿ ਜਬੈ॥ ਭਯੋ ਰਜਤਪਨ ਇਕ ਸੌ ਤਬੈ॥
ਦੁਹੂੰ ਭ੍ਰਾਤ ਕੋ ਸਗਰੇ ਦੀਨਿ॥ ਗਰਬੇ ਮੂਢ ਨਹੀ ਤਬਿ ਲੀਨਿ॥
ਦਿਏ ਬਗਾਇ[4] ਗੁਰੂ ਕੇ ਆਗੇ॥ 'ਹਮ ਸੌਂ ਕਰਨਿ ਮਸ਼ਕਰੀ ਲਾਗੇ॥

ਸੱਤੇ ਅਤੇ ਬਲਵੰਡੇ ਨੂੰ ਗੁਰੂ ਜੀ ਨੇ ਸਵੇਰ ਦੇ ਦੀਵਾਨ ਤੋਂ ਬਾਅਦ ਵਾਲੀ ਸਾਰੀ ਮਾਇਆ ਦੇ ਦਿੱਤੀ ਅਤੇ ਕਿਹਾ ਕਿ ਸਤਿਗੁਰੂ ਭਲੀ ਕਰੇਗਾ। ਇਨ੍ਹਾਂ

---

੧. ਅਸਾਂ ਪਾਸ ਬਡੀ ਵਿੱਦਯਾ ਹੈ, ਇਸ ਤਰ੍ਹਾਂ ਵਿਚ ਸੋਚ ਕੇ) ਹੰਕਾਰੀ ਹੋਏ ਹਨ। ੨. ਸਾਨੂੰ। ਸੁਧਾਰਨਗੇ। ੩. ਸੁਧਰਨਗੇ। ੪. ਵਗਾਹ ਮਾਰੇ।

ਦੋਹਾਂ ਨੇ ਮੂਰਖਤਾ ਵਸ਼ ਸਾਰੀ ਮਾਇਆ ਨੂੰ ਥੋੜੀ ਜਾਣ ਕੇ ਗੁਰੂ ਜੀ ਦੇ ਅੱਗੇ ਸੁੱਟ ਦਿੱਤੀ ਅਤੇ ਬੇਮੁਖ ਹੋ ਕੇ ਘਰ ਪਰਤ ਆਏ। ਅਗਲੇ ਦਿਨ ਇਹ ਦੋਵੇਂ ਕੀਰਤਨ ਕਰਨ ਨਹੀਂ ਆਏ। ਸਤਿਗੁਰੂ ਜੀ ਨੇ ਸਿੱਖਾਂ ਨੂੰ ਇਨ੍ਹਾਂ ਦੋਹਾਂ ਭਰਾਵਾਂ ਨੂੰ ਬੁਲਾਉਣ ਲਈ ਭੇਜਿਆ ਪਰ ਇਨ੍ਹਾਂ ਸਿੰਘਾਂ ਨੂੰ ਅਹੰਕਾਰ ਭਰਿਆ ਉੱਤਰ ਦਿੱਤਾ ਕਿ ਇਸ ਗੁਰੂ ਦੀ ਸਿੱਖੀ ਸੇਵਕੀ ਸਾਡੇ ਕੀਰਤਨ ਕਰਕੇ ਹੈ। ਸਾਡੇ ਨਾ ਜਾਣ ਕਰਕੇ ਇਸਦੀ ਵਿਰੋਧਤਾ ਵਧੇਗੀ, ਇਸ ਨੂੰ ਕੋਈ ਗੁਰੂ ਨਹੀਂ ਕਹੇਗਾ।

ਸੁਨਿ ਸੱਤੇ ਬਲਵੰਡਹਿ ਕਹਯੋ। 'ਗੁਰ ਢਿਗ ਜਾਇ ਕਹਾਂ ਹਮ ਲਹਯੋ[1]।
ਜਬਿ ਹਮ ਕਿਰਤਨ ਕਰਹਿਂ ਬਨਾਇ। ਆਇ ਦੀਵਾਨ ਸਰਬ ਲਗ ਜਾਇ।
ਸ੍ਰੀ ਅਰਜਨ ਵਿਚ ਬੈਠਹਿਂ ਆਈ। ਗੁਰੂ ਗੁਰੂ ਕਹਿਂ ਸਭਿ ਲਗਿ ਪਾਈ।
ਅਨਿਕ ਉਪਾਇਨ ਆਨਿ ਚਢਾਵਹਿਂ। ਹੇਰਿ ਹੇਰਿ ਕਰਿ ਸੁਜਸੁ ਅਲਾਵਹਿਂ।
ਗੁਰਤਾ ਗਾਦੀ ਕੇ ਹਮ ਮੂਲ। ਨਹਿਂ ਜਬਿ ਜਾਇਂ ਹੋਇ ਪ੍ਰਤਿਕੂਲ[2]।
ਤਿਨਕੋ ਗੁਰੂ ਨ ਕਹਿ ਹੈ ਕੋਇ। ਧਨ ਕੀ ਪੂਜਾ ਕਿਤ ਤੇ ਹੋਇ।

ਸਿੱਖਾਂ ਨੇ ਸੱਤੇ-ਬਲਵੰਡ ਦੇ ਨ ਮੰਨਣ ਤੇ ਅਤੇ ਗੁਰੂ ਨਿੰਦਾ ਕਰਨ ਉੱਤੇ ਵਾਪਸ ਆ ਕੇ ਸਾਰੀ ਵਾਰਤਾ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਦੱਸੀ।

ਗੁਰੂ ਜੀ ਨੇ ਕਿਹਾ ਕਿ ਉਹ ਹੰਕਾਰ ਅਤੇ ਬੇਮੁਖਤਾ ਦੇ ਵੱਸ ਹੋ ਕੇ ਫਿਟ ਗਏ ਹਨ। ਇਸੇ ਲਈ ਉਹ ਨਿੰਦਾ ਕਰ ਰਹੇ ਹਨ, ਹੁਣ ਉਹ ਸਾਡੇ ਮੱਥੇ ਕਦੀ ਵੀ ਨਾ ਲੱਗਣ ਅਤੇ ਜੋ ਉਨ੍ਹਾਂ ਦੀ ਸਿਫ਼ਾਰਿਸ਼ ਕਰੇਗਾ ਉਸਦਾ ਵੀ ਮੂੰਹ ਕਾਲਾ ਕਰਕੇ ਖੋਤੇ 'ਤੇ ਚੜਾ ਦਿੱਤਾ ਜਾਵੇਗਾ। ਉਪ੍ਰੋਕਤ ਗੁਰੂ ਵਾਕ ਦੇ ਕਾਰਨ ਦੋਹਾਂ ਭਰਾਵਾਂ ਦੀ ਦੇਹ ਫਟ ਗਈ ਅਤੇ ਦੋਵੇਂ ਕੋਹੜੀ ਹੋ ਗਏ।

ਗੁਰਬੋਲੇ 'ਸੋ ਫਿਟਿ ਗਏ ਨਹਿਂ ਪਚਯੋ ਹੰਕਾਰਾ।
ਗੁਰਬਤਿ ਮੂਰਖ ਨਿੰਦ ਕਹਿਂ, ਲਹਿਂ ਕਸ਼ਟ ਉਦਾਰਾ।
ਤਿਨ ਕੇ ਮਸਤਕ ਜੋ ਲਗਹਿ ਸੋ ਸਿਖ ਦੁਖ ਪਾਵਹਿ।
ਨਿਕਟ ਹਮਾਰੇ ਤਿਨਹੁ ਕੀ ਨਹਿਂ ਅਰਜ਼ ਕਰਾਵੈ।
ਕਰਹਿ ਸਿਪਾਰਸ਼ ਜਬਹਿ ਕੋ ਹਮ ਦੇਹਿਂ ਸੁਜਾਈ।
ਤਿਸ ਕੋ ਮੁਖ ਕਾਲਾ ਕਰਹਿਂ ਸਿਰ ਕੋ ਮੁੰਡਵਾਹੀ।

---

੧. ਅਸਾਂ ਕੀ ਲੈਣਾ ਹੈ। ੨. ਜਦ ਅਸੀਂ ਨਾ ਗਏ ਤਾਂ ਸਾਰੇ ਉਲਟ ਹੋ ਜਾਣਗੇ, ਅਥਵਾ (ਗੱਦੀ) ਉਲਟ ਜਾਏਗੀ। ੩. ਤਦੋਂ ਇਹ ਸਜ਼ਾ ਦਾ ਇਕ ਰਿਵਾਜ ਸੀ, ਜਿਸ ਦਾ ਨਾਂ ਸੀ ਨਸ਼ਰ ਕਰਨਾ', ਗੁਰੂ ਵਾਗ ਇੰਨਾ ਹੀ ਹੋਇਆ ਹੋਣਾ ਹੈ, ਕਿ ਉਸ ਨੂੰ ਨਸ਼ਰ ਕਰਾਂਗੇ, ਮਹਾਂ ਪੁਰਖ ਥੋੜੇ ਅੱਖਰ ਬੋਲਦੇ ਹਨ। ਅਜ ਕਲ 'ਨਸ਼ਰ ਕਰਨ' ਦੇ ਅਰਥ 'ਬਦਨਾਮ ਕਰਨਾ' ਰਹਿ ਗਿਆ ਹੈ।

ਬਹੁਰ ਚਢਾਵਹਿਂ ਗਧੇ ਪਰ ਪੁਰਿ ਫੇਰਹਿ ਸਾਰੇ।
ਢੋਲ ਬਜਹਿਤਿ ਸੰਗ ਤਬਿ ਨਰ ਨਾਰਿ ਨਿਹਾਰੇ[2]।

ਗੁਰੂ ਜੀ ਤੋਂ ਬੇਮੁਖ ਹੋ ਕੇ ਦੋਨੋਂ ਭਰਾ ਬੜੇ ਦੁਖੀ ਹੋ ਗਏ ਅਤੇ ਆਪਣੀ ਕੀਤੀ ਗ਼ਲਤੀ ਦਾ ਪਛੁਤਾਵਾ ਕਰਨ ਲੱਗ ਪਏ। ਗੁਰੂ ਜੀ ਦੇ ਸਖ਼ਤ ਹੁਕਮ ਕਰਕੇ ਕੋਈ ਵੀ ਸਿਖ ਬਖ਼ਸ਼ ਬੰਦੀ ਲਈ ਅੱਗੇ ਨਹੀਂ ਹੋਇਆ। ਅੰਤ ਨੂੰ ਭਾਈ ਲੱਧਾ ਜੀ ਨੇ ਗੁਰੂ ਜੀ ਦੀ ਸ਼ਰਤ ਪੂਰੀ ਕਰਕੇ ਕਾਲਾ ਮੂੰਹ ਅਤੇ ਖੋਤੇ ਉੱਤੇ ਚੜ੍ਹ ਕੇ ਲਵਪੁਰ (ਲਹੌਰ) ਤੋਂ ਅੰਮ੍ਰਿਤਸਰ ਆਏ ਅਤੇ ਇਨ੍ਹਾਂ ਦੀ ਬਖ਼ਸ਼ਬੰਦੀ ਕਰਾਈ।

ਤਿਸ ਦਿਨ ਰਾਖੇ ਪਾਸ ਨਿਜ ਪੁਨ ਉਠਯੋ ਸਕਾਰਾ।
ਪੂਰਬ ਮੂੰਡ ਮੁੰਡਾਇਕੈ ਮੁਖ ਕੀਨਸਿ ਕਾਰਾ।
ਗਰਧਬ ਕਰਿ ਭਾਰਾ ਲਿਯੋ[1] ਹੁਇ ਤਿਸ ਅਜ ਵਾਰੋ।
ਸੰਗ ਢੋਲ ਬਜਵਾਇਓ ਨਰ ਪਿਖਹਿਂ ਹਜ਼ਾਰੋਂ।
ਮਗ ਨਿਸ ਬਸਿ ਗੁਰ ਕੀ ਪੁਰੀ ਆਗਲ ਦਿਨ ਆਯੋ।
ਪ੍ਰਥਮ ਪ੍ਰਕਰਮਾ ਨਗਰ ਕੀ ਕਰਿ ਕੈ ਪ੍ਰਵਿਸ਼ਾਯੋ॥

ਸੱਤਾ ਬਲਵੰਡ ਦੀ ਬਖ਼ਸ਼ਬੰਦੀ

ਦੋਹਰਾ॥ ਲੱਧਾ ਪਰਉਪਕਾਰ ਹਿਤ ਸ਼ੰਕ ਨਹੀਂ ਮਨ ਕੀਨਿ।
ਇਨਕੇ ਬਖਸ਼ਹਿਂ ਸ੍ਰੀ ਗੁਰੁ ਕਜਾ ਮੇਰੋ ਹੁਇ ਹੀਨ।੧।
ਕਰਹਿ ਅਰਜ ਤਿਸ ਗਧੇ ਚਢਾਵਹਿਂ, ਮੁਖ ਕਾਰੋ ਠਾਨਹਿਂ, ਪਿਖਿ[2] ਲੋਇ।
ਮੂੰਡ ਮੁੰਡਾਇ ਸਜਾਇ ਦੇਹਿਂ ਅਸ, ਯਾਂ ਤੇ ਇਨ ਸੰਗੀ ਨਹਿਂ ਹੋਇ।
ਮੈਂ ਰਾਵਰ ਕੇ ਬਚਨ ਕਮਾਏ ਪੂਰਬ ਕਰਿ ਕਬੇਖ[3] ਫਿਰਿ ਆਇ।
ਅਰਜ਼ ਕਰੋਂ ਪਸ਼ਚਾਤ ਕ੍ਰਿਪਾ ਨਿਧਿ ਸੁਨਹੁ ਗੁਰੂ ਬਖਸ਼ਿੰਦ ਸੁਭਾਇ।
ਸੱਤਾ ਅਰੁ ਬਲਵੰਡ ਦੁਖਿਤ ਅਤਿ ਚਿਤਿ ਕੋ ਗਰਬ ਗਯੋ ਬਿਨਸਾਇ।
ਭਏ ਰੰਕ ਰੋਗੀ ਬਹੁ ਆਤੁਰ ਹੋਤਿ ਦੀਨ ਜਿਸ ਕਿਸ ਪਹਿ ਜਾਇ।
ਭੂਲ ਛਿਮਾਪਨ ਕਰਹੁ ਗੁਰੂ ਜੀ! ਨਿਜ ਪਗ ਪੰਕਜ ਲੇਹੁ ਮਿਲਾਇ'।
ਸ੍ਰੀ ਅਰਜਨ ਸਭਿ ਸਭਾ ਸਹਤ ਤਾ ਕੋ ਉਪਕਾਰੀ ਬਡ ਲਖਯੋ ਸੁਭਾਇ।
'ਇਤੋ ਖੇਦ ਕਯੋਂ ਪ੍ਰਾਪਤਿ ਹੋਵਾ, ਜੇ ਹਮ ਕੋ ਤੂੰ ਕਹਤਿ ਬਨਾਇ।
ਬਖਸ਼ੇ ਦੇਤਿ ਤੁਵ ਬਾਕਨਿ ਤੇ ਹਮ ਬਿਨ ਹੰਕਾਰ ਭਏ ਲਖਿ ਪਾਇ।

---

੧. ਭਾੜੇ ਕਰ ਲਿਆ। ੨. ਦੇਖਣਗੇ। ੩. ਖੋਟਾ ਰੂਪ।

ਇਸ ਘਟਨਾ ਬਾਰੇ ਭਾਈ ਕਾਨ੍ਹ ਸਿੰਘ ਜੀ ਨਾਭਾ ਵੀ ਲਿਖਦੇ ਹਨ:

"ਲਾਹੌਰ ਨਿਵਾਸੀ ਇਕ ਆਤਮ ਗਿਆਨੀ ਅਤੇ ਪਰੋਪਕਾਰੀ ਸਿੱਖ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਨਿੰਦਾ ਕਰਨ ਅਤੇ ਗੁਰ-ਦਰਬਾਰ ਦੀ ਸੇਵਾ ਤਿਆਗਨ 'ਤੇ ਸੱਤਾ ਅਤੇ ਬਲਵੰਡ ਰਬਾਬੀ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਦੀਵਾਨ ਵਿਚੋਂ ਕੱਢ ਦਿੱਤੇ ਅਤੇ ਹੁਕਮ ਜਾਰੀ ਕੀਤਾ ਕਿ ਜੋ ਇਨ੍ਹਾਂ ਮਨਮੁਖਾਂ ਦੀ ਸਾਡੇ ਪਾਸ ਸਿਫ਼ਾਰਿਸ਼ ਕਰੇਗਾ। ਉਸਦਾ ਕਾਲਾ ਮੂੰਹ ਕਰਕੇ ਗਧੇ ਚੜ੍ਹਾਇਆ ਜਾਉ। ਇਸ ਪੁਰ ਰਬਾਬੀ ਦੁਖੀ ਹੋ ਕੇ ਮੁਆਫ਼ੀ ਲਈ ਅਨੇਕ ਜਤਨ ਕਰਦੇ ਰਹੇ, ਕਿਸੇ ਨੇ ਕੁਝ ਸਹਾਇਤਾ ਨ ਕੀਤੀ ਅੰਤ ਨੂੰ ਭਾਈ ਲੱਧੇ ਦੀ ਸ਼ਰਨ ਲਈ। ਪਰਉਪਕਾਰੀ ਭਾਈ ਸਾਹਿਬ ਕਾਲਾ ਮੂੰਹ ਕਰਕੇ ਗਧੇ ਪਰ ਸਵਾਰ ਹੋ ਕੇ ਲਾਹੌਰ ਤੋਂ ਅੰਮ੍ਰਿਤਸਰ ਪਹੁੰਚੇ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਿੰਘਾਸਨ ਤੋਂ ਉਠ ਕੇ ਭਾਈ ਲੱਧੇ ਨੂੰ ਛਾਤੀ ਨਾਲ ਲਾਇਆ ਅਤੇ ਉਸ ਦੀ ਬੇਨਤੀ ਪੁਰ ਰਬਾਬੀ ਬਖ਼ਸ਼ ਦਿੱਤੇ।" (*ਮਹਾਨ ਕੋਸ਼*, ਪੰਨਾ ੧੦੫੯)

ਇਸ ਤਰ੍ਹਾਂ ਭਾਈ ਲੱਧਾ ਜੀ ਦੀ ਸਿਫ਼ਾਰਿਸ਼ ਨਾਲ ਗੁਰੂ ਸਾਹਿਬ ਨੇ ਇਨ੍ਹਾਂ ਦੋਹਾਂ ਦੀ ਬਖ਼ਸ਼ਬੰਦੀ ਕਰ ਦਿੱਤੀ। ਦੋਵੇਂ ਭਰਾ ਹੰਕਾਰ ਨੂੰ ਤਿਆਗ ਕੇ ਗੁਰੂ ਜੀ ਦੇ ਸਨਮੁਖ ਆ ਕੇ ਮਾਫ਼ੀ ਮੰਗੀ ਅਤੇ ਗੁਰੂ ਸਾਹਿਬ ਦੀ ਉਸਤਤ ਵਿਚ ਰਾਮਕਲੀ ਕੀ ਵਾਰ ਉਚਾਰਨ ਕੀਤੀ।

ਸ੍ਰੀ ਅਰਜਨ ਕੈ ਪੁਨ ਹੁਇ ਮਨਮੁਖ ਠਾਢੇ ਭਏ ਸੁ ਦਰਪ ਨਿਕੰਦ[1]।
ਰੁਚਿਰ ਰਾਗਨੀ ਰਾਮਕਲੀ ਵਿਚ ਕਰੀ ਵਾਰ ਉਰ ਧਾਰਿ ਅਨੰਦ।
ਪੌੜੀ ਚਾਰ ਮਝਾਰ ਕਹਯੋ ਸ਼ੁਭ ਸ੍ਰੀ ਨਾਨਕ ਕੋ ਸੁਜਸ ਬਿਲੰਦ।
ਹੁਤੀ ਜਥਾ ਮਤਿ ਤਥਾ ਕਥਯੋ ਤਬਿ ਹੋਨਿ ਕ੍ਰਿਤਾਰਥ ਸ਼ਰਥਵੰਦ[2]।
ਇਕ ਇਕ ਪੌੜੀ ਚਤੁਰ ਗੁਰੂ ਕੀ ਸੁੰਦਰ ਕੀਰਤਿ ਕਹੀ ਬਨਾਇ।
ਸ੍ਰੀ ਅਰਜਨ ਪਰਤੱਖ ਅੱਗ੍ਰ ਥਿਤ ਹਾਥ ਜੋਰਿ ਸਭਿ ਦਈ ਸੁਨਾਇ।
ਭਏ ਪ੍ਰਸੰਨ ਵਾਰ ਕੋ ਸੁਨਿ ਕੈ ਤਬਿ ਸ੍ਰੀ ਗ੍ਰਿੰਥ ਬਿਖੇ ਲਿਖਵਾਇ।
ਰੋਗ ਛੀਨ ਭਾ ਤਨ ਨਵੀਨ ਸ਼ੁਭ, ਲੋਕ ਬਿਲੋਕਿ ਰਹੇ ਬਿਸਮਾਇ।

(ਸ੍ਰੀ ਗੁਰ ਪ੍ਰਤਾਪ ਸੂਰਜ, ਰਾ: ੩, ਅੰ: ੪੫, ਪੰਨੇ ੨੦੯੭-੨੧੦੭)

☆

੧. ਹੰਕਾਰ ਦੂਰ ਕਰਕੇ। ੨. ਕ੍ਰਿਤਾਰਥ ਹੋਣ ਦੇ ਸੁਾਰਥਵਾਨਾਂ ਨੇ।

ਭਾਈ ਗੁਰਦਾਸ ਜੀ ਦਾ ਬੇਮੁਖ ਹੋਣਾ

ਭਾਈ ਗੁਰਦਾਸ ਜੀ ਨੇ ਨਿਮਨ ਪਉੜੀ ਦੀ ਰਚਨਾ ਕਰਕੇ, ਛੇਵੇਂ ਗੁਰੂ ਹਰਿ ਰਾਇ ਜੀ ਨੂੰ ਸੁਣਾਈ।

ਜੇ ਮਾਂ ਹੋਵੈ ਜਾਰਨੀ ਕਿਉਂ ਪੁਤੁ ਪਤਾਰੇ॥
ਗਾਈ ਮਾਣਕੁ ਨਿਗਲਿਆ ਪੇਟੁ ਪਾੜਿ ਨ ਮਾਰੇ॥
ਜੇ ਪਿਰੁ ਬਹੁ ਘਰੁ ਹੰਢਣਾ ਸਤੁ ਰਖੈ ਨਾਰੇ॥
ਅਮਰੁ ਚਲਾਵੈ ਚੰਮ ਦੇ ਚਾਕਰ ਵੇ-ਚਾਰੇ॥
ਜੇ ਮਦੁ ਪੀਤਾ ਬਾਮਣੀ ਲੋਇ ਲੁਝਣਿ ਸਾਰੇ॥
ਜੇ ਗੁਰ ਸਾਂਗਿ ਵਰਤਦਾ ਸਿਖੁ ਸਿਦਕੁ ਨ ਹਾਰੇ॥

ਭਾਵ ਕਿ ਵਿਅਭੀਚਾਰੀ ਮਾਂ ਦੀ ਪੁੱਤਰ ਨਿੰਦਾ ਨਹੀਂ ਕਰ ਸਕਦਾ। ਜੇ ਗਊ ਕੀਮਤੀ ਮਾਣਕ ਨਿਗਲ ਜਾਵੇ ਤਾਂ ਉਸਦਾ ਪੇਟ ਨਹੀਂ ਪਾੜਿਆ ਜਾਂਦਾ। ਜੇਕਰ ਕਿਸੇ ਇਸਤ੍ਰੀ ਦਾ ਪਤੀ ਚਰਿਤ੍ਰਹੀਣ ਹੈ ਤਾਂ ਉਸਨੂੰ ਸੱਤ ਰਖਣਾ ਚਾਹੀਦਾ ਹੈ। ਜੇਕਰ ਰਾਜਾ ਚੰਮ ਦੇ ਰੁਪਏ ਚਲਾਏ ਤਾਂ ਨੌਕਰਾਂ ਨੂੰ ਉਹ ਵੀ ਪ੍ਰਵਾਨ ਹਨ। ਜੇਕਰ ਬ੍ਰਾਹਮਣ ਸ਼ਰਾਬ ਪੀ ਲਵੇ ਤਾਂ ਲੋਕ ਅੰਦਰੋਂ ਅੰਦਰ ਕੁੜਨਗੇ। ਇਸੇ ਪ੍ਰਕਾਰ ਜੇਕਰ ਗੁਰੂ ਸਵਾਂਗ ਵਰਤਦਾ ਹੋਵੇ ਤਾਂ ਸਿੱਖ ਨੂੰ ਸਿਦਕ ਨਹੀਂ ਹਾਰਨਾ ਚਾਹੀਦਾ।

ਗੁਰੂ ਜੀ ਨੇ ਸੁਣ ਕੇ ਫ਼ਰਮਾਇਆ ਕਿ, "ਭਾਈ ਸਾਹਿਬ ਆਪ ਜੀ ਦਾ ਆਸ਼ਾ ਤਾਂ ਠੀਕ ਹੈ, ਪਰੰਤੂ ਅੰਤਿਮ ਪੰਕਤੀ ਨਾਲ ਮੈਂ ਸਹਿਮਤ ਨਹੀਂ ਹਾਂ। ਕਿਉਂਕਿ ਗੁਰੂ ਦੇ ਸਵਾਂਗ ਅੱਗੇ ਸਿਖ ਕਈ ਵਾਰ ਹਾਰ ਜਾਂਦਾ ਹੈ। ਭਾਈ ਜੀ ਨੇ ਇਸ ਗੱਲ ਨੂੰ ਮਾਨਤਾ ਨਹੀਂ ਦਿੱਤੀ।

ਕੁਝ ਸਮੇਂ ਬਾਅਦ ਸ੍ਰੀ ਗੁਰੂ ਜੀ ਨੇ ਭਾਈ ਜੀ ਦਾ ਸਿਦਕ ਪਰਖਣ ਲਈ ਉਹਨਾਂ ਨੂੰ ਵਧੀਆ ਨਸਲ ਦੇ ਘੋੜੇ ਖ਼ਰੀਦਣ ਲਈ ਕਾਬਲ ਭੇਜਿਆ, ਭਾਈ ਜੀ ਨੂੰ ਇਹ ਹਿਦਾਇਤ ਵੀ ਦਿੱਤੀ ਕਿ ਜਦ ਤਕ ਘੋੜੇ ਪਸੰਦ ਨ ਹੋਣ ਤਦ ਤਕ ਮੁੱਲ ਨਹੀਂ ਦੇਣਾ। ਭਾਈ ਸਾਹਿਬ ਗੁਰੂ ਸਾਹਿਬ ਕੋਲੋਂ ਮਾਇਆ ਤੇ ਪੰਜ

ਸਿੰਘਾਂ ਨੂੰ ਨਾਲ ਲੈ ਕੇ ਕਾਬਲ ਵੱਲ ਚਲ ਪਏ। ਘੋੜੇ ਖ਼ਰੀਦ ਕੇ ਗੁਰੂ ਜੀ ਦੇ ਕੋਲ ਭੇਜ ਦਿੱਤੇ। ਜਦੋਂ ਪਸੰਦ ਆਉਣ ਤੇ ਮੁੱਲ ਤਾਰਨ ਦਾ ਹੁਕਮ ਗੁਰੂ ਜੀ ਵੱਲੋਂ ਹੋ ਗਿਆ ਤਾਂ ਭਾਈ ਜੀ ਨੇ ਮਾਇਆ ਪ੍ਰਾਪਤੀ ਲਈ ਸੰਦੂਕ ਖੋਲ੍ਹੇ। ਸੰਦੂਕਾਂ ਵਿਚੋਂ ਮਾਇਆ ਦੀ ਥਾਂ ਠੀਕਰੀਆਂ ਨਿਕਲੀਆਂ, ਇਹ ਘਟਨਾ ਦੇਖ ਕੇ ਭਾਈ ਜੀ ਚਕਰਾ ਗਏ ਅਤੇ ਬਹੁਤ ਹੈਰਾਨ ਹੋਏ। ਗੁਰੂ ਜੀ ਦੇ ਪ੍ਰਤੀ ਉਨਾਂ ਦਾ ਮੰਨ ਘਿਰਣਾ ਨਾਲ ਭਰ ਗਿਆ। ਭਾਈ ਜੀ ਬੇਮੁਖ ਹੋ ਕੇ ਸੌਦਾਗਰ ਤੋਂ ਚੋਰੀ ਤੰਬੂ ਦਾ ਪਿਛਲਾ ਕਿੱਲਾ ਪੁੱਟ ਕੇ ਕਾਸ਼ੀ ਪਹੁੰਚ ਗਏ। ਦੂਨੀਚੰਦ ਆਦਿ ਸਿੱਖਾਂ ਨੇ ਪਠਾਣਾਂ ਨੂੰ ਮਾਇਆ ਦੇ ਦਿੱਤੀ ਅਤੇ ਭਾਈ ਜੀ ਦੇ ਵਾਪਿਸ ਆਉਣ ਦਾ ਇੰਤਜ਼ਾਰ ਕਰਨ ਲੱਗੇ। ਭਾਈ ਜੀ ਦੇ ਨਾ ਪਰਤਨ 'ਤੇ ਹੋਰ ਘੋੜੇ ਖ਼ਰੀਦ ਕੇ ਸਿੱਖਾਂ ਨੇ ਅੰਮ੍ਰਿਤਸਰ ਨੂੰ ਚਾਲੇ ਪਾ ਦਿੱਤੇ। ਅੰਮ੍ਰਿਤਸਰ ਪਹੁੰਚਣ 'ਤੇ ਗੁਰੂ ਜੀ ਨੇ ਭਾਈ ਜੀ ਦੇ ਬਾਬਤ ਪੁੱਛਿਆ। ਸਿੱਖਾਂ ਨੇ ਸਾਰਾ ਬ੍ਰਿਤਾਂਤ ਕਹਿ ਸੁਣਾਇਆ, ਸਤਿਗੁਰੂ ਜੀ ਨੇ ਭਾਈ ਸਾਹਿਬ ਦੀ ਖੋਜ ਕਰਵਾਈ। ਖੋਜੀ ਸਿੱਖਾਂ ਨੇ ਦੱਸਿਆ ਕਿ ਭਾਈ ਜੀ ਕਾਸ਼ੀ ਨਰੇਸ਼ ਦੇ ਕੋਲ ਹਨ। ਗੁਰੂ ਜੀ ਨੇ ਭਾਈ ਜੇਠੇ ਦੇ ਹੱਥ ਰਾਜ ਪੱਤਰ ਭੇਜ ਕੇ ਕਾਸ਼ੀ ਨਰੇਸ਼ ਨੂੰ ਕਿਹਾ, 'ਤੁਹਾਡੇ ਦਰਬਾਰ ਵਿਚ ਸਾਡਾ ਇਕ ਚੋਰ ਹੈ। ਕਾਸ਼ੀ ਦਰਬਾਰ ਵਿਚ ਭਾਈ ਜੀ ਦੇ ਸਾਹਮਣੇ ਰਾਜੇ ਨੇ ਜਦ ਇਹ ਸਮੱਸਿਆ ਰੱਖੀ ਕਿ ਇਸ ਚੋਰ ਦਾ ਕਿਵੇਂ ਪਤਾ ਲਗਾਇਆ ਜਾ ਸਕੇ ਤਾਂ ਭਾਈ ਜੀ ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਉਹ ਚੋਰ ਮੈਂ ਹੀ ਹਾਂ ਅਤੇ ਮੈਨੂੰ ਇਨ੍ਹਾਂ ਸਿੱਖਾਂ ਦੇ ਨਾਲ ਜਾਣ ਦੀ ਆਗਿਆ ਦਿਓ।' ਜਦੋਂ ਭਾਈ ਜੀ ਗੁਰੂ ਜੀ ਦੇ ਸਨਮੁਖ ਆਏ ਤਾਂ ਗੁਰੂ ਜੀ ਨੇ ਹੱਸ ਕੇ ਭਾਈ ਜੀ ਦੀ ਰਚੀ ਤੁਕ ਸੁਣਾਈ :

'ਜੇ ਗੁਰ ਸਾਂਗਿ ਵਰਤਦਾ ਸਿਖੁ ਸਿਦਕੁ ਨ ਹਾਰੇ।'

ਭਾਈ ਜੀ ਨੇ ਨੀਵੀਂ ਪਾ ਲਈ ਅਤੇ ਸਤਿਗੁਰਾਂ ਅੱਗੇ ਆਪਣੀ ਗ਼ਲਤੀ ਦੀ ਮਾਫ਼ੀ ਮੰਗੀ। ਬੇ-ਮੁਖਤਾਈ ਨੂੰ ਛੱਡ ਕੇ ਬਖ਼ਸ਼ਬੰਦੀ ਲਈ ਅਰਜ ਕੀਤੀ।

ਜੇ ਮਾਉ ਪੁਤੈ ਵਿਸੁ ਦੇ ਤਿਸ ਕਉਣ ਪਿਆਰਾ।
ਜੇ ਘਰੁ ਭੰਨੈ ਪਾਹਰੂ ਕਉਣੁ ਰਖਣਹਾਰਾ।
ਬੇੜਾ ਡੋਬੈ ਪਾਤਣੀ ਕਿਉ ਪਾਰਿ ਉਤਾਰਾ।
ਆਗੂ ਲੈ ਉਝੜਿ ਪਵੈ ਕਿਸੁ ਕਰੈ ਪੁਕਾਰਾ।
ਜੇ ਕਰਿ ਖੇਤੈ ਖਾਇ ਵਾੜਿ ਕੋ ਲਹੈ ਨ ਸਾਰਾ।
ਜੇ ਗੁਰ ਭਰਮਾਏ ਸਾਂਗੁ ਕਰਿ ਕਿਆ ਸਿਖੁ ਵਿਚਾਰਾ।੨੨।

ਭਾਵ ਕਿ ਜੇਕਰ ਮਾਂ ਪੁੱਤ ਨੂੰ ਜ਼ਹਿਰ ਦਵੇ, ਚੌਂਕੀਦਾਰ ਹੀ ਘਰ ਲੁੱਟਣ

ਲੱਗ ਪਵੇ ਮਲਾਹ ਹੀ ਬੇੜਾ ਡੋਬਣ ਲੱਗੇ। ਰਸਤਾ ਦੱਸਣ ਵਾਲਾ ਕੁ-ਰਸਤੇ ਪਾ ਦਵੇ। ਜੇ ਰਾਜੇ ਹੀ ਪਰਜਾ ਨੂੰ ਖਾਣ ਲੱਗ ਪੈਣ, ਗੁਰੂ ਹੀ ਭੁਲੇਖਾ ਪਾਣ ਲੱਗ ਜਾਵੇ ਤਾਂ ਕੋਈ ਕੀ ਕਰ ਸਕਦਾ ਹੈ।

ਇਸ ਲਈ ਭਾਈ ਜੀ ਦੱਸਦੇ ਹਨ ਕਿ ਗੁਰੂ ਦੀ ਹਰ ਰਜਾ ਵਿਚ ਸਿੱਖ ਨੂੰ ਰਾਜ਼ੀ ਰਹਿਣਾ ਚਾਹੀਦਾ ਹੈ। ਗੁਰੂ ਉਤੇ ਕਿੰਤੂ ਪਰੰਤੂ ਨਹੀਂ ਕਰਨਾ ਚਾਹੀਦਾ। ਕਿਉਂਕਿ ਗੁਰੂ ਹਮੇਸ਼ਾ ਸਿੱਖ ਦਾ ਭਲਾ ਲੋਚਦਾ ਹੈ। ਗੁਰੂ ਪ੍ਰਤੀ ਆਪਣੇ ਮਨ ਨੂੰ ਸਦਾ ਨੀਂਵਾ ਹੀ ਰਖਣਾ ਚਾਹੀਦਾ ਹੈ, ਕਿਉਂਕਿ ਗੁਰੂ ਦੀ ਲਈ ਪ੍ਰੀਖਿਆ ਵਿਚੋਂ ਕੋਈ ਵਿਰਲਾ ਹੀ ਸਾਬਤ ਨਿਕਲਦਾ ਹੈ।

ਧਰਤੀ ਉਪਰਿ ਕੋਟ ਗੜ ਭੁਇਚਾਲ ਕੰਮੰਦੇ।
ਝਖੜਿ ਆਏ ਤਰਵਰਾ ਸਰਬਤ ਹਲੰਦੇ।
ਡਵਿ ਲਗੀ ਉਜਾੜਿ ਵਿਚਿ ਸਭ ਘਾਹ ਜਲੰਦੇ।
ਹੜ ਆਏ ਕਿਨੀ ਥੰਮੀਅਨਿ ਦਰੀਆਓ ਵਹੰਦੇ।
ਅੰਬਰਿ ਪਾਟੇ ਥਿਗਲੀ ਕੂੜਿਆਰ ਕਰੰਦੇ।
ਸਾਂਗੈ ਅੰਦਰਿ ਸਾਬਤੇ ਸੇ ਵਿਰਲੇ ਬੰਦੇ।੨੧।

ਭਾਵ ਕਿ ਗੁਰਾਂ ਦੇ ਸਵਾਂਗ ਅੱਗੇ ਗੁਰ ਕਿਰਪਾ ਤੋਂ ਬਿਨਾ ਖ਼ਰੇ ਉਤਰਨਾ ਅਸੰਭਵ ਹੈ।

ਇਸ ਉਪਰੰਤ ਭਾਈ ਜੀ ਨੇ ਅਹੰਕਾਰ ਅਤੇ ਬੇ-ਮੁਖੀ, ਬੇ-ਸਿਦਕੀ ਨੂੰ ਤਿਆਗ ਕੇ ਇਕ ਪੌੜੀ ਉਚਾਰਨ ਕੀਤੀ।

ਜਲ ਵਿਚਿ ਕਾਗਦ ਲੂਣ ਜਿਉ ਘਿਅ ਚੋਪੜਿ ਪਾਏ।
ਦੀਵੇ ਵਟੀ ਤੇਲੁ ਦੇ ਸਭ ਰਾਤਿ ਜਲਾਏ।
ਵਾਇ ਮੰਡਲ ਜਿਉ ਡੋਰ ਫੜਿ ਗੁਡੀ ਓਡਾਏ।
ਮੁਹ ਵਿਚਿ ਗਰੜ ਦੁਗਾਰੁ ਪਾਇ ਜਿਉ ਸਪ ਲੜਾਏ।
ਰਾਜਾ ਫਿਰੈ ਫਕੀਰੁ ਹੋਇ, ਸੁਣਿ ਦੁਖਿ ਮਿਟਾਏ।
ਸਾਂਗੈ ਅੰਦਰਿ ਸਾਬਤਾ ਜਿਸੁ ਗੁਰੂ ਸਹਾਏ।੨੩।੩੫।

ਭਾਵ, ਕਿ ਜਿਸਦੀ ਸਹਾਇਤਾ ਸਤਿਗੁਰੂ ਕਰਦਾ ਹੈ। ਉਹ ਸਵਾਗ ਅੰਦਰ ਅਡੋਲ ਰਹਿ ਸਕਦਾ ਹੈ। ਜਦ ਇਸ ਤਰ੍ਹਾਂ ਦੀ ਬੇਨਤੀ ਗੁਰੂ ਜੀ ਨੇ ਸੁਣੀ ਤਾਂ ਭਾਈ ਜੀ ਨੂੰ ਗੱਲ ਲਾਇਆ ਤੇ ਬਖ਼ਸ਼ਬੰਦੀ ਕਰ ਦਿੱਤੀ।

☆

ਭਾਈ ਗੌਰੇ ਦਾ ਪ੍ਰਸੰਗ

ਜੰਗਲ ਦੇਸ਼ ਬਠਿੰਡੇ ਦੇ ਭਾਈ ਭਗਤੂ ਦਾ ਪੁੱਤਰ ਭਾਈ ਗੌਰਾ ਜੋ ਜੱਦੀ ਸਿੱਖ ਸੀ। ਇਹ ਸਤਵੇਂ ਗੁਰੂ ਜੀ ਤੋਂ ਵੇਮੁਖ ਹੋ ਕੇ ਫਿਰ ਸਨਮੁਖ ਹੋਇਆ। ਇਸ ਦੀ ਵਾਰਤਾ ਇਸ ਪ੍ਰਕਾਰ ਹੈ:

ਭਾਈ ਗੌਰਾ ਇਕ ਦਿਨ ਆਪਣੀ ਮਾਤਾ ਨਾਲ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਦਰਸ਼ਨ ਲਈ ਆਇਆ। ਗੁਰੂ ਜੀ ਦੇ ਚੌਰ-ਬਰਦਾਰ ਭਾਈ ਜੱਸੇ ਨੇ ਉਸਦੀ ਮਾਤਾ ਨੂੰ ਸਨਮੁਖ ਰੱਖ ਕੇ ਗੌਰੇ ਨੂੰ ਨਾ ਸਾਹਿਣ ਵਾਲਾ ਵਾਕ ਆਖਿਆ। ਭਾਈ ਜੱਸੇ ਤੋਂ ਰੁਸ਼ਟ ਹੋ ਕੇ ਭਾਈ ਗੌਰੇ ਨੇ ਆਪਣੀ ਫ਼ੌਜ ਹੱਥੋਂ ਉਸਨੂੰ ਗੋਲੀ ਮਰਵਾ ਕੇ ਮਾਰ ਦਿੱਤਾ। ਛੋਟੀ ਗ਼ਲਤੀ ਤੇ ਏਨੀ ਵੱਡੀ ਸਜ਼ਾ ਦੇਣ ਕਾਰਣ ਸ੍ਰੀ ਗੁਰੂ ਜੀ ਨੇ ਨਾਰਾਜ਼ ਹੋ ਕੇ ਭਾਈ ਗੌਰੇ ਨੂੰ ਸਰਾਪ ਦੇ ਦਿੱਤਾ ਕਿ, "ਜਾਹ ਵੇਮੁਖਾ, ਤੇਰੀ ਜੜ੍ਹ ਪੁੱਟੀ, ਤੂੰ ਅਨੇਕਾਂ ਨਿਮਨ ਜੂਨੀਆਂ ਧਾਰਦਾ ਫਿਰੇਂ।" ਭਾਈ ਸੰਤੋਖ ਸਿੰਘ ਜੀ ਸੂਰਜ ਪ੍ਰਕਾਸ਼ ਵਿਚ ਇੰਝ ਲਿਖਦੇ ਹਨ:

ਉਤ ਸੁਧ ਸੁਨੀ ਗੁਰੂ ਹਰਿ ਰਾਇ। ਜੱਸਾ ਚੌਰ ਦਾਰ ਦੀ ਉਘਾਇ।
ਹਇ ਪਰ ਚਢ ਬਾਹਰ ਕੋ ਗਇਉ। ਮੇਲ ਬੈਰਾੜਨ ਕੇ ਸੰਗ ਭਇਓ।
ਅਉਚਕ ਮਾਰਿ ਤੁਫਰਾ ਗਿਰਾਯੋ। ਕ੍ਰੋਧ ਗੁਰੂ ਲੇ ਉਰ ਸਨਿ ਛਾਯੋ।੧੦।
ਸਗਲੀ ਬਾਤ ਘਾਤ ਕੀ ਜਾਨੀ। ਗੌਰੇ ਸੰਗ ਹਾਸ ਕੀ ਬਾਨੀ।
ਸੋ ਰਿਸ ਮਨ ਤੇ ਨ ਗਵਾਈ। ਏਕਲ ਖੋਜ ਤੁਪਕ ਤੇ ਘਾਈ।੧੧।
ਹਮ ਤੇ ਨਹੀ ਤ੍ਰਾਸ ਕੁਛ ਧਾਰਾ। ਮਹਾ ਢੀਠ ਹੋਏ ਕੀਨ ਸੰਘਾਰਾ।
ਜੇਕਰ ਇਸ ਕੋ ਕੁਛ ਨ ਕਹਿ। ਨਹੀ ਅਦਬ ਸਿਖਨ ਮੋ ਰਹਿ।੧੨।
ਜਾਤੇ ਦੇਨੀ ਬਨੈ ਸਜਾਇ। ਇਮ ਬਿਚਾਰ ਸ੍ਰੀ ਹਰਿ ਰਾਇ।
ਮਹਾ ਕ੍ਰੋਧ ਤੇ ਸਰਾਪ ਬਖਾਨੇ। ਸੁਨਤ ਸਭਾ ਸਭਿ ਹੀ ਕਾਨੇ।੧੩।
ਭਗਤੂ ਕੇ ਨਨਾਵਾ ਨਾਇ। ਤਦ ਤੇ ਧਰਿਉ ਨ ਅਪਰ ਅਲਾਇ।
ਪਾਥਰ ਕੀ ਜੋਨੀ ਤੂੰ ਪਾਵੇ। ਕਲ ਕੈਲੋਂ ਟੂਟਿ ਟੂਟਿ ਜਾਵੈ।੧੪।
ਆਖਿਚ ਤੇ ਬਿੜਾਲ ਸਮ ਅਹੈ। ਕਾਕ ਜੋਨਿ ਕੋ ਮਰਿ ਕਰਿ ਲਹੈ।
ਸੂਕਰ, ਕੂਕਰ, ਕੋਕ, ਕੁਰੰਗ। ਕੇਹਰ, ਕੁਰਕੁਟ, ਕੀਰ, ਕੁਲੰਗ।੧੫।

ਕਾਨਖਜੂਰ, ਕੁੰਡਲੀ, ਕ੍ਰੋਧੀ। ਜੂਨ ਪਸੂ ਕੀ ਪਰਹਿ ਅਬੋਧੀ।
ਕੇਕ, ਭੇਕ, ਕਿਚੁਲ, ਕਨਕਾਯਾ। ਕੀਟਨ ਕੀ ਜੋਨੀ ਸਮੁਦਾਯਾ।੧੬।
ਪੁਨ ਮੇਘਨ ਕੀ ਜੂਨੀ ਪਾਵੈ। ਜਗ ਮੈ ਨੀਰ ਅਤੋਲ ਢੁਕਾਵੈ।
ਮਰੈ ਅੰਤ ਫਾਹਿ ਕੀ ਮੌਤ। ਤਵ ਕੁਲ ਕੇ ਸਭ ਜਾਵੈਂ ਅਊਤ।੧੭।
ਇਸ ਬਿਧਿ ਕੇਤਿਕ ਗਿਨਿਹਿ ਸ੍ਰਾਪ। ਇਧੌਂ ਇਕ ਸੌ ਇਕ ਦੀਏ ਪ੍ਰਭ ਆਪ।
ਅਬ ਤੇ ਮੁਖ ਨ ਲਗੈ ਹਮਾਰੇ। ਰਹਿ ਦੂਰ ਨ ਪਰਹਿ ਨਿਰਾਰੇ।

(ਪੰਨਾ ੩੮੧੦)

ਗੁਰੂ ਤੋਂ ਸਰਾਪ ਪ੍ਰਾਪਤ ਕਰ ਕੇ ਗੌਰੇ ਦਾ ਮਨ ਬਹੁਤ ਦੁਖੀ ਹੋਇਆ। ਉਹ ਸਦਾ ਸੋਚਦਾ ਰਹਿੰਦਾ ਕਿ ਗੁਰੂ ਜੀ ਤੋਂ ਬਖ਼ਸ਼ਬੰਦੀ ਕਰਾਈ ਜਾਏ। ਪਰੰਤੂ ਅਨੁਕੂਲ ਸਮਾਂ ਅਤੇ ਮੌਕਾ ਨਹੀਂ ਮਿਲਿਆ। ਇਕ ਵਾਰ ਸਤਿਗੁਰੂ ਜੀ ਨੂੰ ਕੀਰਤਪੁਰ ਜਾਂਦਿਆਂ ਮੁਗ਼ਲ ਸੈਨਾ ਨੇ ਘੇਰ ਲਿਆ। ਇਸ ਘਟਨਾ ਦਾ ਪਤਾ ਜਦ ਗੌਰੇ ਨੂੰ ਲੱਗਾ ਤਾਂ ਸਮਾਂ ਖੁੰਝਾਏ ਬਿਨਾਂ ਗੌਰਾ ਆਪਣੀ ਫ਼ੌਜ ਸਹਿਤ ਮੁਗ਼ਲਾਂ 'ਤੇ ਧਾਵਾ ਬੋਲਣ ਚੱਲ ਪਿਆ। ਤੁਰਕ ਭੱਜ ਗਏ ਅਤੇ ਗੁਰੂ ਜੀ ਸੁਰੱਖਿਅਤ ਪਹੁੰਚ ਗਏ। ਸਤਿਗੁਰੂ ਜੀ ਨੂੰ ਭਾਈ ਗੌਰੇ ਦੀ ਇਸ ਸੇਵਾ ਦਾ ਪਤਾ ਲੱਗਾ ਤਾਂ ਗੁਰੂ ਜੀ ਨੇ ਉਸ ਨੂੰ ਸੱਦਿਆ ਅਤੇ ਪ੍ਰਸੰਨ ਹੋ ਕੇ ਇਸਦੀ ਵੇਮੁਖਤਾ ਮਾਫ਼ ਕਰ ਦਿੱਤੀ ਅਤੇ ਲੋਕ ਪ੍ਰਲੋਕ ਦੀਆਂ ਖ਼ੁਸ਼ੀਆਂ ਬਖ਼ਸ਼ਸ਼ ਕੀਤੀਆਂ।

ਸੁਨਿ ਹਰਿ ਰਾਇ ਪ੍ਰਸੰਨ ਭਏ।
ਨਿਜ ਸਿਖ ਮਹਾਨ ਸੁ ਜਾਨ ਲਏ।੩੦।
ਤਤਕਾਲ ਪਠਾਵਨ ਦਾਸ ਕਿਯੋ।
ਤਿਹ ਲਿਆਵਉ ਹਕਾਰ ਬਿਸਾਲ ਲਰਿਉ।
ਅਪਰਾਧ ਕਰਿਉ ਬਖਸੇ ਸਭ ਹੂੰ।
ਦੁਖ ਬਿੰਦਨਿ ਤੇ ਛੁਟਕੇ ਆਬਿਹੂੰ।੩੦। *(ਪੰਨਾ ੩੮੨੨)*

ਭਾਈ ਕਾਨ੍ਹ ਸਿੰਘ ਜੀ ਵੀ ਲਿਖਦੇ ਹਨ:

"ਭਾਈ ਗੋਰਾ ਜੋ ਗੁਰੂ ਹਰਿਰਾਇ ਸਾਹਿਬ ਦਾ ਪ੍ਰਸਿੱਧ ਸਿੱਖ ਹੋਇਆ ਹੈ, ਇਸ ਨੇ ਸਤਿਗੁਰੂ ਜੀ ਦੇ ਚੌਰਬਰਦਾਰ ਜੱਸੇ ਨੂੰ ਠੱਠਾ ਕਰਨ ਪੁਰ ਰੰਜ ਹੋ ਕੇ ਮਾਰ ਦਿੱਤਾ ਸੀ, ਜਿਸ ਪੁਰ ਗੁਰੂ ਸਾਹਿਬ ਨੇ ਇਸ ਨੂੰ ਪੰਗਤ ਵਿਚੋਂ ਕੱਢ ਦਿੱਤਾ, ਪਰ ਇਸ ਨੇ ਸੇਵਾ ਕਰ ਕੇ ਸਤਿਗੁਰਾਂ ਤੋਂ ਅਪਰਾਧ ਬਖ਼ਸ਼ਵਾਇਆ।"

(ਮਹਾਨ ਕੋਸ਼, ਪੰਨਾ ੪੩੨)

✡

ਬੇਮੁਖ ਮਸੰਦਾਂ ਨੂੰ ਸਾੜਨਾ

ਮਸੰਦ ਗੁਰ-ਗੱਦੀ ਨਾਲ ਸੰਬੰਧ ਰੱਖਣ ਵਾਲੇ ਜੋ ਸਿੱਖ ਗੁਰੂ ਕੇ ਸਿੱਖਾਂ ਤੋਂ ਦਸਵੰਧ, ਕਾਰ ਭੇਟ ਉਗਰਾਹੁੰਦੇ, ਨਾਲ ਸਿੱਖੀ ਦਾ ਪ੍ਰਚਾਰ ਕਰਦੇ (ਗੁਰਾਂ ਦੇ ਸਹਿਯੋਗੀ) ਉਨ੍ਹਾਂ ਨੂੰ ਮਸੰਦ ਕਹਿੰਦੇ ਸਨ। ਗੁਰੂ ਰਾਮਦਾਸ ਜੀ ਦੇ ਸਮੇਂ ਤੋਂ ਲੈ ਕੇ ਸੰਮਤ ੧੭੫੫ ਤਕ ਇਹ ਸਿਲਸਿਲਾ ਜਾਰੀ ਰਿਹਾ। ਫਿਰ ਦਸਮ ਗੁਰੂ ਜੀ ਨੇ ਮਸੰਦਾਂ ਦੀਆਂ ਨਿਮਨ ਹਰਕਤਾਂ ਵੇਖ ਕੇ ਇਸ ਪ੍ਰਥਾ ਨੂੰ ਤਿਆਗ ਦਿੱਤਾ ਸੀ। ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਸਮੇਂ ਤੋਂ ਗੁਰੂ ਕੀ ਕਾਰ-ਭੇਟ ਇਕੱਠੀ ਕਰਨ ਵਾਲਿਆਂ ਨੂੰ ਗੁਰੂ ਕੇ ਉਗਰਾਹੀਏ ਕਿਹਾ ਜਾਣ ਲੱਗਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਮਸੰਦਾਂ ਦੀ ਬਹੁਤ ਮਾੜੀ ਦਸ਼ਾ ਹੋ ਗਈ ਸੀ। ਉਨ੍ਹਾਂ ਦੇ ਮਨਾਂ ਵਿਚ ਗੁਰੂ ਦਾ ਭੈ ਅਤੇ ਗੁਰੂ ਪ੍ਰਤਿ ਸ਼ਰਧਾ ਬਿਲਕੁਲ ਸਮਾਪਤ ਹੋ ਚੁੱਕੀ ਸੀ। ਇਕ ਦਿਨ ਦਸਵੇਂ ਪਾਤਿਸ਼ਾਹ ਜੀ ਨੇ ਭੰਡਾਂ ਨੂੰ ਮਸੰਦਾਂ ਦਾ ਸਵਾਂਗ ਰਚਣ ਨੂੰ ਆਖਿਆ। ਭੰਡਾਂ ਨੇ ਮਸੰਦਾਂ ਦੀ ਨਕਲ ਉਤਾਰਨੀ ਸ਼ੁਰੂ ਕੀਤੀ। ਭੰਡਾਂ ਦੁਆਰਾ ਮਸੰਦਾਂ ਦੀ ਕਾਰਗੁਜ਼ਾਰੀ ਤੱਕ ਕੇ ਦਸਵੇਂ ਪਾਤਿਸ਼ਾਹ ਨੇ ਅਨੁਭਵ ਕੀਤਾ ਕਿ ਮਸੰਦਾਂ ਦਾ ਨੈਤਿਕ ਪਤਨ ਹੋ ਚੁੱਕਾ ਹੈ। ਉਹ ਸਿੱਖੀ ਅਸੂਲਾਂ ਤੋਂ ਬੇਮੁਖ ਹੋ ਕੇ ਕਾਮੀ, ਕ੍ਰੋਧੀ, ਅਹੰਕਾਰੀ ਅਤੇ ਕੁਕਰਮੀ ਹੋ ਚੁੱਕੇ ਹਨ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਭਾਸ਼ਨ ਮੁਤਾਬਿਕ ਜਿਹੜੇ ਮਸੰਦਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਤੇਲ ਪਾ ਕੇ ਫੂਕਿਆ, ਉਹ ਗੁਰੂ ਗੋਬਿੰਦ ਸਿੰਘ ਜੀ ਦੇ ਹੁੰਦਿਆਂ ਗੱਦੀ ਲਾ ਕੇ ਬੈਠਦੇ ਸਨ। ਉਹ ਮਸੰਦ ਗ਼ਰੀਬ ਸਿੱਖਾਂ ਦੇ ਘਰਾਂ ਵਿਚ ਗੁਰੂ ਰੂਪ ਧਾਰ ਕੇ ਜਾਂਦੇ ਸਨ। ਭੈੜੇ ਢੰਗ ਨਾਲ ਪੇਸ਼ ਆਉਂਦੇ ਸਨ ਅਤੇ ਲੰਗਰ ਲਈ ਮੱਥਾ ਟਿਕਣ ਵਾਲਾ ਦਸਵੰਧ ਮਾਇਆ ਜਾਂ ਹੋਰ ਪਦਾਰਥ ਖ਼ੁਦ ਹੜੱਪ ਜਾਂਦੇ ਸਨ। ਉਹ ਨੀਚ ਲੋਕ ਗੁਰੂ ਬਣਨ ਦੀ ਲਾਲਸਾ ਰੱਖਦੇ ਸਨ। ਇਹ ਸਾਰਾ ਕੁਝ ਭੰਡਾਂ ਨੇ ਆਪਣੀਆਂ ਨਕਲਾਂ ਰਾਹੀਂ ਸਾਰੀ ਸੰਗਤ ਦੇ ਸਾਹਮਣੇ ਗੁਰੂ ਗੋਬਿੰਦ ਸਿੰਘ ਜੀ ਦੇ ਦ੍ਰਿਸ਼ਟੀਗੋਚਰ ਕੀਤਾ। ਗੁਰੂ ਗੋਬਿੰਦ ਸਿੰਘ ਜੀ ਤਾਂ ਜਾਣੀਜਾਣ ਸਨ, ਉਨ੍ਹਾਂ ਤਾਂ ਭੰਡਾਂ ਰਾਹੀਂ ਸੰਗਤਾਂ ਨੂੰ ਸਪਸ਼ਟ

ਕਰਨਾ ਸੀ ਕਿ ਮਸੰਦ ਬਾਹਰ ਕੀ ਕੁਕਰਮ ਕਰਦੇ ਹਨ। ਗੁਰੂ ਜੀ ਦੀ ਬਰਾਬਰੀ ਕਰਨ ਦੀ ਕਮੀਨੀ ਲਾਲਸਾ ਅਧੀਨ ਮਸੰਦਾਂ ਲਈ ਸਿੱਖ ਸੇਵਕਾਂ ਨੂੰ ਤੰਗ ਕਰਨਾ, ਕੋਝੇ ਤਰੀਕਿਆਂ ਨਾਲ ਮਾਇਆ ਵਸੂਲਣੀ ਅਤੇ ਸਿੱਖਾਂ ਦੀਆਂ ਧੀਆਂ ਭੈਣਾਂ ਦੀ ਇੱਜ਼ਤ ਨੂੰ ਹੱਥ ਪਾਉਣਾ ਆਮ ਗੱਲ ਸੀ।

ਸ੍ਰੀ ਸਤਿਗੁਰੂ ਜੀ ਨੇ ਇਨ੍ਹਾਂ ਦੇ ਇਹ ਪਾਪ ਕਰਮ ਵੇਖ ਕੇ ਇਨ੍ਹਾਂ ਨੂੰ ਦੰਡ ਦਿੱਤਾ। ਮਸੰਦਾਂ ਨੂੰ ਹਾਥੀਆਂ ਦੇ ਪੈਰਾ ਥੱਲੇ ਕੁਚਲਵਾਇਆ, ਤੇਲ ਪਾ ਕੇ ਸਾੜਿਆ, ਅੱਗ ਵਿਚ ਸੁੱਟਿਆ। ਕੁਝ ਮਸੰਦ ਡਰ ਕੇ ਮਾਤਾ ਜੀ ਦੀ ਸ਼ਰਣ ਵਿਚ ਚਲੇ ਗਏ ਅਤੇ ਆਪਣੇ ਕੀਤੇ ਕੁਕਰਮਾਂ ਦੀ ਮਾਫ਼ੀ ਮੰਗਣ ਲੱਗੇ। ਮਾਤਾ ਜੀ ਦੀ ਸਿਫ਼ਾਰਿਸ਼ ਉੱਤੇ ਸਤਿਗੁਰੂ ਜੀ ਨੇ ਇਨ੍ਹਾਂ ਦੀ ਬਖ਼ਸ਼ਸ਼ਬੰਦੀ ਕੀਤੀ।

ਉਪ੍ਰੋਕਤ ਵਾਰਤਾ ਨੂੰ ਗੁਰ ਬਿਲਾਸ ਪਾਤਿਸ਼ਾਹੀ ਦਸਵੀਂ ਦੇ ਕਰਤਾ ਕੁਇਰ ਸਿੰਘ ਕਲਾਲ ਇਸ ਪ੍ਰਕਾਰ ਲਿਖਦੇ ਹਨ:

ਮਸੰਦਾਂ ਦੀ ਸੋਧ

ਤਬ ਗੁਰ ਮਨ ਬਿਬੇਕ ਏ ਧਾਰਾ।
ਕਰੌਂ ਪੰਥ ਅਬ ਸ਼ੀਘ੍ਰ ਭਾਰਾ।
ਪੂਰਬ[1] ਨਿਜ ਗ੍ਰਿਹ ਸੋਧ ਪ੍ਰਕਾਰੀ।
ਯੌਂ ਬਿਧ ਚਿਤ ਮੈ ਕੀਨ ਸੁਧਾਰੀ॥੧੨੨॥
ਨਿਜ ਕੰਬਰੀ[2] ਸੋ ਆਪ ਦੁਰਾਈ[3]।
ਫਿਰੈ ਮਸੰਦ ਧਾਮ ਸੁਖਦਾਈ।
ਕੀਰ ਨਾਥ ਕੋ ਰੂਪ ਨਿਹਾਰੀ।
ਕਿਨੈ ਨ ਚੁਟਕੀ ਚੂਨ ਕੀ ਡਾਰੀ॥੧੨੩॥
ਰਾਮ ਕੁਯਰ ਕੇ ਗ੍ਰਿਹ ਜਬ ਆਏ।
ਫੁਲਕੇ ਅਧਿਕ ਪਾਂਚ ਤਬ ਪਾਏ।
ਆਏ ਨਿਜ ਸਦਲ ਦਯਾਲਾ।
ਬੀਤੀ ਨਿਸਾ ਚਢ਼ਯੋ ਮੁਨਿ ਬਾਲਾ[4]।
ਬੈਠ ਆਪ ਸਿੰਘਾਸਨ ਆਈ।
ਸਾਂਗਿ[5] ਕਲਾਵਤ[6] ਲਏ ਬੁਲਾਈ॥੧੨੪॥

---

੧. ਪਹਿਲਾਂ, ਪ੍ਰਥਮ। ੨. ਕੰਬਲ। ੩. ਆਪਣਾ ਆਪ ਲੁਕਾ ਕੇ। ੪. ਅਦਿਤਿ (ਮਾਂ) ਤੇ ਰਿਸ਼ੀ ਕਸ਼ਯਪ (ਪਿਤਾ) ਦਾ ਪੁੱਤਰ ਸੂਰਜ। ੫. ਸਾਂਗ ਲਾਉਣ ਵਾਲੇ ਨਟ ਜਾਂ ਮਿਰਾਸੀ। ੬. ਗਵੈਯੇ।

ਦੋਹਰਾ। 'ਮਸੰਦਨ ਸਾਂਗ ਲਿਆਈਏ' ਕਹਾ ਨਟਨ 'ਬਿਨ ਬੈਰ'।
ਸ੍ਰੀ ਮੁਖ ਤੇ ਸੁਨ ਕਰਤ ਭੇ ਇਕ ਮਸੰਦ ਇਕ ਚੇਰ[੧] ॥੫੯॥੧੨੫॥

ਸਵੈਯਾ। ਬਾਜਿ[੨] ਪੈ ਏਕ ਮਸੰਦ ਬਿਰਾਜਤ,
ਸੰਗ ਲਈ ਗਨਿਕਾ ਰੁਚਿ ਧਾਰੀ।
ਸਿੱਖ ਕੇ ਧਾਮ ਗਯੋ ਤਣ ਹੀ,
ਜਿਨ ਨਾਹਿ ਧਨੰ, ਅਧਨੀ[੩] ਦੁਖਕਾਰੀ।
ਸਕਤਿ ਜਥਾ ਤਸ[੪] ਭੋਜਨ ਕੀਨ,
ਲਖੇ ਤਬ ਨਾਕ ਚੜ੍ਹਾਵਤ ਸਾਰੀ।
ਡੁਰਕੇ[੫] ਤਬ ਦਾਲ ਵਹਾਇ ਦਈ,
ਪੁਨਿ ਮਾਰ ਦਈ ਅਗਨੀ ਕਰ ਭਾਰੀ ॥੬੦॥੧੨੬॥
ਕਰਜ ਕਢਾਇ ਤਿਨੈ ਤਬ ਹੀ,
ਅਤਿ ਲੀਨ ਸ਼ਰਾਬ ਕਬਾਬ ਮੰਗਾਈ।
ਦਾਮ ਅਨਯੋ[੬] ਸਿਖ ਦੇਵਨ ਕੇ ਹਿਤ,
ਤੋ ਤਿਲ ਦੀ ਗਨਿਕਾ ਕੋ ਚਲਾਈ।
ਬਾਰ ਹੀ ਬਾਰ ਬਹੈ ਮੁਖ ਤੇ ਧ੍ਰਿਗ,
"ਰੇ ਸਠ[੭], ਤੋ ਗ੍ਰਿਹ ਸ੍ਰੀ ਗੁਰ ਆਈ।
ਪਤਿਤ ਦਈ ਨਹਿ ਭੇਟ ਹਮੇ,
ਤੁਮ ਪਾਟ ਪਟੰਬਰ ਨ ਰੁਚਿ ਲਾਈ" ॥੬੧॥੧੨੭॥
ਅਤਿ ਸਾਸਨ[੮] ਤਾਹਿ ਕਰੀ ਬਹੁਤੀ,
ਤਿਹ ਨਾਰਿ ਸਮੇਤ ਸੁਭਾਤ[੯] ਰੁਵਾਏ।
ਵੈ ਕਹੈ, "ਹੇ ਗੁਰ, ਲੀਜੀਏ ਜੀ ਪੁਨਿ,
ਹੋਇ ਘਨਾ ਤੁਮ ਦੇਵਹਿ ਚਾਏ।"
ਤਾਹਿ ਮਸੰਦ ਕਹੈ, "ਸੁਨ ਹੇ ਸਠ!
ਮੈ ਦੂਰ ਦੇਤ ਹੌਂ ਦਾਨ ਸਬਾਏ।
ਨਾਰਿ ਧਨੰ ਗ੍ਰਿਹ ਔ ਸੁਤ ਦੀ ਤੁਮ,
ਚਾਹਤਿ ਬੇਚਨ ਜੇ ਧਰ ਭਾਏ ॥੬੨॥੧੨੮॥
ਵੋ ਸਿਖ ਕੋ ਦੁਖ ਦੇ ਜਰ[੧੦] ਲੀਨ,
ਸੁਨੇ ਗੁਰ ਨੈਨ ਜਲੰ ਭਰ ਆਏ।

---

੧. ਗਨਿਕਾ, ਵੇਸਵਾ। ੨. ਘੋੜਾ। ੩. ਨਿਰਧਨ। ੪. ਉਹੋ ਜਿਹਾ। ੫. ਡੁਲਕੇ। ੬. ਲਿਆਂਦਾ।
੭. ਮੂਰਖ। ੮. ਤਾੜਨਾ। ੯. ਚੰਗੀ ਤਰ੍ਹਾਂ। ੧੦. ਸੋਨਾ ਅਰਥਾਤ ਧਨ ਦੌਲਤ।

ਅਤਿ ਨੱਟ ਭਨੇ, "ਹਮ ਅਲਪ ਕਰਜੋ,
ਪ੍ਰਭੁ ਤ੍ਰਾਸ ਇਨੇ ਅਤਿ ਦੇਖ ਦੁਖਾਏ।
ਸੌ ਗੁਨ ਯਾਹ ਤੇ ਦੇਵਤ ਹੈਂ ਦੁਖ".
ਯੌਂ ਸੁਨ ਸ੍ਰੀ ਗੁਰ ਬੈਨ ਅਲਾਏ।
"ਮੋ[1] ਅਰੁ ਸੰਗਤਿ ਤੇ ਨਹਿ ਤ੍ਰਾਸਤ[2],
ਤਾਕਰ ਨਾਸ ਇਨੈ ਭਯੋ ਭਾਏ ॥੬੩॥੧੨੯॥

ਦੋਹਰਾ। ਕਰੌਂ ਤਾੜਨਾ ਅਧਿਕ ਇਨ, ਭਲੀ ਨ ਯਾ ਤੈ ਔਰ।
ਏਕ ਮਸੰਦਹਿ ਨ ਤਜੌਂ, ਗਹੌਂ[3] ਸਭਨ ਕੋ ਠੌਰ" ॥੬੪॥੧੩੦॥

ਚੌਪਈ। ਏ ਗਾਥਾ ਸੁਣ ਸਿਖ ਜੁਗ ਬੋਲੇ।
ਮਨੀ ਸਿੰਘ ਪੈ ਬੈਨ ਅਮੋਲੇ।
"ਕਾ[4] ਵਿਧਿ ਗੁਰ ਗਏ ਨਿਸ[5] ਗ੍ਰਿਹ ਮਾਹੀਂ ?
ਕਾ ਵਿਧਿ ਸਾਂਗ ਕਰਾਯੋ ਤਾਹੀਂ ?॥੧੩੧॥
ਕੌਲ ਕੋਪ ਤਾ ਪਰ ਗੁਰ ਕੀਨਾ ?
ਤਾ ਮਨ ਮਲਿਨ ਭਯ ਕਿਮ ਚੀਨਾ[6] ?
ਕਹੋ ਗਾਥ ਹਮ ਕੋ ਵਿਸਥਾਰੀ।
ਸੁਧਾ[7] ਪਿਵਾਵਹੁ ਮੋਹ ਪ੍ਰਕਾਰੀ" ॥੧੩੨॥
ਸੁਨ ਏ ਬੈਨ ਮਨੀ ਸਿੰਘ ਕਹਿਈ।
ਪੂਰਬ ਗਾਥ ਅੰਮ੍ਰਿਤੀ ਚਹਿਈ।
ਜਬ ਗੁਰ ਜੀ ਨੇ ਬਰ ਅਸ[8] ਪਾਯੋ।
ਬੇ ਮੁਖ ਮਨ ਤਕ ਰਤੀ ਨ ਭਾਯੋ ॥੧੩੩॥
ਚੌਂਕ ਰਹੇ ਤਬ ਹੀ ਸੁ ਮਸੰਦਾ।
ਧਨ ਦੇਵਹਿ ਨਹਿ ਹਰੇ ਨਿਸੰਗਾ।
ਇਕ ਦਿਨ ਬਾਤ ਕਹੀ ਗੁਰ ਐਸੀ।
"ਕੇਤਾ ਧਨ ਹੈ ਗ੍ਰਿਹ ਗਿਨ ਤੈਸੀ ?"॥੧੩੪॥
ਤਬੈ ਲਖਾਏ ਤੋਂ ਧਨ ਲਾਗਾ।
ਦੇਵੀ ਪੂਜਾ ਮੈ ਅਨੁਰਾਗਾ।
ਦਸ ਹਜਾਰ ਰਿਤੁਜ[9] ਬਲ ਧਾਮਾ।
ਦਸ ਹਜਾਰ ਪੁਨਿ ਔਰ ਲਲਾਮਾ[10] ॥੧੩੫॥

---

੧. ਮੈਥੋਂ। ੨. ਭੈ-ਭੀਤ, ਡਰਦੇ। ੩. ਪਕੜਾਂ। ੪. ਕਿਸ। ੫. ਰਾਤ। ੬. ਜਾਣਿਆ। ੭. ਅੰਮ੍ਰਿਤ।
੮. ਅਜਿਹਾ। ੯. ਰਿਤ੍ਵਿਜ, ਜੱਗ ਕਰਨ ਵਾਲੇ (ਬ੍ਰਾਹਮਣ)। ੧੦. ਸਜਾਵਟ।

ਯਾ ਬਿਧਿ ਬੇਦ[1] ਬਰਖ ਮੈ ਲਾਗਾ।
ਤੀਨ ਕਰੋੜ ਦਾਮ ਬਡ ਭਾਗਾ।
ਏਕ ਕਰੋੜਹਿ ਤੇ ਕਛੁ ਊਨਾ[2]।
ਔਰ ਲਗੋ ਧਨ ਹਿਤ ਪਰ ਸੂਨਾ ॥੧੩੬॥
ਕਤੁ ਮਾਗੇ ਧਨ ਬਹੁਤੋ ਹੈ ਲਾਗਾ।
ਤਕ ਗੁਰ ਕਹੈ ਬੈਨ ਦਿਨ ਚੰਦਾ।
"ਹਮਰੋ ਧਨ ਬਹੁਤੋ ਹੈ ਲਾਗਾ।
ਅਹੋ ਰਾਮ ਦਾਸ ਰਸ ਪਾਗਾ ॥੧੩੭॥
ਗਰੀਬੁ ਜੋ ਪੁਨਿ ਸਾਹਿਬ ਚੰਦਾ।
ਸਬੈ ਮਸੰਦਨ ਕੇ ਜੋ ਨੰਦਾ[3]।
ਤੁਮਰੇ ਤੀਰ[4] ਹਮਾਰਾ ਧਨ ਅਤਿ।
ਹਰਿ ਗੁਬਿੰਦ ਜੀ ਤੇ ਲੈ ਕਰਿ ਮਤਿ ॥੧੩੮॥
ਲੇਖਾ ਲੀਆ ਲ ਅਬ ਲੌ ਜਾਨਾ।
ਜਬ ਕਾ ਭਯੋ ਇਜਾਰਾ ਮਾਨਾ।
ਕਛੁ ਧਨ ਦੀਜੈ ਹਮਰੇ ਤਾਈ।
ਪੁਨਿ ਪੂਰਬ ਜਯੋਂ ਵਰਤੋ ਜਾਈ" ॥੧੩੯॥
ਤਿਨੈ ਕਹਯੋ, "ਧਨ ਹਮ ਕਬ ਲਾਵੈਂ ?
ਲੰਗਰ ਨੀਤ ਚਲੇ, ਵਰਤਾਵੈਂ।
ਤੁਮ ਤੋ ਸੁਧ ਨ ਖਰਚ ਕੀ ਜਾਨੋ।
ਰਾਜਨੀਤਿ ਨਹਿ ਰੰਚਨ ਠਾਨੋ ॥੧੪੦॥
ਬਡ ਸ੍ਰਮ[5] ਲਿਆਵੈ ਧਨਹਿ ਉਪਾਈ।
ਪੁਨਿ ਲੰਗਰ ਟੋਰੇਂ ਤੁਮ ਆਈ।
ਹਮਰੇ ਗ੍ਰਿਹ ਗ੍ਰਿਹ[6] ਲੰਗਰ ਹੋਈ।
ਪੁਨਿ ਤੁਮ ਕਹਿਤ ਇਜਾਰਾ ਸੋਈ ॥੧੪੧॥
ਸੋ ਹਮ ਭਰ ਹੀ ਖਰਚ ਕਰਾਂਹੀ।
ਤੁਮਰਾ ਹਮ ਪੈ ਵਧਤਾ ਨਾਹੀ।"

---

੧. ਚਾਰ ਅਰਥਾਤ ਦੇਵੀ ਪੂਜਾ ਦੇ ਚਾਰ ਵਰ੍ਹੇ (ਸੰਮਤ ੧੭੪੨ ਤੋਂ ਲੈ ਕੇ ੧੭੪੬ ਬਿਕ੍ਰਮੀ) ਤਕ ਹੋਈ। ੨. ਨਯੂਨ, ਘੱਟ। ੩. ਪੁੱਤਰ। ੪. ਕੋਲ ਪਾਸ। ੫. ਪਰਿਸ਼੍ਰਮ (ਮਿਹਨਤ) ਨਾਲ। ੬. ਘਰ ਘਰ।

ਏਕ ਮਸੰਦ ਕਹੈਂ ਤਬ ਐਸੇ।
"ਸੀਖੋ ਲੇਖਾ ਕਰਨ ਜੁ ਵੈਸੇ ॥੧੪੨॥
ਪੁਨਿ ਹਮ ਸੌਂ ਕਛੁ ਬੈਨ ਬਖਾਨੋ।
ਹਤੋ ਹਮਾਰਾ ਗ੍ਰਿਹ ਤੁਮ ਮਾਨੋ।
ਲੇਖਾ ਸਿਖ ਕਰਿ ਲੇਖਾ ਕਈਐ।
ਬਾਲਕ ਜਯੋਂ ਨਹਿ ਰਾਰ ਮਚੈਯੇ ॥੧੪੩॥
ਪੜ੍ਹ ਜਾਣੋਂ ਨਹੀ ਬਾਦ ਗਵਾਵੋ।
ਹਮ ਲੇਖਾ ਕਰ ਸੁਖ ਨਹਿ ਪਾਵੋ।"
ਯੌਂ ਕਹਿ ਰੂਠ ਰਹੇ ਗ੍ਰਿਹ ਮਾਹੀ।
ਪਾਛੇ ਗੁਰ ਜੀ ਤਾਹਿ ਬੁਲਾਹੀ ॥੧੪੪॥
ਆਵੈ ਨਾਹਿ ਗੁਰੂ ਤਕ ਕੀਨਾ।
ਲੇਖਨਿ ਬੁਧਕਾ[1] ਮਾਗੁਤ ਚੀਨਾ।
ਸਿੱਖਨ ਕਹਾ, "ਦਯਾ ਨਿਧਿ ਸ੍ਵਾਮੀ!
ਕਾਂ, ਤੇ ਮਾਂਗਤ ਲੇਖਨਿ ਕਾਮੀ ?"॥੧੪੫॥
ਤਬ ਗੁਰ ਕਹੈਂ, "ਮਸੰਦ ਸਰੀਕਾ।
ਭਾਖਤ ਹੈਂ ਵਿੱਦਯਾ ਅਸਲੀਕਾ।"
ਤਬ ਗੁਰ ਕਹੈਂ, "ਤਿਨੈਂ ਮੁਖ ਕਾਰਾ[2]।
ਤੁਮ ਸਰੀਕ ਭਾਖਤ ਨਿਜ ਸਾਰਾ।
ਤੁਮ ਵਿੱਦਯਾ ਨਿਧਿ ਦੀਨ ਦਯਾਲਾ!
ਲਿਖਯੋ ਬਿਸਨ ਚਰਿਤ) ਸੁਖ ਸਾਲਾ" ॥੬੫॥੧੪੬॥
ਦੋਹਰਾ। ਚੌਸਠ ਵਿੱਦਯਾ[4] ਤੋਰਕੀ[5], ਪੁਨਹ ਆਰਬੀ[6] ਮਾਨ।
ਭਾਖਾ ਆਦਿ ਸਹੰਸਕ੍ਰਿਤ[7], ਪਹਲਵਿ[8] ਪਸਤਵਿ[9] ਜਾਨ ॥੬੬॥੧੪੭॥
ਪਾਰਸੀ[10] ਆਦਿ ਜਬਾਨ ਸਭ, ਮੰਤ੍ਰ ਜੰਤ੍ਰ ਸਭ ਜਾਨ।
ਪੁਖਾ ਹਮ ਤੁਮ ਰਟੋ ਸਭ, ਅਬ ਨਿਦਾਨ ਕਤ[11] ਮਾਨ ॥੬੭॥੧੪੮॥
ਸਵੈਯਾ। ਯੌਂ ਕਹਿ ਲੇਖਨ ਤੋੜ ਦਈ,
ਪੁਨਿ ਧਾਰਤ ਸੋਭ ਗੁਰੂ ਗੁਨ ਗਾਹੀ।

---

੧. ਲੇਖਣੀ (ਕਲਮ) ਤੇ ਦਵਾਤ। ੨. ਮੂੰਹ ਕਾਲਾ। ੩. ਕ੍ਰਿਸ਼ਨ ਚਰਿਤ੍ਰ ਅਰਥਾਤ ਕ੍ਰਿਸ਼ਨਾਵਤਾਰ ਦੀ ਕਥਾ। ੪. ਚਹੁੰਠ ਕਲਾਂ—ਨਾਚ, ਵਾਦ, ਵਸਤ੍ਰ, ਗਹਿਣੇ ਸਜਾਉਣੇ, ਰੰਗ ਸਾਜ਼ੀ ਆਦਿ ੬੪ ਪ੍ਰਕਾਰ ਦੇ ਹੁਨਰ। ੫. ਤੁਰਕੀ (ਤੁਰਕਿਸਤਾਨ ਦੀ) ਬੋਲੀ। ੬. ਅਰਬੀ ਜ਼ਬਾਨ। ੭. ਸੰਸਕ੍ਰਿਤ ਬੋਲੀ। ੮. ਪਹਿਲਵੀ (ਈਰਾਨ ਦੀ ਪੁਰਾਣੀ) ਜ਼ਬਾਨ। ੯. ਪਸ਼ਤੋ, ਪਠਾਣਾਂ ਦੀ ਬੋਲੀ। ੧੦. ਫ਼ਾਰਸੀ। ੧੧. ਕਿਉਂ, ਕਿਵੇਂ ?

ਧੰਨ ਹੈ ਸਿੱਖ ਗੁਰੂ ਤਬ ਭਾਖਤ,
ਫੇਰ ਕਹਯੋ ਨਿਜ ਆਨਨ ਮਾਹੀ।
ਜਾਹਿ ਮਸੰਦਨ ਬੇਗ ਬੁਲਾਵਹੁ,
ਆਵਤ ਨਾਹਿ ਜਬੈ ਸਿਖ ਜਾਹੀ।
ਰੂਠ ਕਠੋਰ ਕਹੈ ਬਚਨਾ,
ਨਿਜ ਬਾਲਕ ਰਾਜ ਦਯੋ ਫਲ ਪਾਹੀ॥੬੮॥੧੪੯॥
ਹਮ ਹੀ ਇਨ ਕੀ ਪ੍ਰਭੁਤਾ ਕਰਵਾਵਤ,
ਦੇਸਨ ਦੇਸ ਕੇ ਸਿੱਖ ਬਨਾਏ।
ਬਿੱਲੀ ਤੇ ਸਿੰਘ ਕੀ ਬਾਤ ਭਈ,
ਵਹਿ ਰਾਜ ਦਯ ਹਮਰੇ ਸਿਰ ਆਏ।
ਸਿਖ ਆਨ ਕਹੈ ਗੁਰ ਪੈ ਤਬ,
ਬਾਤਨ ਆਵਤ ਹੈ ਅਤਿ ਜੋੜ ਲਗਾਏ।
ਗੁਰ ਤਾ ਬਿਨ ਖਾਤ ਨਹੀ ਅਸਨੰ[੧],
ਕਹੈਂ ਪਯਾਲੇ ਨਿਵਾਲੇ[੨] ਕੇ ਯਾਰ ਨ ਆਏ॥੬੯॥੧੫੦॥
ਦਿਨ ਰੈਨ ਬਿਤੀ ਗੁਰ ਕੋ ਅਸ ਹੀ,
ਗੁਰ ਖਾਤ ਨ ਪੀਵਤ ਨੈਕੁ[੩] ਹੂੰ ਭਾਈ।
ਵੈ ਗ੍ਰਿਹਿ ਮਾਂਹਿ ਨਚਾਵਤ ਹੈਂ,
ਅਤਿ ਵਾਰ ਮੁਖੀ[੪] ਮਨ ਮੋਦ ਬਢਾਈ।
ਏ ਗੁਰ ਬਾਲਕ ਯਾ ਡਰ ਹੈ,
ਹਮ ਐਸ ਹੀ ਭਾਂਤਿ ਕਹੈਂ ਸਿਖ ਆਈ।
ਸਾਤ ਹੀ ਦਯੋਸ[੫] ਬਿਤੇ ਗੁਰ ਕੋ,
ਨਹ ਰੀਝ ਕੈ ਭੋਜਨ ਤਾ ਬਿਨ ਖਾਈ॥੭੦॥੧੫੧॥
ਸਿੱਖ ਕਹੈਂ, "ਮਹਾਰਾਜ! ਤੁਮੈਂ ਬਿਧ,
ਕੋ ਲਿਖਨੇ ਹਿਤ ਲੇਖ ਸਿਖਾਯੋ।
ਵੈ ਸਠ[੬] ਲੰਗਰ ਤੋਰਤ ਨਾ,
ਤਿਨ ਧਾਮਨ[੭] ਵਾਰ ਮੁਖੀ ਛਬਿ ਪਾਯੋ।
ਤਾ ਬਿਨ ਭੋਜਨ ਖਾਤ ਨ ਜੀ ਤੁਮ,
ਵੈ ਤੋ ਕਰੈਂ ਮਨ ਆਨੰਦ ਭਾਯੋ।"

---

੧. ਭੋਜਨ, ਪ੍ਰਸ਼ਾਦ। ੨. ਅਖਾਣ—'ਹਮ ਪਿਆਲਾ ਵ ਹਮ ਨਿਵਾਲਾ' ਅਰਥਾਤ ਖਾਣ ਪੀਣ ਦੀ ਸਾਂਝ। ੩. ਕੁਝ ਵੀ, ਥੋੜਾ ਜਿਹਾ ਵੀ। ੪. ਵੇਸਵਾ। ੫. ਦਿਨ। ੬. ਉਹ ਮੂਰਖ। ੭. ਆਪਣੇ ਘਰਾਂ ਵਿਚ।

ਯੌਂ ਸੁਨਿ ਕੈ ਗੁਰ ਰੈਨ ਭਏ,
ਤਿਹ ਧਾਮ ਭਿਖੇ ਕਰ ਰੂਪ ਬਨਾਯੋ ॥੭੧॥੧੫੨॥
ਕਾਹੂੰ ਕੇ ਧਾਮ ਨਚੇ ਗਨਿਕਾ,
ਕਿਨ ਹੀ ਗੁਰ ਨਿੰਦ ਕੀ ਗਾਥ ਚਲਾਈ।
ਕਈ ਮਸੰਦ ਸੁਨੇ ਨ ਕਹਜੋ ਗੁਰ,
ਖਜਾਲਨ ਕੇ ਮਦਰਾ ਰਸ[1] ਭਾਈ।
ਐਸੇ ਲਖੀ ਤਬ ਸ੍ਰੀ ਗੁਰ ਜੀ ਮਨ,
ਸਾਸਨ[2] ਤਾਹਿ ਕੋ ਕੀਨ ਉਪਾਈ।
ਪ੍ਰਾਤ ਲਖੋ ਤਬ ਸਾਂਗ ਤਿਨੈ ਕਰ,
ਯਾ ਬਿਧਿ ਸਿੱਖਣ ਕੋ ਸੁ ਬੁਲਾਈ ॥੭੨॥੧੫੩॥
ਭੁਜੰਗ ਛੰਦ। ਤਬੈ ਸਾਗ ਰੂਪੰ ਲਖੇ ਕਰਮ ਤਾਕੈ।
ਕਹਾ ਸ੍ਰੀ ਗੁਰੂ ਐਸ, "ਪਾਪੀ ਨ ਝਾਕੈ[3]।
ਗਜੰ ਤੀਰ ਖੂਨੀ ਨਹੀ ਤ੍ਰਾਸ ਜਾਨੋ।
ਕਰੈ ਸੰਗ ਯਾ ਕੇ ਲਹੈ ਨਰਕ ਮਾਨੋ" ॥੧੫੪॥
ਮਸੰਦੰ ਲਖੇ ਪਾਪ ਭਾਗੇ[4] ਅਪਾਰੰ।
ਗਹੋ ਜਾਇ ਕੈ ਯਾਹਿ ਮਾਰੋ ਸੁਧਾਰੰ।
ਮਰੇ ਪਾਪ ਖੂਨੀ ਗਹੋ ਤਾਹਿ ਜਾਨੈ।
ਚਲੇ ਦੌਰ ਕੇ ਸਿਖ ਲਜਾਏ ਤਿਸਾਨੇ[5] ॥੧੫੫॥
ਜਿਮੰ ਨਾਗ[6] ਮਾਰੇ ਸੁਤੰ ਪ੍ਰੀਖਤਾ[7] ਹੀ।
ਤਿਸੀ ਭਾਂਤਿ ਜਾਰੇ[8] ਘਨੇ ਤੇਲ ਮਾਹੀ।
ਜਿਮੰ ਸੰਗ ਲੋਹਾ ਪਰੰ ਤ੍ਰੀਯ ਭੋਗੰ।
ਹਨੇ ਛੇਦ ਤੀਰੰ ਕਹੈ ਅਗਨਿ ਜੋਗੰ ॥੧੫੬॥
ਗਜੰ ਖੂਨ ਪਾਦੰ[9] ਕਿਨੇ ਮਾਰ ਡਾਰਾ[10]।
ਕਿਤੇ ਲੋਹ ਤਾਂ ਪੈ ਭਲੀ ਭਾਂਤਿ ਜਾਰਾ।
ਕਿਤੇ ਸੂਲੀ ਵਾਂਪੈ ਸਰੰ ਡੋਬ ਦੀਨੇ।
ਭਲੀ ਭਾਂਤਿ ਜਾਰੇ ਘਨੇ ਦੁਸਟ ਚੀਨੇ ॥੧੫੭॥

---

੧. ਮਦ ਮਸਤੀ ਵਿਚ। ੨. ਤਾੜਨਾ, ਦੰਡ। ੩. ਝਕਦੇ, ਝਿਜਕਦੇ। ੪. ਪਾਪ-ਭਾਗੀ। ਏਥੇ ਭਾਗੇ (ਭਾਗੀ) ਦੀ ਥਾਂ 'ਲਾਗੇ' ਪਾਠ ਵੀ ਹੈ। (ਖਾ.ਕਾ.ਅ. ੬੦੫) ੫. ਉਨ੍ਹਾਂ ਨੂੰ। ੬. ਸੱਪ। ੭. ਰਾਜਾ ਪਰੀਛਤ ਦੇ ਪੁੱਤਰ ਜਨਮੇਜਯ ਨੇ। ੮. ਜਾਲੇ, ਸਾੜੇ, ਫੂਕੇ। ੯. ਖ਼ੂਨੀ ਹਾਥੀ ਦੇ ਪੈਰਾਂ ਹੇਠ। ੧੦. ਸੁੱਟਿਆ।

ਕਿਤੇ ਜਾਰ ਦੀਨੰ ਸਮੰ ਈਧਨਾ[1]।
ਭਜੈ ਜਾਤ ਭਾਰੈ ਗਹੇ ਸਿਖ ਲਿਆਹੀ।
ਤ੍ਰਿਆ ਰੂਪ ਧਾਰੇ ਤਿਨੇ ਆਨ ਡਾਰੈ।
ਪੁਨੰ ਬਾਲ ਬ੍ਰਿਧੰ ਜੁਵਾ ਨਿਰਖ ਸਾਰੇ॥੧੫੮॥
ਤਜਾ ਬਖ਼ਤ ਮਲੰ ਤਕਾ ਤਾਹਿ ਥਾਨੰ।
ਜਹਾਂ ਰਾਮ ਦਾਸੰ ਉਦਾਸੀ ਬਖਾਨੰ।
ਤਿਸੈ ਯੌਂ ਕਹਾ, "ਜਾਹਿ ਮਾਤਾਨ ਤੀਰੰ[2]।
ਤਹਾਂ ਰਾਖ ਹੈਂ ਔਰ ਥਾਨੰ ਨ ਬੀਰੰ।"॥੧੫੯॥
ਤਹਾ ਆਨ ਕੈ ਸੀਸ ਗੁੰਦਾਅ ਭਾਰੀ।
ਨਕੰ ਨੱਥ ਡਾਰੀ, ਪਟੰ[3] ਨਾਰਿ ਧਾਰੀ।
ਕਿਤੇ ਸਹਸ ਜਾਰੇ, ਕਈ ਬਾਲ ਗਰਭੰ।
ਤਬੈ ਭਾਖਿਯੋ ਆਪ ਬੱਚਾ ਸੁ ਅਰਭੰ[4]॥੭੩॥੧੬੦॥
ਚੌਪਈ। ਸਿਖਨ ਕਹਾ, "ਕਿਸੈ ਗ੍ਰਿਹ ਨਾਹੀ।"
ਗੁਰ ਕਹੈ, "ਕਹੀ ਹੋ ਕੈ ਗ੍ਰਿਹ ਮਾਹੀ।"
ਪੁਨਿ ਕਹਯੋ, "ਹਮ ਗ੍ਰਿਹ ਮਾਤਾ ਤੀਰਾ।
ਜਾਵਹੁ ਬੇਗ ਨਾਰਿ ਬਪੁ ਕੀਰਾ[5]॥੧੬੧॥
ਤਬ ਸਿਖ ਲਜਾਏ ਤਾ ਗ੍ਰਿਹ ਜਾਨੇ।
ਮਾਤਾ ਆਨ ਪਰੀ ਪਦ ਮਾਨੇ।
"ਹੇ ਗੁਰ! ਸਰਨਾਗਤ ਨਹਿ ਮਾਰੇ।
ਰਾਮ ਚੰਦ ਕਿਸਨਾਦਿਕ ਸਾਰੇ"॥੧੬੨॥
ਗੁਰ ਕਹੈਂ, "ਮਾਰ ਮਸੰਦਨ ਕੀਨੀ।
ਨਰ ਕੋ ਮੋਹ ਬਚਾਏ ਚੀਨੀ[6]।
ਯਾਹਿ ਪਾਪ ਤੇ ਜੂਨ ਚੌਰਾਸੀ।
ਤੋ ਗ੍ਰਿਹ ਤਾਹਿ ਬਚਾਯੋ ਫਾਸੀ"॥੧੬੩॥
ਤਬ ਸੋ ਬਖਤ ਮਲ ਥੋ ਬਾਲਾ।
ਲਖ ਗੁਰ ਉਸਤਤਿ ਕੀਨ ਬਿਸਾਲਾ[7]।
"ਸਰਨ ਸਰਨ ਮੈਂ, ਕਰੁਨਾ ਧਾਰੋ।
ਦੀਨ ਦਯਾਲਾ ਮੋਹਿ ਉਬਾਰੋ[8]॥੧੬੪॥

੧.ਇੰਨ੍ਹਣ। ੨. ਮਾਈਆਂ ਦੇ ਕੋਲ। ੩. ਵਸਤ੍ਰ। ੪. ਮੂਰਖ। ੫. ਇਸਤ੍ਰੀ ਦੇ ਸਰੀਰ ਅਥਵਾ ਭੇਸ ਵਿਚ। ੬. ਤੁੱਛ, ਨੀਚ, ਕੀੜਾ। ੭. ਵਿਸ਼ਾਲ, ਵਿਸਤਾਰ ਸਹਿਤ। ੮. ਰੱਖਿਆ (ਮੁਕਤ) ਕਰੋ।

ਤੁਵ ਪਦ ਸਰਨ, ਸਰਨ ਮੈ ਜਾਨੀ।"
ਸੁਨ ਸ੍ਰੀ ਗੁਰ ਅਤਿ ਮਯਾ[1] ਸੁ ਠਾਨੀ॥
"ਤੁਮੈ ਸੁਹਾਗਨ ਸਦ[2] ਮੈਂ ਕੀਨਾ।"
ਯੌਂ ਕਹਿ ਆਰਸ[3] ਦਈ ਸੁ ਚੀਨਾ॥੧੬੫॥
ਨਾਰਿ ਰੂਪ ਤਾ ਕੋ ਸਦ ਹੋਈ।
ਨਾਰੀ ਨਰ ਵਾ ਹੋਵੇ ਕੋਈ।
ਤਾਹਿ ਬਖਸਿਯੋ ਔਰ ਜਲਾਏ।
ਕਟ ਕਟ ਝਰਤ ਜਰਤ ਲਖ ਪਾਏ।
ਜਿਮ ਜਿਮ ਜਰਤ ਗੁਰੂ ਸੁਖ ਪਾਏ।
ਐਸੇ ਬੈਨ ਸੁ ਮੁਖੋ ਅਲਾਏ॥੭੪॥੧੬੬॥
ਗੁਰੂ ਪ੍ਰਮਾਨ। ਦਰ ਲਏ ਲੇਖਾ ਪੀੜ ਛੁਟੈ ਨਾਨਕਾ ਜਿਉਂ ਤੇਲ॥੭੫॥੧੬੭॥
ਝੂਲਨਾ। ਤਬੈ ਆਯੋ ਹੈ ਮੇਲ ਵੈਸਾਖ ਭਾਰੀ,
ਨਰ ਨਾਰੀ ਆਏ ਅਤਿ ਹੇਤ ਸਾਰੇ।
ਸਭ ਸੁਨਯੋ ਹੈ ਕਾਲਿਕਾ ਪ੍ਰਗਟ ਹੋਈ,
ਯਹਿ ਬਾਤ ਸੁਨ ਆਵਤੇ ਹੋਤੇ ਧਾਰੇ।
ਗੁਰ ਮਯਾ ਤੇ ਗਾਥ ਯਹਿ ਪੂਰ ਹੋਈ,
ਜੋ ਸੁਨੇ ਤਿਹ ਰਿੱਧਿ[4] ਸਿੱਧਿ[5] ਧਾਮ ਜਾਨੀ।
ਸਭ ਦੁਸਟ ਨਾਸੇ, ਬਸੁ[6] ਧਯਾਇ ਮਾਹੀ,
ਗੁਰ ਮਯਾ[7] ਤੇ ਬਾਤ ਯਹਿ ਪ੍ਰਗਟ ਮਾਨੀ॥੭੬॥੧੬੮॥
ਇਤਿ ਸ੍ਰੀ ਗੁਰ ਬਿਲਾਸ ਸੁਖਦਾਈ।
ਆਠੋ ਧਯਾਇ ਪੂਰਨੰ ਭਾਈ॥੮॥

(ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਪਬਲੀਕੇਸ਼ਨ ਬਿਓਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨੇ ੧੨੨-੧੨੬)

ਮਸੰਦਾਂ ਨੂੰ ਸਾੜਨ ਦੇ ਉਪ੍ਰੋਕਤ ਪ੍ਰਸੰਗ ਨੂੰ ਸੁਰਗੀਯ ਗਿਆਨੀ ਕਰਤਾਰ ਸਿੰਘ ਜੀ ਕਲਾਸਵਾਲੀਆ, ਸਾਬਕਾ ਮੁਖ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ,

---

੧. ਕ੍ਰਿਪਾ। ੨. ਸਦਾ, ਸਦੈਵ, ਹਮੇਸ਼ਾ। ੩. ਇਰਸ, ਵਿਰਸਾ। ੪. ਧੰਨ, ਸੰਪਤੀ। ੫. ਅੱਠ ਸ਼ਕਤੀਆਂ ਅਥਵਾ ਸਿੱਧੀਆਂ—ਅਨਿਮਾ (ਬਹੁਤ ਛੋਟਾ ਹੋਣਾ), ਮਹਿਮਾ (ਵੱਡਾ ਹੋ ਜਾਣਾ), ਗਰਿਮਾ (ਭਾਰੀ ਹੋ ਜਾਣਾ), ਲਘਿਮਾ (ਹੌਲਾ ਹੋਣਾ), ਪ੍ਰਾਪਤਿ (ਮਨ ਇੱਛਤ ਫਲ ਮਿਲਣਾ), ਪ੍ਰਾਕਾਮਜ (ਸਭ ਦੇ ਮਨ ਦੀ ਜਾਣ ਲੈਣੀ), ਈਸ਼ਿਤਾ (ਆਪਣੇ ਪਿੱਛੇ ਸਭ ਨੂੰ ਲਾਉਣਾ) ਤੇ ਵਸ਼ਿਤਾ (ਸਭ ਨੂੰ ਆਪਣੇ ਅਧੀਨ ਕਰਨਾ) ੬. ਵਸੁ, ਅੱਠ ਜਾਂ ਅਠਵਾਂ। ੭. ਕ੍ਰਿਪਾ

ਅੰਮ੍ਰਿਤਸਰ ਆਪਣੀ ਰਚਨਾ ਸ੍ਰੀ ਦਸਮੇਸ਼ ਪ੍ਰਕਾਸ਼ ਵਿਚ ਇੰਝ ਪ੍ਰਸਤੁਤ ਕਰਦੇ ਹਨ, ਜੋ ਕਿਸੇ ਅਰਥ ਜਾਂ ਟੀਕਾ ਟਿੱਪਣੀ ਦਾ ਮੁਹਤਾਜ ਨਹੀਂ ਹੈ। ਇਹ ਮਹਾਂਪੁਰਖ ਚੰਗੇ ਕਵੀ, ਪ੍ਰਚਾਰਕ ਤੇ ਸੁਚੱਜੇ ਬੁਲਾਰੇ ਸਨ। ਇਨ੍ਹਾਂ ਦੀ ਸਾਰੀ ਰਚਨਾ ਠੇਠ ਪੰਜਾਬੀ ਵਿਚ ਹੈ:

(੧੭੫੮ ਬਿਕ੍ਰਮੀ ਵਿਸਾਖੀ ਦੇ ਮੇਲੇ 'ਤੇ ਮਸੰਦਾਂ ਦੀ ਸ਼ਿਕਾਇਤ)

ਏਸ ਸਾਲ ਵਸਾਖੀ ਦੇ ਮੇਲੇ ਉੱਤੇ, ਦੂਰ ਦੂਰ ਤੋਂ ਸੰਗਤਾਂ ਆਈਆਂ ਜੀ।
ਮਾਈ ਭਾਈ ਪ੍ਰੇਮ ਦੇ ਆਏ ਬਧੇ, ਜ਼ਰ ਨਕਦੀਆਂ ਬਹੁਤ ਚੜ੍ਹਾਈਆਂ ਜੀ।
ਬਸਤ੍ਰ ਕੀਮਤੀ ਅਤੇ ਜੜਾਊ ਜ਼ੇਵਰ, ਚੀਜ਼ਾਂ ਚੰਗੀਆਂ ਭੇਟ ਰਖਾਈਆਂ ਜੀ।
ਘੋੜੇ ਸ਼ਸਤ੍ਰ ਕੀਮਤੀ ਚੜੇ ਬਹੁਤੇ, ਤੋਹਫ਼ੇ ਸੰਗਤਾਂ ਕਈ ਲਿਆਈਆਂ ਜੀ।
ਕਈ ਪ੍ਰੇਮੀਆਂ ਗੁਰਾਂ ਤੋਂ ਪੁੱਛਿਆ ਆ, ਅਸਾਂ ਏਹ ਚੀਜ਼ਾਂ ਭਿਜਵਾਈਆਂ ਜੀ।
ਗੁਰਾਂ ਪੁੱਛਿਆ ਸਦ ਖਜਾਨਚੀ ਨੂੰ, ਓਸ ਕਹਿਆ ਨ ਕਿਸੇ ਪੁਚਾਈਆਂ ਜੀ।
ਅੰਤ ਪਤਾ ਲੱਗਾ ਓਹ ਮਸੰਦਾਂ ਨੇ ਹੀ, ਘਰੀਂ ਆਪਣੀ ਰਖ ਛਿਪਾਈਆਂ ਜੀ।
ਜਦ ਪੁੱਛ ਕੀਤੀ ਸਭ ਗਏ ਮੁਕਰ, ਸਾਨੂੰ ਕਿਸੇ ਨੇ ਨਹੀਂ ਦਿਵਾਈਆਂ ਜੀ।
ਅੰਤਰਯਾਮੀ ਤੋਂ ਭਲਾ ਸੀ ਕਿ ਗੁਝਾ, ਝਟ ਕਰ ਤਲਾਸ਼ੀ ਕਢਾਈਆਂ ਜੀ।
ਏਹ ਮਸੰਦਾਂ ਦੀ ਕਾਰ ਕਰਤਾਰ ਸਿੰਘਾ, ਭੈੜੇ ਕਰਦੇ ਨਿੱਤ ਬੁਰਾਈਆਂ ਜੀ।

ਨਕਲੀਆਂ ਨੇ ਮਸੰਦਾਂ ਦੀ ਨਕਲ ਕਰਨੀ

ਆਨ ਭਾਵੀ ਨੇ ਬਲਦੀ ਤੇ ਹੋਰ ਬਾਲੀ, ਆਏ ਨਕਲੀਏ ਵਿਚ ਦਰਬਾਰ ਦੇਖੋ।
ਕੀਤੀ ਅਰਜ਼ ਅਸੀਂ ਨਕਲ ਕਰਨੀ ਚਾਹੁੰਦੇ, ਇਹੋ ਆਗਯਾ ਤੇ ਖ਼ੁਸ਼ੀ ਧਾਰ ਦੇਖੋ।
ਅਖੀਂ ਵਾਰਤਾ ਡਿੱਠੀ ਦੀ ਨਕਲ ਕਰਨੀ, ਮਤਲਬ ਏਸ ਦਾ ਆਪ ਵਿਚਾਰ ਦੇਖੋ।
ਨ ਸੀ ਨਕਲ ਹੀ ਅਸਲ ਕਰਤਾਰ ਸਿੰਘਾ, ਸੀ ਮਸੰਦਾਂ ਦੀ ਰੋਜ਼ ਦੀ ਕਾਰ ਦੇਖੋ।

ਇਕ ਮਸੰਦ ਦੀ ਨਕਲ

ਇਕ ਨਕਲੀਆ ਬਣ ਮਸੰਦ ਆਯਾ, ਵਡਾ ਢਿੱਡ ਪੁਸ਼ਾਕ ਸੀ ਲਾਈ ਹੋਈ।
ਦੋ ਘੋੜੀਆਂ ਦੋ ਵਛੇਰੇ ਪਿੱਛੇ, ਜੋੜੀ ਕੁੱਤਿਆਂ ਨਾਲ ਲਾਈ ਹੋਈ।
ਦੋ ਤਿੰਨ ਨੌਕਰ ਨਾਲ ਲਏ ਹੋਏ, ਨਾਲ ਕੰਜਰੀ ਇਕ ਚੜ੍ਹਾਈ ਹੋਈ।
ਇਕ ਘਰ ਵੜੇ ਜਾ ਕਰਤਾਰ ਸਿੰਘਾ, ਇਉਂ ਧਾੜ ਮੁਸ਼ਟੰਡੀ ਬਣਾਈ ਹੋਈ।

ਗ਼ਰੀਬ ਸਿੱਖ ਦਾ ਘਰ

ਡਾਢਾ ਸਿੱਖ ਗ਼ਰੀਬ ਘਰ ਨ ਸੀ, ਵਿਹੜੇ ਵਿਚ ਜਾ ਨਫਰ ਨੇ ਵਾਜ ਮਾਰੀ।
ਓਹਦੀ ਤੀਵੀਂ ਨੇ ਆਖਯਾ ਘਰ ਨਹੀਂ ਜੀ, ਬਾਹਰ ਗਏ ਹੋਏ ਨੇ ਕਿਤੇ ਕੰਮ ਕਾਰੀ।
ਅੱਗੋਂ ਬੋਲੇ ਤੁਹਾਡੇ ਘਰ ਗੁਰੂ ਕੇ ਆਏ, ਬੋਲੀ ਸਿਖਨੀ ਸਦਕੇ ਲੱਖ ਵਾਰੀ।
ਆਣ ਧੀਆਂ ਸਣੇ ਚਰਨੀਂ ਡਿੱਗ ਪਈ, ਚੰਦ ਚੜ੍ਹ ਗਿਆ ਖ਼ੁਸ਼ੀ ਬਹੁਤ ਧਾਰੀ।
ਝਟ ਪਟ ਥਾਂ ਸਾਜ਼ ਕਰ ਡਾਹੇ ਮੰਜੇ, ਆਓ ਬੈਠੋ ਮੈਂ ਜਾਂਵਦੀ ਬਲਿਹਾਰੀ।
ਧੰਨ ਭਾਗ ਸਾਡੇ ਗੁਰੂ ਕੇ ਘਰ ਆਏ, ਕੀਤੀ ਅਸਾਂ ਗ਼ਰੀਬ 'ਤੇ ਦਯਾ ਭਾਰੀ।
ਉਤਰ ਵੇਸਵਾ ਸਣੇ ਮਸੰਦ ਸਾਹਿਬ, ਵੇਖ ਹੋਈ ਵਿਛਾਈ ਹੈ ਵਹੁਤ ਮਾੜੀ।
ਚੁਕ ਖੇਸ ਦੋਤਹੀ ਵਗਾਹ ਮਾਰੇ, ਅਤੇ ਸਿਖਨੀ ਨੂੰ ਦੇਨ ਗਾਰੀ।
ਗੁਰੂ ਮਾਰੀਏ ਮੈਲੇ ਜਹੇ ਕਪੜੇ ਇਹ, ਸਾਡੇ ਲੈਕ ਨਾਹੀਂ ਆਖ ਬਹੁਤ ਤਾੜੀ।
ਲਿਆਈ ਮੰਗ ਗ੍ਰਾਂਵੋਂ ਕਰਤਾਰ ਸਿੰਘਾ, ਉਹ ਵਿਛਾ ਕੀਤੀ ਬਹੁਤ ਮਿੰਨਤ ਦਾਰੀ।

ਸਿਖ ਦੀ ਸੇਵਾ ਤੋਂ ਮਸੰਦ ਦਾ ਲੁਚਪੁਣਾ

ਅੰਤ ਨੱਕ ਮੂੰਹ ਵੱਟ ਕੇ ਬੈਠ ਗਏ, ਕਹਿਆ ਸਿਖਨੀ ਤਾਈਂ ਸੁਨਾ ਜਲਦੀ।
ਭਰ ਮੁਠੀਆਂ ਬੇਗਮ ਸਾਹਿਬਾਂ ਨੂੰ, ਨਾਲੇ ਸਿਖ ਦੇ ਤਾਈਂ ਬੁਲਾ ਜਲਦੀ।
ਵੱਡੀ ਬੇਟੀ ਨੂੰ ਮੁੱਠੀਆਂ ਭਰਨ ਲਾਯਾ, ਛੋਟੀ ਖੇਤਾਂ ਨੂੰ ਭੇਜੀ ਦੁੜਾ ਜਲਦੀ।
ਓਧਰ ਨੌਕਰਾਂ ਬੰਨ੍ਹ ਕੇ ਘੋੜਾ ਟੱਟੂ, ਕੱਢ ਦਾਨਾਂ ਤੂੜੀ ਦਿੱਤਾ ਪਾ ਜਲਦੀ।
ਫੇਰ ਘੂਰਦੇ ਘੋੜਿਆਂ ਵਾਸਤੇ ਜੀ, ਸਾਨੂੰ ਪੱਕੀ ਨਿਹਾਰੀ ਦਿਵਾ ਜਲਦੀ।
ਕਹਿਆ ਸਿਖਨੀ ਨੇ ਘਿਓ ਘਰ ਹੈ ਨਹੀਂ, ਸਿਖ ਲਿਆਦੇਗਾ ਹੁਣੇ ਆ ਜਲਦੀ।
ਇਨੇ ਚਿਰ ਨੂੰ ਸਿਖ ਭੀ ਆ ਗਿਆ, ਡਿੱਗਾ ਚਰਨੀਂ ਸੀਸ ਝੁਕਾ ਜਲਦੀ।
ਵੇਖ ਲੱਤ ਮਸੰਦ ਨੇ ਕੱਢ ਮਾਰੀ, ਪਿਛਾਂਹ ਡੇਗਿਆ ਸਿਖ ਉਲਟਾ ਜਲਦੀ।
ਕਦੇ ਖ਼ਾਲੀ ਹੱਥੀਂ ਮੱਥਾ ਟੇਕੀਦਾ ਏ, ਜਾਹ ਦਰਸ਼ਨੀਂ ਭੇਟਾ ਲਿਆ ਜਲਦੀ।
ਪੱਲੇ ਕੁਝ ਨਹੀਂ ਸੀ ਗਹਿਣਾ ਸਿਖਨੀ ਦਾ, ਗਹਿਣੇ ਪਾ ਰੁਪਏ ਕਢਾ ਜਲਦੀ।
ਖੰਡ, ਘਿਓ, ਚਾਵਨ ਮੁਲ ਲੈ ਆਯਾ, ਲਾਈ ਸਿਖਨੀ ਰੋਟੀ ਬਣਾ ਜਲਦੀ।
ਆਪ ਦਰਸ਼ਨੀ ਭੇਟਾ ਲਿਆ ਰੱਖੀ, ਦੋ ਰੁਪਏ ਤੇ ਦੁੱਧ ਚਵਾ ਜਲਦੀ।
ਪਾਉ ਮਰਚਾਂ ਪਾ ਵਛੇਰਿਆਂ ਨੂੰ, ਭੁੱਕੇ ਆਏ ਨੇ ਪਹਿਲਾਂ ਖਵਾ ਜਲਦੀ।
ਭੁੱਖੇ ਕੁੱਤੇ ਰਜਾ ਕਰਤਾਰ ਸਿੰਘਾ, ਹੋਯਾ ਹੁਕਮ ਪ੍ਰਸਾਦਿ ਛਕਾ ਜਲਦੀ।

ਤਥਾ

ਖੀਰ ਫੁਲਕੇ ਦਾਲ ਤਯਾਰ ਕਰ ਕੇ, ਛਕਨ ਵਾਸਤੇ ਫੇਰ ਬੁਲਾਯਾ ਏ।
ਹੱਥ ਵੇਸਵਾ ਦਾ ਹੱਥ ਨਾਲ ਫੜਿਆ, ਆਕੜ ਨਾਲ ਚੌਕ ਵਿਚ ਆਯਾ ਏ।

ਥਾਲਾਂ ਵਿਚ ਪ੍ਰਸਾਦਿ ਪਰੋਸ ਕਰ ਕੇ, ਜਾਂ ਸਿਖ ਨੇ ਅੱਗੇ ਟਿਕਾਯਾ ਏ।
ਵੇਖ ਅੱਗ ਮਸੰਦ ਨੂੰ ਲੱਗ ਗਈ, ਗੁੱਸੇ ਵਿਚ ਚਿਹਰਾ ਬਦਲਾਯਾ ਏ।
ਗਾਲਾਂ ਕੱਢਦਾ ਸਿਖ ਨੂੰ ਰੋਹ ਭਰਿਆ, ਗੁਰੂ ਮਾਰਿਆ ਕੀਹ ਬਨਾਯਾ ਏ।
ਨ ਸ਼ਰਾਬ ਨ ਮਹਾਂ ਪ੍ਰਸਾਦਿ ਕੀਤਾ, ਇਹ ਬੀਮਾਰਾਂ ਦਾ ਖਾਜ ਪਕਾਯਾ ਏ।
ਦੇਂਦਾ ਬਦ ਦੁਆਈਆਂ ਉੱਠ ਟੁਰਿਆ, ਸਿਖ ਡਿੱਗ ਚਰਨੀਂ ਘਘਿਆਯਾ ਏ।
ਉਸੇ ਵੇਲੇ ਕੁਕੜ ਤੇ ਸ਼ਰਾਬ ਆਂਦਾ, ਉਸ ਪਾਪੀ ਦੇ ਤਾਈਂ ਰਿਝਾਯਾ ਏ।
ਮੁੜ ਫੇਰ ਅਰਦਾਸ ਤੋਂ ਅੜ ਬੈਠਾ, ਪੰਜ ਲੈ ਅਰਦਾਸ ਸੁਨਾਯਾ ਏ।
ਦਿਨੇ ਉਠ ਕੇ ਆਖਿਆ ਤੋਰ ਸਾਨੂੰ, ਪੂਜਾ ਦੇਹ ਹੁਣ ਜਲਦ ਸੁਧਾਯਾ ਏ।
ਦੋ ਆਪ ਲਏ ਇਕ ਕੰਜਰੀ ਨੂੰ, ਨਾਲੇ ਨੌਕਰਾਂ ਤਾਈਂ ਦਿਵਾਯਾ ਏ।
ਫੇਰ ਟੁਰਦਿਆਂ ਸਬਰ ਨਾ ਮੂਲ ਕੀਤਾ, ਖੇਸ ਚੁਕ ਘੋੜੀ ਉਤੇ ਆਯਾ ਏ।
ਕਹਿਆ ਸਿਖਣੀ ਜੀ ਏਹ ਤਾਂ ਕਿਸੇ ਦਾ ਏ, ਬਸ ਚੁਪ ਕਰ ਝਿੜਕ ਹਟਾਯਾ ਏ।
ਖਾਹ, ਘੂਰ ਕੇ ਫੇਰ ਕਰਤਾਰ ਸਿੰਘਾ, ਲਾਂਗਾ ਟੈਰ ਲੈ ਕੂਚ ਬੁਲਾਯਾ ਏ।

ਮਸੰਦ ਦੀ ਹੋਰ ਵਧੀਕੀ

ਬਾਹਰ ਟੋਰਨੇ ਨੂੰ ਫੇਰ ਨਾਲ ਗਏ, ਕਹਿੰਦੇ ਸਿਖ ਸਵਾਲ ਇਕ ਪਾਂਦੇ ਅਸੀਂ।
ਸਾਡੇ ਟਹਿਲੂਏ ਨੂੰ ਸਾਕ ਬੇਟੀ ਦਾ ਦੇਹ, ਬੜੇ ਖ਼ੁਸ਼ੀ ਤੇਰੇ ਉਤੇ ਜਾਂਦੇ ਅਸੀਂ।
ਓਸ ਆਖਯਾ ਮੰਗੀਆਂ ਹੋਈਆਂ ਨੇ, ਨਹੀਂ ਤਾਂ ਕਦੇ ਨ ਗੱਲ ਪਰਤਾਂਦੇ ਅਸੀਂ।
ਬਸ ਫੇਰ ਗਾਲ੍ਹਾਂ ਕੱਢ ਟੁਰ ਪਿਆ, ਤੁਸੀਂ ਵੇਖਯੋ ਜੜ੍ਹਾਂ ਪੁਟਾਂਦੇ ਅਸੀਂ।
ਓਹ ਜੋੜਦੇ ਹੱਥ ਜੀ ਬਖ਼ਸ਼ ਲਵੋ, ਤੁਹਾਡੇ ਟਹਿਲੂਏ ਹਾਂ ਬਖ਼ਸ਼ਾਂਦੇ ਅਸੀਂ।
ਸਾਡੇ ਵੱਸ ਨਾ ਕੁਝ ਕਰਤਾਰ ਸਿੰਘਾ, ਕਦੇ[1] ਗੁਰੂ ਕਿਉਂ ਨ ਰੁਸਾਂਦੇ ਅਸੀਂ।

ਵਾਹ ਸਿਦਕ ਸਿਖ ਤੇ ਸਿਖਨੀ ਦਾ

ਓਹ ਤਾਂ ਬਦਕਾ ਅਗ੍ਹਾ ਨੂੰ ਚਲਾ ਗਿਆ, ਚਰਨ ਧੂੜ ਲੈ, ਲੈ ਮੱਥੇ ਲਾਨ ਦੋਵੇਂ।
ਧੰਨ ਧੰਨ ਗੁਰੂ, ਧੰਨ ਧੰਨ ਗੁਰੂ, ਬਾਰ ਬਾਰ ਹੋ ਖੜੇ ਸੁਨਾਨ ਦੋਵੇ।
ਸਾਥੋਂ ਸੇਵਾ ਪੁਜੀ ਗੁਰੂਕਿਆਂ ਦੀ ਨਹੀਂ, ਓਹ ਗਰੀਬੀ ਉਤੇ ਪਛਤਾਨ ਦੋਵੇਂ।
ਲੈਕੇ ਹਉਕੇ ਪਿਛਾਂ ਨੂੰ ਮੁੜ ਆਏ, ਸ਼ੁਕਰ ਦਾ ਕਰਨ ਬਿਆਨ ਦੋਵੇਂ।

---

੧. ਜਦ ਮਸੰਦ ਜਾਂ ਹੋਰ ਕੋਈ ਸਿੱਖਾਂ ਪਾਸੋਂ ਕਾਰ ਭੇਟਾ ਲੈਣ ਜਾਂਦਾ ਸੀ ਤਾਂ ਲੋਕ ਉਹਨਾਂ ਨੂੰ ਗੁਰੂ ਕੇ ਆਏ ਹਨ ਅਰਥਾਤ ਗੁਰੂ ਜੀ ਦੇ ਆਦਮੀ ਆਏ ਹਨ, ਆਖਦੇ ਹੁੰਦੇ ਸਨ। ਓਸ ਵੇਲੇ ਦੇ ਸਿੱਖਾਂ ਦੀ ਧੰਨ ਸਿੱਖੀ ਸੀ, ਏਡੇ ਪੱਕੇ ਨਿਸਚੇ ਰਖਦੇ ਸਨ ਤੇ ਪਰਖ ਦੇ ਵੇਲੇ ਭੀ ਡੋਲਦੇ ਨਹੀਂ ਸਨ।

ਸੁਣ ਸੁਣਕੇ ਇਹ ਪ੍ਰਸੰਗ ਸਾਰਾ ਬਾਜ਼ੂ ਗੁਰਾਂ ਦੇ ਫਰਕ ਪਏ ਆਨ ਦੋਵੇਂ।
ਇਹ ਸੁਣ ਅਨੀਤ ਕਰਤਾਰ ਸਿੰਘਾ, ਨੇਤਰ ਹੋ ਗਏ ਲਹੂ ਲੁਹਾਨ ਦੋਵੇਂ।

ਸ੍ਰੀ ਦਸਮੇਸ਼ ਜੀ ਦੀ ਵਿਚਾਰ

ਦੇਖ ਸੁਣ ਮਸੰਦ ਦੇ ਕਾਰਨਾਮੇ, ਕੋਪ ਵਿਚ ਸਤਿਗੁਰੂ ਜੀ ਆਂਵਦੇ ਨੇ।
ਇਹ ਮਸੰਦ ਅੰਨੇ ਹੋਏ ਧਾਨ ਖਾ ਕੇ, ਪਾਪੀ ਬੜੇ ਕੁਕਰਮ ਕਮਾਂਵਦੇ ਨੇ।
ਸਿਖ ਇਹੋ ਜਿਹੇ ਸਿਦਕ ਨੂੰ ਪਾਲਦੇ ਨੇ, ਇਹ ਇਉਂ ਕਰਤੂਤ ਖਿੰਡਾਂਵਦੇ ਨੇ।
ਹੈ ਮਾਲੂਮ ਹੁੰਦਾ ਬਾਹਰ ਜਾ ਕਰਕੇ, ਗੁਰ ਸਿਖਾਂ ਨੂੰ ਬੜਾ ਸਤਾਂਵਦੇ ਨੇ।
ਇਹ ਤਾਂ ਪੰਥ ਨੂੰ ਹੈ ਭਾਰਾ ਘੁਣ ਲੱਗਾ, ਵਾਧਾ ਕਰਨ ਦੇ ਥਾਂ ਘਟਾਂਵਦੇ ਨੇ।
ਇਹ ਭੀ ਰੋਗ ਹੈ ਸਮਝ ਕਰਤਾਰ ਸਿੰਘਾ, ਪਰ ਇਲਾਜ ਦਾ ਫਿਕਰ ਦੁੜਾਂਵਦੇ ਨੇ।

ਮਸੰਦਾਂ ਦਾ ਸੋਧਨਾ

ਜਿਸ ਘਰ ਦੇ ਖੋਟੇ ਵਜੀਰ ਹੋਵਣ, ਸਦਾ ਉਹ ਨੁਕਸਾਨ ਉਠਾਏ ਬਹੁਤੇ।
ਗੁਰੂ ਘਰ ਮਸੰਦ ਮੁਖਤਾਰ ਮੁਢੋਂ, ਮਾਲਦਾਰ ਹੋਏ ਧਨ ਕਮਾਏ ਬਹੁਤੇ।
ਸ਼ਰਧਾ, ਪ੍ਰੇਮ ਤੇ ਖੌਫ ਨ ਬਹੁਤਿਆਂ ਨੂੰ, ਰਹੇ ਆਪ ਨੂੰ ਗੁਰੂ ਕਹਾਏ ਬਹੁਤੇ।
ਅਗੇ ਇਸੇ ਤਰ੍ਹਾਂ ਜਾਂਦੀ ਨਿਭਦੀ ਸੀ, ਇਸੇ ਲਈ ਹੰਕਾਰ ਵਿਚ ਆਏ ਬਹੁਤੇ।
ਇਹ ਸਤਿਗੁਰੂ ਜੀ[1] ਰਾਜਨੀਤ ਗਯਾਤਾ, ਇਨ੍ਹਾਂ ਨਵੇਂ ਪ੍ਰਸੰਗ ਰਚਾਏ ਬਹੁਤੇ।
ਵੇਖ ਸੁਣ ਮਸੰਦਾਂ ਦੇ ਕੰਮ ਭੈੜੇ, ਦੂਤ ਦੇਸੀਂ ਪਰਦੇਸੀਂ ਦੁੜਾਏ ਬਹੁਤੇ।
ਕਠੇ ਕਰ ਲਏ ਸਾਰੇ ਨਾਲ ਯੁਕਤੀ ਦੇ, ਬੰਦੋਬਸਤ ਮੁੜ ਇਉਂ ਕਰਾਏ ਬਹੁਤੇ।
ਕਈ ਤੇਲ ਪਾ ਪਾ ਕੇ ਸਾੜ ਦਿਤੇ, ਫੜਉਂ ਹੀ ਮਾਰ ਖਪਾਏ ਬਹੁਤੇ।
ਕਈ ਕਢੇ ਮਸੰਦੀਓਂ ਕਰ ਖਾਰਜ, ਬੰਨ੍ਹ ਮੁਸ਼ਕਾਂ ਮਾਰ ਕੁਟਾਏ ਬਹੁਤੇ।
ਕਈ ਮੰਗ ਮੁਆਫੀਆਂ ਛੁਟ ਗਏ, ਅਗੋ ਵਾਸਤੇ ਖ਼ੂਬ ਧਮਕਾਏ ਬਹੁਤੇ।
ਜਿਹੜੇ ਬੇਕਸੂਰ ਸਬੂਤ ਹੋਏ, ਸਿਰੋ ਪਾਓ ਅਨਾਮ ਦਵਾਏ ਬਹੁਤੇ।
ਇਸ ਤਰ੍ਹਾਂ ਕੀਤੀ ਸੋਧ ਸਾਰਿਆਂ ਦੀ ਦਬਦਬੇ ਪਾ ਗੁਰਾਂ ਡਰਾਏ ਬਹੁਤੇ।
ਚੂੰ ਕਰਨ ਜੋਗਾ ਕੋਈ ਛਡਿਆ ਨ ਕਾਰਦਾਰ ਹੀ ਸਿੰਘ ਬਨਾਏ ਬਹੁਤੇ।
ਮਹਾਂਬਲੀ ਸਤਿਗੁਰੂ ਕਰਤਾਰ ਸਿੰਘਾ ਰੰਗ ਹੋਰ ਦੇ ਹੋਰ ਪਲਟਾਏ ਬਹੁਤੇ।

---

੧. ਸਭੇ ਸਤਿਗੁਰੂ ਜੀ ਸੰਪੂਰਨ ਸ਼ਕਤੀਵਾਨ ਇਕੋ ਸਰੂਪ ਹੀ ਹੋਏ ਸਨ, ਪਰੰਤੂ ਸਮੇਂ ਦੀ ਲੋੜ ਅਨੁਸਾਰ ਦਸਮੇਸ਼ ਜੀ ਨੇ ਸ਼ਾਂਤ ਸੁਭਾਵ ਦੇ ਨਾਲ ਰਾਜਨੀਤ ਨੂੰ ਮੁਖ ਰੱਖਿਆ ਤੇ ਦੁਸ਼ਟਾਂ ਦੋਖੀਆਂ ਨੂੰ ਡੰਡ ਦੇਣ ਨੂੰ ਤਿਆਰ ਹੋ ਗਏ।

ਮਸੰਦਾਂ ਵਾਸਤੇ ਹੁਕਮ

ਗੁਰਾਂ ਸੋਧ ਮਸੰਦਾਂ ਦੀ ਖੂਬ ਕੀਤੀ, ਅਗੋਂ ਖੋਟ ਨ ਫੇਰ ਕਮਾਏ ਕੋਈ।
ਨਾਲੇ ਸੰਗਤਾਂ ਨੂੰ ਪਕਾ ਹੁਕਮ ਦਿਤਾ ਇਨ੍ਹਾਂ ਲਾਲ ਨ ਮੇਲ ਰਖਾਏ ਕੋਈ।
ਕਾਰ ਭੇਟ ਨ ਦੇਨੀ ਮਸੰਦ ਤਾਈਂ ਜੇ ਆਉਨ ਤਾਂ ਮੂੰਹ ਨ ਲਾਏ ਕੋਈ।
ਜਦ ਦਰਸ਼ਨਾਂ ਨੂੰ ਆਵੇ ਲੈ ਆਵੋ ਪਹੁੰਚੇ ਜਿਸ ਤਰ੍ਹਾਂ ਆਪ ਪੁਚਾਏ ਕੋਈ।
ਪਰ ਮੀਣੇ ਮਸੰਦ ਕਰਤਾਰ ਸਿੰਘਾ, ਵੇਖ ਮੂਲ ਨ ਸੀਸ ਝੁਕਾਏ ਕੋਈ।

(ਦਸਮੇਸ਼ ਪ੍ਰਕਾਸ਼, ਪੰਨਾ ੨੩੮-੨੭੩)

✡

ਬੇਦਾਹਵੀਏ ਸਿੱਖਾਂ ਦੀ ਬਖ਼ਸ਼ਬੰਦੀ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਫ਼ੌਜ ਵਿਚੋਂ ਕੁਝ ਸਿੰਘ ਪਰਿਸਥਿਤੀ ਵੱਸ ਗੁਰੂ ਸਾਹਿਬ ਨੂੰ ਬੇਦਾਵਾ ਲਿਖ ਕੇ ਦੇ ਗਏ। ਗੁਰੂ ਸਾਹਿਬ ਜੀ ਦਾ ਸਾਥ ਛੱਡ ਕੇ ਘਰ ਆਏ ਸਿੰਘਾਂ ਦੇ ਮਾਪਿਆਂ ਆਦਿ ਨੇ ਇਨ੍ਹਾਂ ਨੂੰ ਝਾੜਾਂ ਪਾਈਆਂ। ਘਰੋ ਪ੍ਰੇਰਿਤ ਹੋ ਕੇ, ਬੇਮੁਖੀ-ਬੇ-ਸਿਦਕੀ ਦਾ ਪਾਸਾ ਛੱਡ ਕੇ ਇਹ ਸਾਰੇ ਸਿੰਘ ਦੁਬਾਰਾ ਲੜਾਈ ਦੇ ਮੈਦਾਨ ਵਿਚ ਆ ਗਏ ਅਤੇ ਗੁਰੂ ਸਾਹਿਬ ਕੋਲੋਂ ਬਖ਼ਸ਼ਬੰਦੀ ਕਰਾਈ। ਇਸ ਵਾਰਤਾ ਨੂੰ ਭਾਈ ਸੰਤੋਖ ਸਿੰਘ ਜੀ ਨੇ ਸੂਰਜ ਪ੍ਰਕਾਸ਼ ਵਿਚ ਇਸ ਤਰ੍ਹਾਂ ਦਰਜ ਕੀਤਾ ਹੈ।

ਚੌਪਈ॥ ਜੇ ਜੇ ਸਿਦਕੀ ਗੁਰ ਸਿਖ ਪਜਾਰੇ। ਭਯੋ ਕਸ਼ਟ ਤਿਨ ਕੇ ਮਨ ਭਾਰੇ।
ਬਹੁਤ ਬੁਰਾ ਕਾਰਜ ਇਹ ਭਯੋ। ਲੋਕ ਪ੍ਰਲੋਕ ਖੋਇ ਸਭਿ ਲਯੋ॥੨॥
ਸ੍ਰੀ ਸਤਿਗੁਰ ਭੀ ਭਏ ਉਦਾਸ। ਜਥਾ ਕਪੁੱਤ੍ਰ ਬਨੇ ਪਿਤ ਪਾਸ।
ਮਹਾਂ ਬਿਰਸ ਦੁਹਦਿਸ਼ਿ ਤੇ ਹੋਵਾ। ਧਰਹਿਂ ਸ਼ੋਕ ਜਿਨ ਜਿਨ ਤਬਿ ਜੋਵਾ॥੩॥
ਸਿੱਖ ਮਝੇਲਨਿ ਮਹਿਂ ਜੋ ਭਲੇ। ਅਤਿ ਚਿੰਤਾਤੁਰ ਸੰਕਟ ਮਿਲੇ।
ਮਨੁਜ ਦੇਸ਼ ਕੋ ਤਜਿ ਨਹਿਂ ਸੱਕਈਂ। ਬੇਮੁਖ ਗੁਰ ਤੇ ਨਿਜ ਧਿਕ ਤੱਕਈਂ॥੪॥

ਗੁਰੂ ਜੀ ਦੀਆਂ ਬਖ਼ਸ਼ਿਸ਼ਾਂ ਮਹਾਂ ਸਿੰਘ ਨੂੰ ਵਰ

ਦੋਹਰਾ॥ ਤੁਰਕ ਸ਼ੀਘ੍ਰਤਾ ਕਰਿ ਮੁਰੇ ਮੁਖ ਕਰਿ ਪੂਰਬ ਓਰ।
ਟਿੱਬੀ ਤੇ ਸਤਿਗੁਰ ਤੁਰਤ ਪਹੁੰਚਤਿ ਭੇ ਰਣ ਠੌਰ॥੧॥
ਚੌਪਈ॥ ਕਰਤਿ ਸ਼ੀਘ੍ਰਤਾ ਸਰ ਪਰ ਆਏ। ਉਤਰੇ ਤਜਿ ਤੁਰੰਗ ਸਹਿਸਾਏ।
ਜੇ ਜੇ ਮਰੇ ਦੇਖਿ ਤਿਨ ਮੁਖ ਕੋ। ਬਖਸ਼ਨ ਲਗੇ ਲੋਕ ਜੁਗ ਸੁਖ ਕੋ॥੨॥
'ਬੀਸ ਹਜ਼ਾਰੀ' 'ਤੀਸ ਹਜ਼ਾਰੀ' 'ਇਸ ਕੀ ਹੁਇ ਲਾਖਨ ਸਰਦਾਰੀ'।
'ਇਤਨੇ ਕਦਮ ਅੱਗ੍ਰ ਚਲਿ ਦੇਹ। ਤਿਤੀ ਅਧਿਕਤਾ ਸੁਖ ਕੀ ਲੇਹਿ'॥੩॥
'ਹੋਇ ਪ੍ਰਿਥੀਪਤਿ ਭੋਗਤਿਹ ਜੂ। ਬਿਲਸਹਿ ਐਸ਼੍ਵਰਜ ਪੁੰਜ ਸਮਾਜੂ'।
'ਜਸ ਜਸ ਕਰਿ ਪੁਰਸ਼ਾਰਥ ਰੇ। ਤਸ ਤਸ ਬਡ ਪ੍ਰਤਾਪ ਕੋ ਧਰੇ॥੪॥

ਪੁਨ ਪ੍ਰਲੋਕ ਸੁਖ ਬਿਲਸਹਿੰ ਜਾਈ। ਮਮ ਹਿਤ ਪ੍ਰਾਨ ਦੀਏ ਇਨ ਆਈ'।
ਕਰਹਿੰ ਪ੍ਰੇਮ ਬੈਠਹਿੰ ਤਿਨ ਅਤੀਰ। ਕਹੈ ਪ੍ਰਸੰਸਾ 'ਇਹ ਮਮ ਬੀਰ ॥੫॥
ਗਹਿ ਕਰ ਮਹਿੰ ਜਾਮੇ ਕੋ ਪਾਲਾ। ਪੌਛਹਿੰ ਮੁਖ ਧਰਿ ਪ੍ਰੀਤ ਬਿਸਾਲਾ॥
ਜਥਾ ਪੁੱਤ੍ਰ ਕੋ ਪਿਤਾ ਨਿਹਾਰਹਿ। ਪੌਛਤਿ ਅੰਗਨ ਗੁਨਨਿ ਬੁਚਾਰਹਿੰ ॥੬॥
ਅੱਸ਼੍ਰਪਾਤ ਲੋਚਨ ਤੇ ਡਾਰਹਿੰ। ਪੁਨ ਦੂਸਰ ਕੇ ਪਾਸ ਪਧਾਰਹਿੰ।
ਬਰ ਕੋ ਦੇ ਤਗੱਰਦ ਕੋ ਝਰਹਿੰ। ਇਤਿ ਉਤ ਬਿਚਰਤਿ ਸਿੰਘ ਨਿਹਾਰਹਿੰ ॥੭॥
ਚੱਤ੍ਰਾਰਿੰਸ ਬਿਖੈ ਇਕ ਜੀਵਤਿ। ਘਾਵਨ ਤੇ ਸਹਿਕਤਿ ਮ੍ਰਿਤੁ ਥੀਵਤ।
ਸ਼ੀਘ੍ਰ ਸਮੀਪ ਜਾਇ ਕਰਿ ਸ੍ਵਾਮੀ। ਬੈਠਿ ਗਏ ਤਹਿੰ ਅੰਤਰਜਾਮੀ ॥੮॥
ਮੰਦ ਮੰਦ ਬਹਿ ਜਿਸ ਕੋ ਸ੍ਵਾਸਾ। ਲਰਯੋ ਬਹੁਤ ਰਿਪੁ ਕਰੇ ਬਿਨਾਸ਼ਾ।
ਪੁੰਜ ਘਾਵ ਤਨ ਮਹਿੰ ਲਗ ਰਹੇ। ਦੇਹਿੰ ਦਰਸ ਗੁਰ-ਚਿਤ ਮਹਿੰ ਚਹੇ ॥੯॥
ਬੈਠਿ ਨਾਥ ਕਰ ਕਮਲ ਸਪਰਸ਼ਾ। ਦੀਨਸਿ ਅੱਪ੍ਰਮੇਯ ਉਰ ਹਰਸ਼ਾ।
'ਮਹਾ ਸਿੰਘ ਅਬਿ ਨੈਨ ਉਘਾਰਹੁ।
ਚਹਤਿ ਦਰਸ ਚਿਤ, ਨਿਕਟ ਨਿਹਾਰਹੁ ॥੧੦॥
ਤੁਝ ਪਰ ਹਮ ਪ੍ਰਸੰਨ ਬਹੁ ਅਹੈਂ। ਸੋ ਅਬਿ ਦੇਹਿੰ ਚਹੇਂ ਜਿਸ ਲਹੈ।
ਘਨ ਸੁਰ ਸਮਸਰ ਗਿਰਾ ਗਹੀਰ। ਸੁਨਿਕਰਿ ਦਰਸ਼ਨ ਹੇਰਿ ਸੁਤੀਰ ॥੧੧॥
ਮੁੰਦ੍ਰਿਤਿ ਲੋਚਨ ਤੁਰਤ ਉਘਾਰੇ। ਅੰਤ ਸਮੈਂ ਪਿਖਿ ਕਰਿ ਨਿਜ ਪਜਾਰੇ॥
ਅਤੁਲਤ ਮੋਦ ਰਿਦੇ ਹੁਇ ਆਯੋ। ਜਨੁ ਬਡ ਰੋਗੀ ਅੰਮ੍ਰਿਤ ਪਾਯੋ ॥੧੨॥
ਪੁਨ ਗੁਰ ਭਨਯੋਂ 'ਮਾਂਗ ਸਿੰਘ ਮੇਰੇ! ਜਿਸ ਪ੍ਰਕਾਰ ਕੀ ਬਾਂਛਾ ਤੇਰੇ।
ਵਸਤੁ ਅਦਯ ਨਹੀਂ ਅਸ ਕੋਈ। ਤੁਵ ਜਾਚੇ ਤੇ ਦੇਂਯ ਨ ਜੋਈ ॥੧੩॥
ਜਗ ਸਭਿ ਰਾਜ ਸਹਿਤ ਸੁਖ ਜੇਤੇ। ਜਾਚਨ ਕਰੇ ਦੇਉਂ ਅਬਿ ਤੇਤੇ।
ਮੁਕਤਿ ਚਤੁਰਧਾ ਅਹੈਂ ਪ੍ਰਲੋਕ। ਜਾਚਿ ਲੇਹੁ ਪਜਾਰੇ! ਬਨ ਸ਼ੋਕ ॥੧੪॥
ਇਸ ਤੇ ਅਪਰ ਵਸਤੁ ਕੁਛ ਨਾਂਹੀ। ਜੋ ਨਹਿੰ ਦੇਇ ਸਕਹੁੰ ਤੁਝ ਪਾਹੀ।
ਸੁਨਿ ਕਰਿ ਮਹਾਂ ਸਿੰਘ ਤਬਿ ਭਾਖਾ। 'ਪ੍ਰਭੁ ਜੀ! ਅਬਿ ਨ ਰਹੀ ਅਭਿਲਾਖਾ ॥੧੫॥
ਅੰਤ ਸਮੈਂ ਪਿਖਿ ਦਰਸ ਤੁਹਾਰਾ। ਉਪਜਯੋ ਰਿਦੇ ਅਨੰਦ ਉਦਾਰਾ।
ਸਕਲ ਬਾਸ਼ਨ ਪੂਰਨ ਕਰੀ। ਰਾਵਰ ਕੀ ਮੂਰਤਿ ਉਰ ਧਰੀ' ॥੧੬॥
ਸ੍ਰੀ ਮੁਖ ਕ੍ਰਿਪਾ ਕਰਤਿ ਪੁਨ ਕਹਯੋ। 'ਤੁਮਰੋ ਕਰਮ ਸੁ ਉੱਤਮ ਲਹਯੋ।
ਕਰਹੁ ਜਾਚਨਾ ਅਬਹਿ ਜ਼ਰੂਰਿ। ਜਿਸ ਬਿਧਿ ਕੀ ਬਾਂਛਾ ਉਰ ਭੂਰ ॥੧੭॥
ਜੀਵਨ ਅਪਨੋ ਜੇ ਅਭਿਲਾਖਹਿੰ। ਕਰਹਿੰ ਜਿਵਾਵਨ ਪ੍ਰਾਨਹਿੰ ਰਾਖਹਿੰ।
ਜਾਨਿ ਲਿਹੋ ਅਸ ਖੁਸ਼ੀ ਹਮਾਰੀ। ਹਿਤ ਦੇਵਨ ਕੇ ਚੌਪ ਉਦਾਰੀ ॥੧੮॥
ਬਚਨ ਨ ਫੇਰਹੁ, ਮਾਨਹੁੰ ਕਹਯੋਂ। ਜਾਚਿ ਲੇਹੁ ਜੈਸੇ ਚਿਤ ਚਹਯੋਂ।
ਦੇ ਕਰਿ ਹਮ ਅਨੰਦ ਕੋ ਮਾਨਹਿੰ। ਯਾਤੇ ਬਾਰਹਿ ਬਾਰ ਬਖਾਨਹਿੰ ॥੧੯॥

ਬਖਸ਼ਿਸ਼ ਬਖਸ਼ਹਿੰ ਤੁਮਹਿੰ ਨ ਜਾਵਦ। ਨਹਿੰ ਆਨੰਦ ਹਮਰੇ ਹੁਇ ਤਾਵਦ'।
ਮਹਾਂ ਸਿੰਘ ਸੁਨਿ ਰਿਦੇ ਬਿਚਾਰੀ। ਪ੍ਰਭੁ ਕੈ ਉਪਜੀ ਖੁਸ਼ੀ ਉਦਾਰੀ॥੨੦॥
ਲਿਖਿ ਕਰਿ ਗਏ ਬਿਦਾਵਾ ਜੋਇ। ਇਸ ਛਿਨ ਨਹੀਂ ਕੋਪ ਮਨ ਸੋਇ।
ਸਗਰੇ ਦੇਸ਼ ਕੁਕਰਮ ਕਮਾਵਾ। ਸਤਿਗੁਰ ਤਜਾਗੇ ਤ੍ਰਾਸ ਉਪਾਵਾ॥੨੧॥
ਜਿਸ ਕੇ ਵਾਕ ਤਨਕ ਹੀ ਕਹੇ। ਨਰਕ ਕਿ ਸੁਰਗ ਤੁਰਤ ਹੀ ਲਹੇ।
ਸੂਕੇ ਭਰੇ ਭਰੇ ਸ਼ੁਸ਼ਕਾਵੈਂ। ਕਬਹੂੰ ਕਹਯੋ ਨਿਫਲ ਨਹਿੰ ਜਾਵੇ॥੨੨॥
ਅਸ ਸਮਰਥ ਤਜਿ ਕਰਿ ਗੋਸਾਈਂ। ਰਣਿ ਲਰਿਬੇ ਤੇ ਉਰ ਭਰਮਾਈ।
ਹੋਇੰ ਭਵਿੱਖਤ ਮਹਿ ਨਰ ਜੇਤੇ। ਇਸ ਕ੍ਰਿਤ ਕੋ ਦੁਖ ਪੈਹੇ ਤੇਤੇ॥੨੩॥
ਬੁਰਾ ਦੇਸ਼ ਸਗਰੇ ਕਾ ਭਯੋ। ਕਰਿ ਮੂਰਖ ਮਤਿ ਜੋ ਲਿਖਿ ਦਯੋ।
ਪਰਉਪਕਾਰ ਮਹਾਤਮ ਮਹਾਂ। ਸੁਨਜੋ ਸੰਤ ਜਨ ਤੇ ਜਹਿੰ ਕਹਾਂ॥੨੪॥
ਇਕ ਪਰ ਕਰੇ ਅਧਿਕ ਕੱਲਜਾਨ। ਬਨਹਿ ਦੇਸ਼ ਪਰ ਫਲਹਿ ਮਹਾਨ।
ਲਾਖਹੁੰ ਸਿੱਖ ਗੁਰੂ ਕੇ ਹੋਇੰ। ਭੋਗਹਿੰ ਰਾਜ ਧਰਾ ਪਰ ਸੋਇ॥੨੫॥
ਸਭਿ ਪਰ ਮੁਰ ਹੋਵੈ ਉਪਕਾਰਾ। ਇਸ ਸੋਂ ਅਧਿਕ ਨ ਅਪਰ ਬਿਚਾਰਾ।
ਸੋ ਕਾਗਦ ਅਬਿ ਪਾਰ ਕਰੈਂ। ਸਭਿ ਸਿੱਖਨਿ ਕੋ ਗੁਰੂ ਸਭਰੈਂ॥੨੬॥
ਇਹ ਜਾਚੌਂ ਮੈਂ ਭਲੋ ਬਿਚਾਰਾ। ਮਹਾਂ ਸਿੰਘ ਗੁਰ ਸੰਗ ਉਚਾਰਾ।
'ਮੱਦ੍ਰ ਦੇਸ਼ ਕੀ ਸੰਗਤਿ ਹੁੱਟੀ ਪ੍ਰਭੁ ਜੀ ਰਾਵਰ ਕੇ ਸੰਗ ਟੁੱਟੀ॥੨੭॥
ਬਰ ਦੈਬੇ ਜੇ ਮੁਝ ਇਛ ਧਾਰੀ ਤੌ ਕਰਿ ਕਰੁਨਾ ਮੇਲਹੁ ਸਾਰੀ।
ਸੋ ਸਿਖ ਹੋਹਿੰ ਗੁਰੂ ਤੁਮ ਰਹੋ। ਸ਼੍ਰੀ ਮੁਖ ਅਬਿ ਇਹੁ ਬਰ ਕਹੋ'॥੨੮॥
ਪ੍ਰਭ ਬੋਲੇ 'ਟੂਟੀ ਸੁ ਨਿਖੁੱਟੀ। ਕਜੋਂ ਮੇਲਹੁ ਤਿਹ ਜੋ ਡਰਿ ਹੁੱਟੀ।
ਅਪਨੇ ਹਿਤ ਜਾਚਹੁ ਕੁਛ ਔਰੀ। ਦਿਉਂਤਤ-ਕਾਲ ਖ਼ੁਸ਼ੀ ਲਖਿ ਮੋਰੀਂ॥੨੯॥
ਮਹਾਂ ਸਿੰਘ ਕਰ ਜੋਰਿ ਉਚਾਰੇ। 'ਪਾਤਿਸ਼ਾਹੁ ਸੁਤ ਸੇਵਕ ਸਾਰੇ।
ਭੂਲਹਿੰ ਬਹੁ ਅਪਰਾਧ ਕਮਾਵੈਂ। ਤਊ ਪਿਤਾ ਮਨ ਕੋਪ ਨ ਲਜਾਵੈਂ॥੩੦॥
ਅਪਨੋ ਜਾਨਿ ਬਖਸ਼ ਤਿਸ ਦੇਤਿ। ਦੇ ਸਿੱਖਯਾ ਪੁਨ ਕਰੈਂ ਸੁਚੇਤ।
ਜੋ ਮੁਝ ਕੌ ਦੇਬੌ ਬਰ ਚਹੋ। ਟੂਟੀ ਮੇਲ ਲੇਹੁੰ ਬਚ ਕਹੋ॥੩੧॥
ਇਸ ਬਿਨ ਇੱਛਾ ਮੋਹਿ ਨ ਔਰ। ਦੇਹੁ ਆਪ ਸੋਢੀ ਸਿਰਮੌਰ!'।
ਸਾਹਿਬ ਸੁਨੇ ਅਜਾਇਬ ਬੈਨ। ਭਰੇ ਅਨੰਦ ਪ੍ਰਫੁਲਿਤ ਨੈਨ॥੩੨॥
'ਵਾਹੁ ਖਾਲਸਾ ਸਿਖ ਮਮ ਧੰਨ। ਪਰਉਪਕਾਰਿ ਮਹਾਂ ਮਨ ਮੰਨ।
ਤੇਰੇ ਕਹੇ ਮੇਲ ਹਮ ਲਏ। ਰਾਜ ਭਾਗ ਤਿਸ ਦੇਸ਼ਹਿੰ ਦਏਂ॥੩੩॥
'ਪ੍ਰਭੁ ਜੀ ਕਾਗਦ ਲਹੁ ਨਿਕਾਰਾ। ਹਮਰਾ ਲਿਖਜੋ ਜੇਬ ਜੋ ਡਾਰਾ।
ਮਮ ਦਿਖਾਇ ਸੋ ਦੀਜੈ ਫਾਰਿ। ਸਫਲ ਹੋਇ ਮੇਰੋ ਉਪਕਾਰ'॥੩੪॥

ਸੁਨਿ ਸਤਿਗੁਰ ਤਤਕਾਲ ਨਿਕਾਸਾ। ਮਹਾਂ ਸਿੰਘ ਸੋਂ ਵਾਕ ਪ੍ਰਕਾਸ਼ਾ।
'ਲਿਹੁ ਬਿਲਕਿ ਪਾੜਹਿਂ ਦਿਖਰਾਇ'। ਇਮ ਕਹਿ ਚੀਰਯੋ ਬੀਚ ਬਨਾਇ ॥੩੫॥
ਹਰਤਿ ਹਰਖਮਾਨ ਉਰ ਹੋਵਾ। 'ਕਾਗਦ ਫਟਯੋ ਦਰਸ ਗੁਰ ਜੋਵਾ॥
ਆਇਸੁ ਦੇਹੁ ਪ੍ਰਲੋਕ ਸਿਧਾਵੌਂ। ਦਰਸ਼ਨ ਕਰਤਿ ਅਧਿਕ ਫਲ ਪਾਵੌਂ' ॥੩੬॥
'ਜਾਹੁ ਮਹਾਂ ਸਿੰਘ! ਜਿਹਂ ਮਮ ਲੋਕ। ਬਸਹੁ ਸਦਾ ਕਬਿ ਨਹਿਂ ਤਹਿਂ ਸ਼ੋਕ।
ਦੇ ਕਰਿ ਪ੍ਰਾਨ ਕੀਨ ਉਪਕਾਰ। ਤਿਸ ਕੋ ਫਲ ਤੁਹਿ ਭਯੋ ਅਪਾਰ' ॥੩੭॥
ਸਤਿਗੁਰ ਬਚਨ ਹੋਤਿ ਭਾ ਜਬੈ। ਮਹਾਂ ਸਿੰਘ ਤਨ ਤਜਾਗਯੋ ਤਬੈ।
ਪ੍ਰਭੁ ਪਿਖਿ ਇਤ ਉਤ ਝਾੜ ਉਜਾੜ। ਬੋਲੇ ਸ੍ਰੀ ਮੁਖ 'ਸੁਨਹੁਂ ਬਿਰਾੜ !॥੩੮॥
ਚਾਲੀ ਸਿੰਘਨਿ ਲੋਥ ਉਠਾਵੋ। ਈਂਧਨ ਗਨ ਬਟੋਰ ਕਰਿ ਲਯਾਵੋ।
ਇਕ ਬਲ ਦੀਰਘ ਚਿਤਾ ਬਨਾਵਹੁ। ਸਸਕਾਰਹੁ ਸਭਿ ਬਿਲਮ ਨ ਲਾਵਹੁ' ॥੩੯॥
ਜੋ ਸੰਗੀ, ਸੁਨਿ ਕੈ ਤਤਕਾਲਾ। ਸੂਕੇ ਕਾਸ਼ਟ ਸੰਚਿ ਬਿਸਾਲਾ।
ਬੀਨ ਬੀਨ ਸਿੰਘਨ ਕਹੁ ਆਨਾ। ਪਰਯੋ ਸਮੂਹ ਮਰਯੋ ਤੁਰਕਾਨਾ ॥੪੦॥
ਲਰੇ ਮਰੇ ਮਿਲਿ ਤਿਨ ਮਹੁਂ ਪਰੇ। ਜਹਿਂ ਸੰਗ੍ਰਾਮ ਖੇਤ ਬਡ ਕਰੇ।
ਬਹੁ ਸਿਘਨ ਤਤਕਾਲ ਉਠਾਏ। ਬਡੀ ਚਿਤਾ ਕੇ ਬੀਚ ਟਿਕਾਏ ॥੪੧॥
ਊਪਰ ਸਮੱਧਾ ਧਰਿ ਸਮੁਦਾਈ। ਕਰਿ ਅਗਨੀ ਪਰਜ੍ਵਲਤਿ ਲਗਾਈ।
ਆਪ ਖਰੇ ਸਤਿਗੁਰ ਤਹਿਂ ਭਏ। ਭਸਮ ਦੇਹ ਸਗਰੇ ਕਰਿ ਦਏ ॥੪੨॥
(ਸ੍ਰੀ ਗੁਰ ਪ੍ਰਤਾਪ ਸੂਰਜ, ਐਨ ੧, ਅੰਸੂ ੧੩)

ਇਸੇ ਹੀ ਇਤਿਹਾਸ ਨੂੰ ਆਪਣੇ ਸਮੇਂ ਦੇ ਪ੍ਰਸਿੱਧ ਕਾਂਗਰਸੀ ਨੇਤਾ ਅਤੇ ਨਾਮਧਾਰੀ ਪੰਥ ਭੂਸ਼ਨ ਸੰਤ ਨਿਧਾਨ ਸਿੰਘ ਜੀ ਆਲਿਮ, ਜਿਨ੍ਹਾਂ ਦਾ ਜ਼ਿਕਰ ਇਸੇ ਹੀ ਪੁਸਤਕ ਵਿਚ ਪੰਨਾ 'ਤੇ ਹੈ। ਆਪ ਗਦ ਅਤੇ ਪਦ ਵਿਚ ਇਸ ਤਰ੍ਹਾਂ ਲਿਖਦੇ ਹਨ।

ਭਾਈ ਮਹਾਂ ਸਿੰਘ ਜੀ

ਭਾਈ ਮਹਾਂ ਸਿੰਘ ਜੀ ਉਨ੍ਹਾਂ ਸਿੱਖਾਂ ਵਿਚੋਂ ਸਨ, ਜੋ ਜੰਗਾਂ ਦੇ ਭਿਆਨਕ ਹਾਲਾਤ ਤੋਂ ਘਬਰਾ ਕੇ ਅਨੰਦਪੁਰ ਸਾਹਿਬ ਵਿਚੋਂ ਸ੍ਰੀ ਕਲਗੀਧਰ ਜੀ ਨੂੰ ਲਿਖ ਕੇ ਦੇ ਗਏ ਸਨ ਕਿ "ਅਸੀਂ ਤੇਰੇ ਸਿੱਖ ਨਹੀਂ ਤੇ ਤੂੰ ਸਾਡਾ ਗੁਰੂ ਨਹੀਂ।" ਸਿੱਖ ਇਤਿਹਾਸ ਵਿਚ ਏਸ ਕਾਗ਼ਜ਼ ਦਾ ਨਾਉਂ 'ਬੇਦਾਵਾ' ਪ੍ਰਸਿੱਧ ਹੈ। ਪ੍ਰਵਾਰਾਂ, ਸਬੰਧੀਆਂ ਅਤੇ ਸੂਝਵਾਨਾਂ ਦੀ ਪ੍ਰੇਰਨਾਂ ਨਾਲ ਇਹਨਾਂ ਨੇ ਆਪਣੀ ਬੇਮੁਖਤਾ ਨੂੰ ਬੁਰੀ ਤਰ੍ਹਾਂ ਮਹਿਸੂਸ ਕੀਤਾ। ਪ੍ਰਾਸਚਿਤ ਕਰਨ ਦੇ ਮੰਤਵ ਨਾਲ ਉਸ ਮੈਦਾਨ ਵਿਚ ਪੁੱਜੇ ਜਿਥੇ ਸ੍ਰੀ ਕਲਗੀਧਰ ਸ਼ਾਹੀ ਸੈਨਾ ਨਾਲ ਲੜ ਰਹੇ ਸਨ। ਇਹ

ਓਹੀ ਇਲਾਕਾ ਹੈ ਜਿਥੇ ਉਸ ਸਮੇਂ ਖਿਦਰਾਣੇ ਦੀ ਕੱਢੀ ਢਾਬ ਅਤੇ ਅੱਜ ਕੱਲ ਉਸ ਥਾਉਂ ਮੁਕਤਸਰ ਨਾਮ ਦਾ ਪਾਵਨ ਸਰੋਵਰ ਹੈ। ਬੇਦਾਵੀਏ ਸਿੱਖ ਗੁਰੂ ਜੀ ਅਤੇ ਸ਼ਾਹੀ ਸੈਨਾਂ ਦੇ ਵਿਚਕਾਹੇ ਮੋਰਚੇ ਬੀੜ ਕੇ ਸ਼ਾਹੀ ਸੈਨਾ ਨਾਲ ਰਣ ਮੰਡ ਰਹੇ ਹਨ। ਸ੍ਰੀ ਕਲਗੀਧਰ ਜੀ ਇਕ ਉੱਚੇ ਟਿੱਬੇ 'ਤੇ ਆਪਣੇ ਕੈਂਪ ਵਿਚੋਂ ਦੂਰਬੀਨ ਨਾਲ ਆਪਣੇ ਸਿੱਖਾਂ ਦੀ ਇਸ ਬਹਾਦਰੀ ਨੂੰ ਤੱਕ ਤੱਕ ਪ੍ਰਸੰਨ ਹੋ ਰਹੇ ਹਨ। ਕਈ ਸਿੱਖ ਸ਼ਹੀਦ ਹੋ ਚੁੱਕੇ ਹਨ। ਸ਼ਾਹੀ ਸੈਨਾਂ ਫ਼ਰਾਰ ਹੋ ਚੁਕੀ ਹੈ। ਫੱਟੜ ਸਿੱਖਾਂ ਅਤੇ ਸ਼ਹੀਦ ਸਿੰਘਾਂ ਦੇ ਨਾਲ ਇਕ ਥਾਂ ਭਾਈ ਮਹਾਂ ਸਿੰਘ ਜੀ ਬਿਰਾਜਮਾਨ ਹਨ। ਆਪ ਦਾ ਸਰੀਰ ਭੀਸ਼ਮ ਪਿਤਾਮਾ ਵਾਂਗ ਤੀਰਾਂ ਦੀਆਂ ਚੋਭਾਂ ਨਾਲ ਵਿੱਝਾ ਪਿਆ ਹੈ। ਲਹੂ ਵਗਣ ਦੇ ਕਾਰਨ ਬਉਤ ਨਿਰਬਲ ਹੋਏ ਹੋਏ ਨਿਢਾਲ ਪਏ ਹਨ। ਮਨ ਵਿਚ ਕੇਵਲ ਇਕ ਵਾਸ਼ਨਾ ਹੈ ਕਿ ਜੇ ਪ੍ਰਾਣ ਤਿਆਗਣ ਤੋਂ ਪਹਿਲਾਂ-ਪਹਿਲਾਂ ਬਾਜਾਂ ਵਾਲੇ ਪ੍ਰੀਤਮ ਦਾ ਦੀਦਾਰ ਹੋ ਜਾਵੇ ਤਾ 'ਬੇਦਾਵੇ' ਦਾ ਮਨਹੂਸ ਕਾਗ਼ਜ਼ ਆਪਣੇ ਸਾਹਮਣੇ ਪੜਵਾ ਕੇ ਆਪਣੇ ਸਮੇਤ ਆਪਣੇ ਸਾਥੀਆਂ ਨੂੰ ਬਖ਼ਸ਼ਾ ਲਵਾਂ। ਅੱਖਾਂ ਨੂਟ ਕੇ ਚਰਨ ਕਮਲਾਂ ਦਾ ਧਿਆਨ ਧਰਦਾ ਹੈ। ਓਧਰ ਮੌਤ ਭਾਈ ਸਾਹਿਬ ਦਾ ਦਰਸ਼ਨ ਕਰਦੀ ਹੋਈ ਇਉਂ ਬੇਨਤੀ ਕਰਦੀ ਹੈ :

ਚੱਲ ਮੌਤ ਨੇ ਆਖਿਆ ਮਹਾਂ ਸਿੰਘਾ,
ਤੇਰੇ ਵਾਸਤੇ ਘੋੜੀ ਤਿਆਰ ਹੈ ਵੇ।
ਰੱਤ ਤੇਰੇ ਸਰੀਰ ਦੀ ਗਈ ਨੁੱਚੜ,
ਚੇਹਰੇ ਉੱਤੇ ਨ ਰਹੀ ਬਹਾਰ ਹੈ ਵੇ।
ਨਾ ਤੂੰ ਹਿੱਲ ਸਕੇਂ ਨਾ ਤੂੰ ਚਲ ਸਕੇਂ,
ਬੇੜੀ ਉਮਰ ਦੀ ਹੋ ਗਈ ਪਾਰ ਹੈ ਵੇ।
ਕੇਹੜੇ ਖ਼ਿਆਲ ਦੇ ਵਿਚ ਹੈਂ ਲੀਨ ਹੋਇਆ,
ਮੈਨੂੰ ਦੱਸ ਕਿਸਦਾ ਇੰਤਜ਼ਾਰ ਹੈ ਵੇ।
ਮਹਾਂ ਸਿੰਘ ਨੇ ਅਗੋਂ ਜਵਾਬ ਦਿੱਤਾ,
'ਆਲਿਮ' ਗਲ ਦੱਸਾਂ ਠੀਕ ਠੀਕ ਤੈਨੂੰ।
ਕਲਗੀ ਵਾਲੇ ਦੇ ਚਰਨਾਂ ਦਾ ਭੌਰ ਹਾਂ ਮੈਂ,
ਉਸ ਦੇ ਦਰਸ਼ਨ ਦੀ ਲਗੀ ਉਡੀਕ ਮੈਨੂੰ।

ਕਲਗੀ ਵਾਲੇ ਪਾਤਸ਼ਾਹ ਕੁਝ ਸਿੰਘਾਂ ਸਮੇਤ ਸਰਪੱਟ ਘੋੜੇ ਦੌੜਾਂਦੇ ਰਣ ਭੂਮੀ ਅੰਦਰ ਪੁੱਜਦੇ ਹਨ। ਘੋੜਿਆਂ ਤੋਂ ਉਤਰ ਕੇ ਸ਼ਹੀਦ ਸਿੰਘਾਂ ਦੇ ਜ਼ਖ਼ਮਾਂ ਨੂੰ ਆਪਣੇ ਰੁਮਾਲੇ ਅਤੇ ਦਸਤਾਰ ਦੇ ਪੋਚਾਂ ਨਾਲ ਸਾਫ਼ ਕਰ ਰਹੇ ਹਨ। ਹਜ਼ੂਰ

ਦੇ ਨੇਤ੍ਰ ਸਜਲ ਹਨ। ਜਿੰਨੇ ਕਦਮ ਕੋਈ ਅੱਗੇ ਹੋ ਕੇ ਡਿੱਗਾ ਹੈ ਓਨੇ ਹਜ਼ਾਰੀ ਦਾ ਪਦ ਪ੍ਰਦਾਨ ਕਰ ਰਹੇ ਹਨ। ਇਹ ਮੇਰਾ ਪੰਜ ਹਜ਼ਾਰੀ, ਇਹ ਦਸ ਹਜ਼ਾਰੀ ਇਹ ਪੱਚੀ ਹਜ਼ਾਰੀ ਕਹਿ ਕਹਿ ਅੱਗੇ ਵਧ ਰਹੇ ਹਨ। ਛੇਕੜ ਮਹਾਂ ਸਿੰਘ ਜੀ ਪਾਸ ਪੁੱਜ ਕੇ ਰੁਕ ਜਾਂਦੇ ਹਨ। ਪਰਮ ਪਾਵਨ ਹਸਤ ਕਮਲ ਦੀਆਂ ਪਵਿਤ੍ਰ ਉਂਗਲਾਂ ਮਹਾਂ ਸਿੰਘ ਦੀ ਨਬਜ਼ ਉੱਤੇ ਹਨ। ਨਬਜ਼ ਬੜੀ ਧੀਮੀ ਚਲਦੀ ਹੈ। ਨਿਰਬਲਤਾ ਦਾ ਕੋਈ ਅੰਤ ਨਹੀਂ, ਸਰ੍ਹਾਣੇ ਵਲ ਬੈਠ ਸਿੰਘ ਦਾ ਸੀਸ ਆਪਣੀ ਗੋਦੀ ਵਿਚ ਲੈ ਕੇ ਵਾਤਸੱਲ ਖਿੱਚ ਨਾਲ ਮਹਾਂ ਸਿੰਘ ਜੀ ਨੂੰ ਇਉਂ ਸੰਬੋਧਨ ਕਰਦੇ ਹਨ:

ਨਜ਼ਮ

'ਮਹਾਂ ਸਿੰਘ ਖੋਲ ਆਂਖੇਂ ਦੇਖ, ਜ਼ਰਾ ਤੋਂ ਲਬ ਕੁਸ਼ਾਈ ਕਰ।
ਮੈਂ ਆਇਆ ਹੂੰ ਤਿਰੇ ਖ਼ਾਤਿਰ, ਮਿਰੇ ਬੇਟਾ ਰਸਾਈ ਕਰ।
ਤੂ ਹੈ ਲਖਤੇ ਜਿਗਰ ਮੇਰਾ, ਮੈਂ ਸੌ ਜਾਂ ਸੇ ਫ਼ਿਦਾ ਤੁਮ ਪਰ।
ਤਲਬ ਹੈ ਜੋ ਤਿਰੇ ਦਿਲ ਮੇਂ, ਤੂ ਕਹਿ ਕਰ ਆਸ਼ਨਾਈ ਕਰ।
ਖੁਲੀ ਆਂਖੇਂ ਇਸ਼ਾਰੇ ਸੇ, ਝੁਕਾ ਕਰ ਸੀਸ ਕੋ ਬੋਲਾ।
ਤਮੱਨਾ ਹੈ ਯਹੀ ਦਿਲ ਮੇਂ, ਬੇਦਾਵੇ ਕੀ ਸਫ਼ਾਈ ਕਰ।'

ਪਾਤਸ਼ਾਹ! ਆਪ "ਟੂਟੀ ਗਾਂਢਨ ਹਾਰ ਗੋਪਾਲ" ਹੋ। ਗੰਢ ਲੈ ਟੁੱਟੀ ਨੂੰ। ਅਸੀਂ ਤੋੜਨ ਹਾਰ, ਤੇ ਆਪ ਗੰਢਨ ਹਾਰ। ਦਿਆਲੂ ਪ੍ਰੀਤਮ!

"ਤੇਰੀ ਰਹਿਮਤੋਂ ਕੀ ਨਹੀਂ ਹੈ ਹੱਦ, ਜੋ ਤੂ ਹੈ ਸੋ ਹੈ ਜੋ ਮੈਂ ਹੂੰ ਸੋ ਹੂੰ।
ਮੁਝੇ ਅਪਨੇ ਦਰ ਸੇ ਤੂ ਕਰ ਨ ਰੱਦ, ਜੋ ਤੂ ਹੈ ਸੋ ਹੈ ਜੋ ਮੈਂ ਹੂੰ ਸੋ ਹੂੰ।
ਜੋ ਸਰਾਪਾ ਜੁਰਮੋ ਸਿਤਮ[1] ਹੂੰ ਮੈਂ, ਤੋ ਸਰਾਪਾ ਲੁਤਫ਼ੋ ਕਰਮ[2] ਹੈ ਤੂ।
ਯਹ ਹੈ ਤੇਰੀ ਹਦ ਯੇ ਹੈ ਮੇਰੀ ਹਦ, ਜੋ ਤੂ ਹੈ।..........
ਜੋ ਸਦੱਫ਼[3] ਹੈ ਤੂ ਤੋ ਗੌਹਰ[4] ਹੂੰ ਮੈਂ, ਜੋ ਤੂ ਸ਼ਾਖ਼ ਹੈ ਤੋ ਸਮਰ[5] ਹੂੰ ਮੈਂ।
ਤੇਰੀ ਮਦ ਸੇ ਨਿਕਲੀ ਮੇਰੀ ਮਦ, ਜੋ ਤੂ ਹੈ ਸੋ ਹੈ ਜੋ ਮੈਂ ਹੂੰ ਸੋ ਹੂੰ।

ਰੁਕੇ ਹੋਏ ਕੰਠ ਦੁਆਰਾ ਗਦ ਗਦ ਬਾਣੀ ਦੇ ਅਸਰ ਹੇਠ ਆਏ ਹੋਏ ਪ੍ਰੀਤਮ ਨੇ ਚੋਲੇ ਵਿਚੋਂ ਕਾਗਤ ਕੱਢ ਕੇ ਸਿੱਖ ਸਾਹਮਣੇ ਕੀਤਾ। ਕੀ ਕਹਿ ਰਹੇ ਹਨ? ਹੇਠਲੇ ਅੱਖਰਾਂ ਵਿਚ ਵਾਚਣ ਦੀ ਖੇਚਲ ਕਰੋ:

ਨਜ਼ਮ

ਜੇਬ ਸੇ ਕਾਗ਼ਜ਼ ਨਿਕਾਲਾ, ਕਰਕੇ ਉਸਕੇ ਸਾਮਨੇ,
ਯੂੰ ਕਹਾ ਬੇਟਾ ਸ਼ਿਨਾਖ਼ਤ ਅਪਨੀ ਤੂੰ ਤਹਿਰੀਰ ਕਰ।

ਸਰ ਝੁਕਾਇਆ ਤਬ, ਇਸ਼ਾਰੇ ਸੇ ਕਹਾ ਉਸ ਬੀਰ ਨੇ,
ਹਾਂ ਮਿਰੇ ਮਾਲਿਕ ਯਹੀ ਹੈ, ਮਾਫ਼ ਅਬ ਤਕਸੀਰ ਕਰ।
ਤਬ ਵੁਹ ਕਾਗ਼ਜ਼ ਟੁਕੜੇ ਟੁਕੜੇ, ਕਰ ਦੀਆ ਸਰਕਾਰ ਨੇ,
ਫੈਂਕ ਕਰ ਬੋਲੇ ਮਹਾਂ ਸਿੰਘ, ਦਿਲ ਕੋ ਮਤ ਦਿਲਗੀਰ ਕਰ।
ਅਰਜ਼ ਕੀ ਮਸ਼ਕੂਰ ਹੂੰ, ਮਮਨੂਨ ਹੂੰ, ਮਸਰੂਰ ਹੂੰ,
ਆਲਮ ਸੇ ਅਬ ਰੁਖਸਤ ਤੂ ਮੇਰੇ ਪੀਰ ਦਾਮਨਗੀਰ ਕਰ।

ਬਾਜਾਂ ਵਾਲੇ ਪ੍ਰੀਤਮ ਨੇ ਕਿਹਾ ਮਹਾਂ ਸਿੰਘਾ ! ਜੇ ਚਾਹੇਂ ਤਾਂ ਉਮਰ ਦੀ ਟੁੱਟੀ ਹੋਈ ਡੋਰ ਵੀ ਗੰਢ ਦਿਆਂ। ਜੋ ਚਾਹੇਂ ਮੰਗ ਸਕਦਾ ਹੈਂ। ਲੋਕ ਅਰ ਪ੍ਰਲੋਕ ਵਿਚ ਕੋਈ ਵੀ ਐਸਾ ਪਦਾਰਥ ਨਹੀਂ ਜੋ ਤੇਰੇ ਜੈਸੇ ਸਿਦਕੀ ਸਿੱਖਾਂ ਨੂੰ ਨਹੀਂ ਦਿੱਤਾ ਜਾ ਸਕਦਾ। ਸਿੱਖ ਇਸ ਤਰ੍ਹਾਂ ਦੇ ਭਾਵ ਪ੍ਰਗਟ ਕਰਦਾ ਹੈ, ਦੀਨ ਦਿਆਲ !

"ਹਫ਼ਤ ਕਿਸ਼ਵਰ ਕੀ ਹਕੂਮਤ ਉਸਕੇ ਆਗੇ ਹੇਚ ਹੈ।
ਜੋ ਹੈ ਤਾਲਿਬ ਐ ਸ਼ਹੇ ਖ਼ੂਬਾਂ ਤਿਰੇ ਦਿਦਾਰ ਕਾ।
ਗੁਲ ਕਹਾਂ ਗੁਲਸ਼ਨ ਕਹਾਂ, ਗੁਲਬਨ ਕਹਾਂ ਬੁਲਬੁਲ ਕਹਾਂ।
ਆਸ਼ਕੋਂ ਕੋ ਹੈ ਗ਼ਨੀਮਤ ਦੇਖਨਾ ਦਿਲਦਾਰ ਕਾ। *(ਪ੍ਰਾਪਤ)*

"ਗਦਾਏ ਕੁਏ ਤੁਰਾ ਮੈਲੇ ਬਾਦਸ਼ਾਹੀ ਨੇਸਤ।" *(ਦੀਵਾਨਿ ਗੋਇਆ)*

ਅਰਥਾਤ—

"ਤਾਜ ਤਖ਼ਤ ਦੀ ਲੋੜ ਨਹੀਂ,
ਤੇਰੇ ਕੂਚੇ ਦੇ ਭਿਖਯਾਰੀ ਨੂੰ।
ਰਾਜ ਸਾਜ ਵੱਲ ਮੂਲ ਨ ਤੱਕੇ,
ਕੀ ਕਰਸੀ ਦੁਨਆ ਦਾਰੀ ਨੂੰ। *(ਪ੍ਰੇਮ ਫੁਲਵਾੜੀ)*

ਸੱਚੇ ਪਾਤਸ਼ਾਹ! ਮੇਰੇ ਨਾਲ ਦੇ ਸ਼ਹੀਦ ਸਿੱਖਾਂ ਦੀਆਂ ਰੂਹਾਂ ਦਰਗਾਹ ਵਿਚ ਸ੍ਰੀ ਗੁਰੂ ਅਰਜਨ ਦੇਵ ਅਤੇ ਗੁਰੂ ਤੇਗ ਬਹਾਦੁਰ ਦੇ ਸ਼ਹੀਦੀ ਭਵਨ ਦੇ ਬਾਰ ਮੂਹਰੇ ਅਜੇ ਤਕ ਭਟਕਦੀਆਂ ਨਜ਼ਰ ਆ ਰਹੀਆਂ ਹਨ। ਭਾਵੇਂ ਆਪ ਨੇ ਮਨਹੂਸ ਬੇਦਾਵਾ ਪੁਰਜਾ ਪੁਰਜਾ ਕਰ ਕੇ ਸੁਟ ਦਿੱਤਾ ਹੈ, ਪਰ ਜਦ ਤਕ ਪਵਿਤ੍ਰ ਰਸਨਾਂ ਨਾਲ ਤਸਦੀਕ ਦੀ ਆਗਿਆ ਨਹੀਂ ਕਰਦੇ ਤਦ ਤਕ ਉਨ੍ਹਾਂ ਨੂੰ ਅੰਦਰ ਪ੍ਰਵੇਸ਼ ਕਰਨ ਦੀ ਆਗਿਆ ਨਹੀਂ ਮਿਲ ਸਕਦੀ। ਹੁਕਮ ਹੋਇਆ ਮਹਾਂ ਸਿੰਘ! ਮੈਂ ਤੁਸਾਂ ਸਾਰਿਆਂ ਤੋਂ ਵਾਰਨੇ ਜਾਂਦਾ ਹਾਂ। ਜਾਓ ਟੁੱਟੀ ਗੰਢੀ ਤੇ ਬਖ਼ਸ਼ਿਆ ਸਾਰਿਆਂ ਨੂੰ। ਮਹਾਂ ਸਿੰਘ ਜੀ ਸਤਕਾਰ ਸਹਿਤ ਸੀਸ ਝੁਕਾ ਕੇ ਸਦਾ ਦੀ ਨੀਂਦੇ ਸੌਂ ਜਾਂਦੇ ਹਨ।

ਸਾਥੀਆਂ ਨਾਲ ਪ੍ਰਸ਼ਨ ਉੱਤਰ

ਪੁੱਛਿਆ ਸਾਥੀਆਂ ਨੇ ਪ੍ਰੀਤਮ ਦੱਸ ਤਾਂ ਸਹੀ,
ਜਦੋਂ ਕਿਲਾ ਅਨੰਦਪੁਰ ਛੌੜਿਆ ਸੀ।
ਸਰਸਾ ਨਦੀ ਦੇ ਕੰਢੇ ਘਮਸਾਨ ਹੋਇਆ,
ਮਾਲ ਲੱਖਾਂ ਦਾ ਨਦੀ ਵਿਚ ਰੋੜ੍ਹਿਆ ਸੀ।
ਮਣਾਂ ਮੂੰਹੀਂ ਕਾਗਤ ਤੇ ਸਾਮਾਨ ਸਾਰਾ,
ਤੁਸਾਂ ਵਿਚ ਦਰਯਾ ਦੇ ਬੋੜਿਆ ਸੀ।
ਮਾਈਆਂ ਰਹੀਆਂ ਪਿੱਛੇ ਨੇ ਪ੍ਰਵਾਹ ਕੀਤੀ,
ਮਾਨੋ ਪ੍ਰੇਮ ਸੰਦਾ ਰਿਸ਼ਤਾ ਤੋੜਿਆ ਸੀ।
ਮਾਤਾ ਗੁਜਰੀ ਦੇ ਦੋਵੇਂ ਲਾਲ ਛੋਟੇ,
ਵਿਛੜ ਗਏ ਨਾ ਤੁਸਾਂ ਸੰਭਾਲ ਕੀਤੀ।
ਐਪਰ ਕਾਗਤ ਬੇਦਾਵੇ ਦਾ ਸਾਂਭ ਕੇ ਤੇ,
"ਆਲਿਮ" ਗੱਲ ਤੁਸਾਂ ਬੇ-ਮਿਸਾਲ ਕੀਤੀ।
ਗੁਰਾਂ ਕਿਹਾ ਏਨ੍ਹਾਂ ਸਿੱਖਾਂ ਸਾਰਿਆਂ ਨੂੰ,
ਅੰਮ੍ਰਿਤ ਆਪ ਸੀ ਹੱਥੀਂ ਛਕਾਇਆ ਹੋਇਆ।
ਜਦੋਂ ਕਾਗਤ ਬੇਦਾਵੇ ਦਾ ਲਿਖਣ ਲਗੇ,
ਦਿਲ ਏਨ੍ਹਾਂ ਦਾ ਸੀਗਾ ਘਬਰਾਇਆ ਹੋਇਆ।
ਆਪਣੀ ਚੋਣ ਉਤੇ ਹੈ ਸੀ ਮਾਨ ਮੈਨੂੰ,
ਭਾਵੇਂ ਸਮਾਂ ਅਜੀਬ ਸੀ ਆਇਆ ਹੋਇਆ।
ਮੈਨੂੰ ਨਿਸਚਾ ਸੀ ਮੁੜਨਗੇ ਪਿਛੂਾਂ ਝਬਦੇ,
ਤਾਹੀਏਂ ਕਾਗਤ ਸੀ ਜੇਬ ਵਿਚ ਪਾਇਆ ਹੋਇਆ।
ਜੇ ਮੈਂ ਸਾਂਭ ਕੇ ਨ ਰਖਦਾ ਏਸ ਤਾਈਂ,
"ਆਲਿਮ" ਗੱਲ ਅਜ ਅੱਲ ਵਲੱਲੀ ਹੁੰਦੀ।
ਕਾਗਤ ਸਹੁੰਏਂ ਵਖਾ ਨਾ ਪਾੜਦਾ ਜੇ,
ਮਹਾਂ ਸਿੰਘ ਦੀ ਕਿਵੇਂ ਤਸੱਲੀ ਹੁੰਦੀ?

(ਆਲਮ ਦੀ ਲਿਖਤ ਰੁਹਾਨੀ ਟੈਲੀਫ਼ੂਨ ਵਿਚੋਂ ਧੰਨਵਾਦ ਸਹਿਤ ਪ੍ਰਾਪਤ, ਪੰਨਾ ੩੪-੩੯)

ਪਿਛੇ ਆਈ ਬੇਦਾਵੇ ਵਾਲੇ ਸਿੱਖਾਂ ਦੀ ਬਖ਼ਸ਼ਬੰਦੀ ਦੀ ਵਾਰਤਾ ਨੂੰ ਬੜੀ ਆਸਾਨ ਅਤੇ ਰੌਚਕ ਕਾਵਿ ਭਾਸ਼ਾ ਵਿਚ ਗਿਆਨੀ ਕਰਤਾਰ ਸਿੰਘ ਜੀ ਕਲਾਸਵਾਲੀਏ ਲਿਖਦੇ ਹਨ।

ਬੇਦਾਹਵੇ ਵਾਲੇ ਸਿੰਘਾਂ ਦਾ ਪ੍ਰਸੰਗ

ਜਿਹੜੇ ਲਿਖਕੇ ਦੇ ਬੇ ਦਾਹਵਾ ਗਏ ਸੀ, ਓਹ ਸਿੰਘ ਮਝੈਲ ਨਾਦਾਨ ਭਾਈ
ਔਖੇ ਵੇਲੇ ਅੰਦ੍ਰ ਪਿਛਾ ਦੇ ਗਏ, ਜਦ ਪਿਆ ਵਡਾ ਘਮਸਾਨ ਭਾਈ
ਆਪੋ ਆਪਣੇ ਪਿੰਡਾਂ ਨੂੰ ਚਲੇ ਗਏ ਸੀ, ਧਰਮ ਛਡ ਬਚਾ ਕੇ ਜਾਨ ਭਾਈ
ਪਿਛੇ ਲਿਖ ਆਏ ਕਰਤਾਰ ਸਿੰਘਾ, ਬਾਕੀ ਉਨ੍ਹਾਂ ਦਾ ਸੁਣੋ ਬਿਆਨ ਭਾਈ।

ਬੇਦਾਹਵਿਆਂ ਸਿੰਘਾਂ ਨੇ ਜਦ ਘਰੀਂ ਜਾਣਾ ਤਾਂ ਓਹਨਾਂ ਦੀਆਂ ਮਾਵਾਂ ਨੇ ਧਿਰਕਾਰਾਂ ਦੇਣੀਆਂ

ਪਿੰਡੀਂ ਜਾ ਜਦ ਕੀਤੀਆਂ ਗੱਲਾਂ ਓਨਾਂ ਮਾਵਾਂ,ਕੈਂਹਦੀਆਂ ਪਾਪ ਕਮਾਯਾ ਕਾਹਨੂੰ
ਹੱਤਯਾਰਿਓ ਖੌਫ ਨ ਆਯਾ ਤੁਹਾਨੂੰ, ਔਖੇ ਵੇਲੇ ਸਤਿਗੁਰੂ ਤਜਾਯਾ ਕਾਹਨੂੰ
ਤੁਸੀਂ ਸਾਡੀਓਂ ਕੁਖੋਂ ਕਲੰਕ ਜੰਮੇ, ਮਾਝਾ ਦੇਸ ਬਦਨਾਮ ਕਰਾਯਾ ਕਾਹਨੂੰ
ਘੁਟ ਦੇਂਦੀਆਂ ਜਮਦਿਆਂ ਗਲ ਤੁਹਾਡੇ, ਤੁਹਨੂੰ ਕੈਰਾਂ ਨੂੰ ਦੁਧ ਪਿਲਾਯਾ ਕਾਹਨੂੰ
ਦੁਧ ਪੀ ਮਝੈਲਨਾਂ ਜੱਟੀਆਂ ਦਾ, ਬਣ ਬਾਣੀਏਂ ਹੌਂਸਲਾ ਢਾਹਯਾ ਕਾਹਨੂੰ
ਧਰਮ ਚੀਜ਼ ਅਮੋਲਕ ਵੇਚ ਕਰਕੇ, ਭਾਂਡੇ ਗੰਦ ਦੇ ਤਈਂ ਬਚਾਯਾ ਕਾਹਨੂੰ
ਪੁਤੋਂ ਮਰਦਿਓ ਗੁਰਾਂਦੇ ਵਿਚ ਚਰਨਾਂ, ਇਹ ਮੋਹ ਸੰਸਾਰ ਦਾ ਲਾਯਾ ਕਾਹਨੂੰ
ਅੰਤ ਮਰਨਾ ਫੇਰ ਕਰਤਾਰ ਸਿੰਘਾ, ਵਿਚ ਜਗ ਬੁਰੇ ਅਖਵਾਯਾ ਕਾਹਨੂੰ

ਬੇ ਦਾਹਵਿਆਂ ਦੇ ਪਿਵਾ ਵਲੋਂ ਧਿਰਕਾਰਾਂ

ਘਰ ਮਾਈਆਂ ਤੇ ਬਾਹਰ ਪਿਓ ਦੋਲਨ, ਤੁਸੀਂ ਦੇਸ ਬਦਨਾਮ ਕਰਾ ਆਏ
ਵੇਲੇ ਜੰਗ ਦੇ ਗੁਰਾਂ ਨੂੰ ਦੇ ਪਿਛਾ, ਮਾਝੇ ਤਈਂ ਕਲੰਕ ਲਵਾ ਆਏ
ਸਾਡਾ ਖ਼ੂਨ ਮਝੈਲਾਂ ਦਾ ਜਗ ਰੌਸ਼ਨ, ਤੁਸੀਂ ਪਾਪੀਓ ਗੰਗਾ ਬਨਾ ਆਏ
ਅਗੇ ਢੋਈ ਨ, ਏਥੇ ਬਦਨਾਮ ਹੋਏ, ਬੇਗੁਰੇ ਭੈੜੇ ਅਖਵਾ ਆਏ
ਮਾਝਾ ਗੁਰਾਂ ਦਾ ਸੇਵਕ ਮੁਢ ਤੋਂ ਸੀ, ਕੀਤੀ ਕੜ੍ਹੀ ਤੁਸੀਂ ਰੁੜ੍ਹਾ ਆਏ
ਅਸੀਂ ਗੁਰਾਂ ਦੇ ਨਾਮ ਤੇ ਰਹੇ ਮਰਦੇ, ਤੁਸੀਂ ਤੁਸੀਂ ਜੰਮ ਕੇ ਖੇਹ ਪਵਾ ਆਏ
ਏਥੇ ਮੌਤ ਪਾਸੋਂ ਨਹੀਂ ਬਚ ਰਹਿਣਾ, ਗੀਦੀ ਬਣ ਕੇ ਮੂੰਹ ਛਪਾ ਆਏ
ਤੁਸੀਂ ਨਿਜ ਜੰਮੇ ਕਰਤਾਰ ਸਿੰਘਾ, ਪਿਠ ਜੰਗ ਦੇ ਵਿਚ ਵਿਖਾ ਆਏ

ਬੇ ਦਾਹਵਿਆਂ ਸਿੰਘਾਂ ਨੂੰ ਭੈਣਾ ਵਲੋਂ ਧਿਰਕਾਰਾਂ

ਭੈਣਾਂ ਕਹਿੰਦੀਆਂ ਸੁਣ ਕੇ ਹਾਲ ਸਾਰਾ, ਡਾਢਾ ਆਏ ਕਲੰਕ ਲਗਾਏ ਵੀਰੋ
ਭਾਵੇਂ ਹਿਤ ਤੁਹਾਡਾ ਸਾਨੂੰ ਬਹੁਤ ਸਰਾ, ਅਸੀਂ ਕਹਿੰਦੀਆਂ ਅਜ ਦੁਖਾਏ ਵੀਰੋ

ਕਠਾਂ ਦੁਧ ਪੀਤਾ ਅਸਾਂ ਏਸ ਕਰਕੇ, ਤੁਹਾਡੀ ਕਾਰ ਤੋਂ ਰਹੀਆਂ ਸ਼ਰਮਾਏ ਵੀਰੋ
ਭਾਵੇਂ ਭੈਣਾਂ ਨੂੰ ਵੀਰ ਦੁਰਲਨ ਹੁੰਦੇ, ਰਾਜੀ ਸਦਾ ਹੀ ਸਮਾਂ ਮਨਾਏ ਵੀਰੋ
ਭਾਈ ਕਹਿਣ ਨੂੰ ਅਜ ਨਹੀਂ ਚਿਤ ਚਾਂਹਦਾ, ਤੁਸਾਂ ਕੰਨ ਕੀਤਾ ਦੁਖਦਾਏ ਵੀਰੋ
ਤੁਸਾਂ ਮਾਵਾਂ ਦੀ ਕੁਖ ਬਦਨਾਮ ਕੀਤੀ, ਤਾਹਨੇ ਦੇਣਗੇ ਦੇਸ ਸੁਣਾਏ ਵੀਰੋ
ਭੈਣਾ ਅਸੀਂ ਅਖਵਾ ਬੇਗੁਰਿਆਂ ਦੀਆਂ, ਕਿਥੇ ਬੈਠਦੀਆਂ ਅਗੇ ਜਾਏ ਵੀਰੋ
ਕੀ ਵਧੀ ਨੂੰ ਖੌਫ ਕਰਤਾਰ ਸਿੰਘਾ,ਆਏ ਮਾਝੇ ਦੀ ਪਤ ਗਵਾਏ ਵੀਰੋ

ਬੇਦਾਹਵਿਆਂ ਸਿੰਘਾਂ ਨੂੰ ਸਿੰਘਣੀਆਂ ਦੇ ਤਾਹਣੇ

ਘਰ ਬੈਠਦੇ ਰੰਨਾਂ ਦੇਣ ਤਾਹਨੇ, ਕੀਹ ਆਏ ਕਰਤੂਤਾਂ ਲਿਆ ਤੁਸੀਂ
ਗੀਦੀ ਜੰਗ ਵਿਚੋਂ ਬਣ ਭਜ ਆਏ, ਭੈੜੀ ਮੌਤ ਪਾਸੋਂ ਖੌਫ ਖਾ ਤੁਸੀਂ
ਵਸ ਵੈਰੀਆਂ ਦੇ ਪਏ ਗੁਰਾਂ ਤਾਈਂ, ਭਜੇ ਘਰਾਂ ਹੈ ਛਡ ਛਡਾ ਤੁਸੀਂ
ਸਕੇ ਗੁਰੂ ਦੇ ਜਦੋਂ ਨ ਬਣੇ ਦਸੋ, ਸਾਡੀ ਦਿਹੋਗੇ ਕਦੋਂ ਨਿਭਾ ਤੁਸੀਂ
ਖੌਫ ਜੰਗ ਦੇ ਤਾਹਨਿਓ ਡਰੇ ਨਾਹੀਂ.ਝਟ ਆਏ ਬੇਦਾਹਵੇ ਲਿਖਾ ਤੁਸੀਂ
ਟੋਟੇ ਹੋ ਮਰਨਾ ਹੈਸੀ ਜੰਗ ਅੰਦਰ, ਭਜੇ ਪਿਛਾਂ ਨੂੰ ਪਿੱਠ ਵਿਖਾ ਤੁਸੀਂ
ਤੁਹਾਡੇ ਵਿਚੋਂ ਔਲਾਦ ਭੀ ਪਾਜ਼ੀ ਜੰਮੇਂ ਨਹੀਂ ਸਕਦੇ ਮਰਦ ਅਖਵਾ ਤੁਸੀਂ
ਸਾਨੂੰ ਇਹੋ ਪਗਾਂ ਹਥਯਾਰ ਲਾਹ ਕੇ, ਘਰੀਂ ਬੈਠੇ ਸਾਰੇ ਪੀੜੇ ਡਾਹ ਤੁਸੀਂ
ਚੂੜੇ ਪਾ ਲੌ ਛਡ ਕੇ ਤੇਗਾਂ ਤਾਈਂ, ਘੁੰਡ ਕਢ ਲੌ ਮੂੰਹ ਛੁਪਾ ਤੁਸੀਂ
ਤੁਹਾਡੇ ਥਾਂ ਅਸੀਂ ਜੰਗ ਕਰਦੀਆਂ ਜਾ, ਬੈਠੇ ਮਾਝੇ ਦੀ ਪਤ ਗਵਾ ਤੁਸੀਂ
ਓਥੇ ਮਰਨ ਸੀ ਚੰਗਾ ਕਰਤਾਰ ਸਿੰਘਾ, ਮਰਦੇ ਜਗ ਅੰਦਰ ਯਸ ਪਾ ਤੁਸੀਂ

ਬੇਦਾਹਵਿਆਂ ਸਿੰਘਾਂ ਨੂੰ ਲੋਕਾਂ ਦੇ ਤਾਹਨੇ

ਤੁਹਾਡਾ ਗੁਰੂ ਤਕਲੀਫ ਦੇ ਵਿਚ ਪਿਆ, ਭਜੇ ਛਡ ਕੇ ਤੁਸੀਂ ਨਕਾਰਿਓ ਓਏ
ਚਾਰੇ ਬੇਟੇ ਭੀ ਦੁਸ਼ਮਨਾਂ ਫੜ ਮਾਰੇ, ਤੁਹਾਨੂੰ ਦੁਖਨ ਆਯਾ ਹਤਯਾਰਿਓ ਓਏ
ਭੀੜ ਬਨੀ ਤੇ ਲਿਖ ਬੇਦਾਵੇ ਆਏ, ਤੁਸੀਂ ਪਾਜੀ ਕੜਾਹ ਦੇ ਪਯਾਰਿਓ ਓਏ
ਸਾਰੇ ਦੇਸ ਨੂੰ ਤੁਸਾਂ ਕਲੰਕ ਲਾਯਾ, ਸਤਿ ਛਡ ਆਏ, ਤੁਸੀਂ ਧਰਮ ਹਾਰਿਓ ਓਏ
ਮਾਝਾ ਦੇਸ ਹਠੀਲਾ ਮਸ਼ਹੂਰ ਸਾਰੇ, ਤੁਸੀਂ ਗੀਦੀ ਪਾਜ਼ੀ ਬਣੇ ਸਾਰਿਓ ਓਏ
ਏਥੇ ਆਏ ਮੌਤੋਂ ਸਾਰੇ ਬਚ ਰਹੋਗੇ ? ਅੰਤ ਮਰਨਾ ਏਹ ਵਿਚਾਰਿਓ ਓਏ
ਨਹੀਂ ਹੁੰਦੀ ਬੇਗੁਰੇ ਦੀ ਗਤੀ ਕਿਤੇ ਅਬਗਤ ਮਾਰਿਓ ਪਾਪੀ ਭਾਰਿਓ ਓਏ
ਕੀਤੀ ਚੰਗੀ ਕਰਤੂਤ ਕਰਤਾਰ ਸਿੰਘਾ, ਭਲਾ ਨਹੀ ਹੋਨਾ ਗੁਰੂ ਮਾਰਿਓ ਓਏ

ਬੇਦਾਹਵਿਆਂ ਸਿੰਘਾਂ ਪਛੋਤਾਵਾ ਕਰਨਾ

ਜਿਧਰ ਜਾਣ ਅਗੋਂ ਪੈਣ ਫਿਟਕਾਂ ਹੀ, ਲੋਕ ਮੂੰਹਾਂ ਦੇ ਤਾਹਨੇ ਸੁਨਾਨ ਲਗੇ
ਔਹ ਜਾਂਦੇ ਨਿਗੁਰੇ ਬੇਗੁਰੇ ਪਾਪੀ, ਸੁਣ ਸੁਣ ਕੇ ਬੁਰੇ ਪਛਤਾਨ ਲਗੇ
ਕਰਨੀ ਆਪਣੀ ਨੂੰ ਯਾਦ ਕਰ ਸਾਰੇ, ਥਾਓਂ ਥਾਈਂ ਡਾਢੇ ਸ਼ਰਮਾਨ ਲਗੇ
ਕੱਠੇ ਹੋ ਹੋ ਅੰਤ ਕਰਤਾਰ ਸਿੰਘਾ, ਕਰੀਏ ਕਿਵੇਂ ਸਲਾਹ ਪਕਾਨ ਲਗੇ

ਬੇਦਾਹਵਿਆਂ ਸਿੰਘਾਂ ਪਿੰਡਾ ਰਾਮੇ ਆਣੇ ਮਾਲਵੇ ਵਿਚ ਸਤਿਗੁਰਾਂ ਦੇ ਚਰਨੀਆਂ ਪੈਣਾ

ਏਸ ਜਿੰਦਗੀ ਤੋਂ ਮਰਨ ਬਹੁਤ ਚੰਗਾ, ਸਾਰੇ ਹੋ ਕੱਠੇ ਪਛਤਾਂਵਦੇ ਨੇ
ਮਾਈ ਭਾਗੋ ਸਣੇ ਸਿੰਘ ਦੋ ਕੁ ਸੌ, ਏਹ ਰਲ ਕੇ ਮਤਾ ਪਕਾਂਵਦੇ ਨੇ
ਚਲੋ ਗੁਰਾਂ ਤੋਂ ਚਲ ਬਖਸ਼ਾ ਲਈਏ, ਸਾਰੇ ਮਾਲਵੇ ਦੀ ਤਰਫ਼ ਧਾਂਵਦੇ ਨੇ
ਸਾਰੇ ਪੁਛਦੇ, ਪੁਛਦੇ ਦੇਸ ਅੰਦਰ ਪਿੰਡ ਰਾਮੇ ਆਣੇ ਚਲ ਆਂਵਦੇ ਨੇ
ਅਜੇ ਗੁਰੂ ਜੀ ਨੇੜੇ ਹੀ ਗਏ ਸਨ, ਡਿਗ ਚਰਨੀਂ ਆ ਅਟਕਾਂਵਦੇ ਨੇ
ਬਖ਼ਸ਼ ਲੌ ਸਤਿਗੁਰੋ ਕਸੂਰ ਸਾਡੇ; ਪੱਲਾ ਗਲ ਪਾ ਸੀਸ ਝੁਕਾਂਵਦੇ ਨੇ
ਆਏ ਜਿਧਰੋਂ ਉਧਰੋਂ ਚਲੇ ਜਾਵੋ; ਮੁਖ ਕਲਗੀਧਰ ਨਾ ਲਾਂਵਦੇ ਨੇ
ਸਾਨੂੰ ਲੋੜ ਨ ਤੁਹਾਡੀ ਕਰਤਾਰ ਸਿੰਘਾ, ਸਿਖ ਬੇ-ਸਿਦਕੇ ਨਹੀਂ ਭਾਵਦੇ ਨੇ

ਤੁਰਕਾਂ ਦੇ ਆਉਣ ਦੀ ਟਾਂਗੂ ਨੇ ਖਬਰ ਦੇਣੀ

ਕਈ[੧] ਹੋਰ ਭੀ ਬਚਨ ਬਿਲਾਸ ਹੋਏ, ਗੁਰਾਂ ਉਹਨਾਂ ਨੂੰ ਮੁਖ ਨ ਲਾਯਾ ਜੀ
ਓਸੇ ਵਕਤ ਆ ਟਾਂਗੂ ਨੇ ਖਬਰ ਦਿਤੀ, ਗੁਰੋ ਵੈਰੀਆਂ ਦਾ ਦਲ ਆਯਾ ਜੀ

---

੧. ਤਵਾਰੀਖ਼ ਗੁਰੂ ਖ਼ਾਲਸਾ ਵਿਚ ਲਿਖਿਆ ਹੈ ਕਿ ਮਝੈਲਾਂ ਸਿੰਘਾਂ ਨੇ ਸਤਿਗੁਰਾਂ ਨੂੰ ਆਖਿਆ ਤੁਸੀਂ ਜੰਗ ਜਲਦ ਛਡ ਕੇ ਜਿਵੇਂ ਪਹਿਲੇ ਗੁਰੂ ਕਹਿੰਦੇ ਸਨ, ਓਸੇ ਤਰ੍ਹਾਂ ਸ਼ਾਂਤੀ ਸੁਭਾਵ ਵਿਚ ਰਹੇ ਤਾਂ ਅਸੀਂ ਬਾਦਸ਼ਾਹ ਦੇ ਪਾਸ ਮਾਝੇ ਦੇ ਪੈਂਚਾਂ ਨੂੰ ਭਜ ਕੇ ਤੁਹਾਡੀ ਸੁਲ੍ਹਾ ਕਰਾ ਦੇਂਦੇ ਹਾਂ, ਜੇਕਰ ਇਉਂ ਕਰਨੀ ਹੈ ਤਾਂ ਸਾਥੋਂ ਤੁਹਾਡੀ ਸਿਖੀ ਨਹੀਂ ਪੁਜਦੀ, ਏਹ ਸੁਣ ਕੇ ਸਤਿਗੁਰਾਂ ਨੇ ਕੋਪ ਕਰਕੇ ਕਹਿਆ ਕੀ ਭਾਈ ਸਿਖੋ ਜਦੋਂ ਗੁਰੂ ਅਰਜਨ ਦੇਵ ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਿਰਾਂ ਭਾਣਾ ਵਰਤਿਆ ਸੀ ਤੁਸੀਂ ਕਿਥੇ ਗਏ ਹੋਏ ਸਾਉ, ਤਦੋਂ ਸੁਲ੍ਹਾ ਕਿਉਂ ਨਾ ਕਰਾਈ, ਤੁਸੀਂ ਤਾਂ ਸਾਨੂੰ ਮੱਤਾਂ ਦੇਨ ਆਏ ਹੋ, ਸਿਖ ਬਣਨ ਨਹੀਂ ਆਏ, ਸੋ ਤੁਸੀਂ ਸਿਖ ਨਹੀਂ, ਗੁਰੂ ਬਣਦੇ ਹੋ, ਜਿਧਰੋਂ ਆਏ ਹੋ ਚਲੇ ਜਾਹੋ, ਸਾਡਾ ਅਕਾਲ ਪੁਰਖ ਰਾਖਾ ਹੈ। ਇਹ ਆਖ ਜੀ ਤਾਂ ਚਲੇ ਗਏ ਤੇ ਮਝੈਲਾਂ ਵਿਚੋਂ ਬਹੁਤੇ ਘਰਾਂ ਨੂੰ ਹੈਂਗੜ ਰਖ ਕੇ ਟੁਰ ਗਏ ਸਿਆਣੇ ਓਥੇ ਹੀ ਧਰਨਾ ਮੱਲ ਕੇ ਬੈਠੇ ਰਹੇ।

ਦੋ ਤਿੰਨ ਕੋਹ ਤੇ ਧੂੜ ਉਡਦੀ ਏ; ਹੀਲਾ ਕਰੇ ਜਿਵੇਂ ਹੁਣ ਭਾਯਾ ਜੀ
ਏਹ ਸੁਣਦੇ ਸਾਰ ਕਰਤਾਰ ਸਿੰਘਾ ਗੁਰਾਂ ਅਗੇ ਨੂੰ ਕੂਚ ਬੁਲਾਯਾ ਜੀ

ਬੇਦਾਹਵਿਆਂ ਦੀ ਨਿਰਾਸਤਾ

ਸਤਿਗੁਰ ਜੀ ਤਾਂ ਅਗੇ ਚਲੇ ਗਏ, ਸਾਰਾ ਨਾਲ ਵਹੀਰ ਚਲਾ ਕਰਕੇ
ਓਸੇ ਤਰ੍ਹਾਂ ਮਝੈਲ ਰਹੇ ਖੜੇ ਓਥੇ, ਟੁਟੇ ਹੌਂਸਲੇ ਦਿਲੋਂ ਸ਼ਰਮਾ ਕਰਕੇ
ਵਿਚੋਂ ਬਹੁਤੇ ਬੇਸਿਦਕੀ ਮੁੜੇ ਪਿਛਾਂ, ਓਹ ਹੈਂਕੜ ਸਗੋਂ ਵਧਾ ਕਰਕੇ
ਮਾਈ ਭਾਗੋ ਤੇ ਸਿੰਘ ਪੰਜਾਹ ਰਹਿ ਗਏ, ਚਿਤ ਦੇ ਏਹ ਠਹਿਰਾ ਕਰਕੇ
ਪਿੰਡੀ ਜਾ ਭੀ ਦਿਆਂਗੇ ਮੂੰਹ ਕਿਥੇ, ਏਥੇ ਮਰੀਏ ਜੰਗ ਮਚਾ ਕਰਕੇ
ਓਥੇ ਬੈਠ ਗਏ ਕਰਤਾਰ ਸਿੰਘਾ, ਓਹ ਮੋਰਚੇ ਸਾਰੇ ਬਨਾ ਕਰਕੇ

ਮਾਲਵੇ ਵਿਚ ਸਿੱਖਾਂ ਦਾ ਅਕੱਠ

ਖਬਰ ਮਾਲਵੇ ਵਿਚ ਧੁੰਮ ਪੈ ਗਈ, ਵੈਰੀ ਗੁਰਾਂ ਦੇ ਫੜਨ ਨੂੰ ਧਾ ਆਏ
ਜੋਸ਼ ਸਿਖਾਂ ਨੂੰ ਅਗੇ ਹੀ ਬਹੁਤ ਹੈ ਸੀ, ਕਈ ਸੈਂਕੜੇ ਤੇਗਾਂ ਉਠਾ ਆਏ
ਗਿਲ ਮਾਨ ਤੇ ਭੁਲ ਕੇ ਨਾਮੀ ਨਾਮੀ, ਗੁਸਾ ਬਲੀ ਬੈਰਾੜ ਭੀ ਖਾ ਆਏ
ਮੌਕੇ ਸਿਰ ਆ ਪੁਜੇ ਕਰਤਾਰ ਸਿੰਘਾ, ਨੇੜੇ ਵੈਰੀ ਭੀ ਖੁਰਾ ਦਬਾ ਆਏ

ਵੈਰੀ ਬਹੁਤ ਨੇੜੇ ਆ ਗਏ

ਰੂਪੇ[1] ਆਣ ਗਏ ਟਾਂਗੂ ਖਬਰ ਦਿਤੀ, ਵੈਰੀ ਆਏ ਨੇੜੇ ਜ਼ੋਰ ਪਾ ਲਏ ਸਨ
ਦੋ ਕੋਹ ਅਜੇ ਖਿਦਰਾਨਾ ਅਗੇ ਚਲੋ, ਝੱਬ ਨਹੀਂ ਵੈਰੀ ਦਬਾ ਲਏ ਸਨ
ਗੁਰਾਂ ਆਖਯਾ ਫਿਕਰ ਨ ਕਰੋ ਭਾਈ, ਅਟਕਾਉਣ ਵਾਲੇ ਅਟਕਾ ਲਏ ਸਨ
ਜਾਣੀ ਜਾਣ ਮਹਾਰਾਜ ਕ੍ਰਤਾਰ ਸਿੰਘਾ, ਖੇਡ ਆਪਨੀ ਆਪੇ ਨਿਭਾ ਲਏ ਸਨ

ਸ੍ਰੀ ਦਸਮੇਸ਼ ਜੀ ਨੇ ਖਿਦਰਾਨੇ ਦੀ ਢਾਬ 'ਤੇ ਮੋਰਚੇ ਬੰਦੀ ਕਰਨੀ

ਝਟ ਪਟ ਜਾ ਗੁਰਾਂ ਨੇ ਢਾਬ ਮਲੀ, ਡਾਢੇ ਮੋਰਚੇ ਪੱਕੇ ਬਨਾ ਲਏ
ਜਿਸ ਤਰਫ ਵਲੋਂ ਵੈਰੀ ਆਉਂਦੇ ਸਨ, ਸਿੰਘ ਵੰਡ ਕੇ ਸਾਰੇ ਬੈਠਾ ਲਏ

---

੧. ਜਦ ਸਤਿਗੁਰੂ ਹੀ ਰੂਪੇ ਆਣੇ ਗਏ ਤਾਂ ਸਰੂਪਾ ਖੱਤ੍ਰੀ ਰੂਪੇ ਦਾ ਪੁਤ੍ਰ ਇਕ ਰੁਪਯਾ ਤੇ ਭੇਲੀ ਗੁੜ ਦੀ ਲੈ ਮਿਲੇ, ਸਤਿਗੁਰਾਂ ਨੇ ਆਖਿਆ ਏਥੇ ਠਹਿਰੀਏ ? ਤਾਂ ਉਸ ਨੇ ਕੰਬ ਕੇ ਆਖਿਆ ਜੀ ਅਗੇ ਕਿਤੇ ਜਾ ਠਹਿਰ ਪਿਛੇ ਸੂਬਾ ਆਂਵਦਾ ਹੈ ਤੇ ਕਿਤੇ ਪਿੰਡ ਨੂੰ ਉਜਾੜ ਦੇਵੇ, ਗੁਰੂ ਜੀ ਨੇ ਬਚਨ ਕੀਤਾ ਪਿੰਡ ਤਾਂ ਉੱਜੜ ਕੇ ਫੇਰ ਵਸ ਜਾਊ ਪਰ ਤੇਰੀ ਔਲਾਦ ਨ ਰਹੂ, ਸੋ ਬਚਨ ਸਤ ਹੋਯਾ।

ਇਕ ਟਿਬੀ ਸੀ ਢਾਬ ਤੋਂ ਪਿਛੋਂ ਵੰਨੀ, ਓਥੇ ਚੜ੍ਹ ਕੇ ਧਿਆਨ ਲਗਾ ਲਏ
ਥੋੜੇ ਸਿੰਘ ਲੈ ਕਰਤਾਰ ਸਿੰਘ, ਗੁਰਾਂ ਤੀਰ ਕਮਾਨ ਚੜ੍ਹ ਲਏ

ਮਝੈਲਾਂ ਦੀ ਦਲੇਰੀ

ਰਾਮੇ ਆਣਿਓਂ ਤਾਂ ਬਹੁਤ ਚਲੇ ਗਏ, ਬਾਕੀ ਪਿਛੇ ਪਿਛੇ ਪਏ ਆਂਵਦੇ ਜੀ
ਝਟ ਪਤਾ ਲੱਗਾ ਵੈਰੀ ਆ ਗਏ, ਓਹ ਰਲ ਏਹ ਮਤਾ ਪਕਾਂਵਦੇ ਜੀ
ਬੇ ਗੁਰੇ ਅਖਵਾਉਨ ਤੋਂ ਮਰਨ ਚੰਗਾ, ਇਕ ਦੂਸਰੇ ਤਈਂ ਸੁਨਾਂਵਦੇ ਜੀ
ਚਲੋ ਏਥੇ ਸ਼ਹੀਦੀਆਂ ਪਾ ਮਰੋ, ਇਕ ਦੂਸਰੇ ਤਈਂ ਸੁਨਾਂਵਦੇ ਜੀ
ਫੌਜ ਵੈਰੀਆਂ ਦੀ ਅਟਕਾ ਰਖੋ, ਗੁਰ ਨਿਕਲ ਅਗੇ ਫੇਰ ਜਾਂਵਦੇ ਜੀ
ਇਹ ਮਿਥ ਦੇ ਰਸਤਾ ਮਲ ਬੈਠੇ, ਇਕ ਜਟਕੀ ਅਕਲ ਦੁੜਾਂਵਦੇ ਜੀ
ਪਾਏ ਕਪੜੇ ਲਾਹ ਕੇ ਝਾੜੀਆਂ ਤੇ, ਦੂਰੋਂ ਤੰਬੂਆਂ ਵਾਂਗ ਦਿਸਾਂਵਦੇ ਜੀ
ਆਪ ਬੈਠ ਗਏ ਵਿਚ ਝਾੜੀਆਂ ਦੇ, ਸ਼ੇਰਾਂ ਭੁਖਿਆਂ ਵਾਂਗ ਤਕਾਂਵਦੇ ਜੀ
ਵੈਰੀ ਮਾਰਦੇ ਹੇਠਾਂ ਜਾਂ ਆਂ ਗਏ, ਇਕੋ ਵਾਰ ਬੰਦੂਕਾਂ ਚਲਾਂਵਦੇ ਜੀ
ਵੀਹ ਤੀਹ ਵਿਚੋਂ ਝਟ ਸਟ ਘਤੇ, ਵੇਖ ਵੈਰੀ ਸਾਰੇ ਘਬਰਾਂਵਦੇ ਜੀ
ਇਨੇ ਚਿਰ ਨੂੰ ਹੋਰ ਦੋ ਵਾਰ ਹੋਏ, ਫੌਜ ਹਾਕਮ ਪਿਛਾਂ ਹਟਾਂਵਦੇ ਜੀ
ਕੜਾ ਕਾੜ ਹੋਈ ਸੁਣ ਕਰਤਾਰ ਸਿੰਘਾ, ਸਤਿਗੁਰੂ ਭੀ ਧਨਖ ਚੜ੍ਹਾਂਵਦੇ ਜੀ

ਖਿਦਰਾਨੇ (ਮੁਕਤਸਰ) ਦਾ ਜੰਗ

ਪਤਾ ਲਗ ਵਜੀਦੇ ਨੂੰ ਗਿਆ ਪਕਾ, ਇਥੇ ਗੁਰੂ ਸਿਖਾਂ ਸਣੇ ਆਯਾ ਏ
ਇਹ ਤੰਬੂ ਓਹਨਾਂ ਸਾਰੇ ਲਾਏ ਹੋਏ, ਫੌਜ ਤਈਂ ਪਿਛਾਂਹ ਹਟਾਯਾ ਏ
ਹੁਕਮ ਕਰਦਾ ਵੇਖ ਕੇ ਵਧੋ ਅਗੇ, ਗੁਰੂ ਸਿੰਘਾਂ ਨੂੰ ਇਥੇ ਛੁਪਾਯਾ ਏ
ਗੁਰਾਂ ਵਧਾ ਕੇ ਖਾਲਸੇ ਨੂੰ, ਕਈ ਪਾਸਿਓਂ ਲਿਆ ਝੁਕਾਯਾ ਏ
ਵਿਚ ਝਾੜੀਆਂ ਪਈ ਕੜਾਕਾੜ ਹੋਵੇ; ਬਹੁਤੇ ਵੈਰੀਆਂ ਨੂੰ ਮਾਰ ਢਾਯਾ ਏ
ਪਰ ਮਝੈਲ ਸਨ ਬਹੁਤ ਨੇੜੇ, ਜੋਰ ਉਨ੍ਹਾਂ ਤੇ ਵੈਰੀ ਪਾਯਾ ਏ
ਅਗੋਂ ਸਿੰਘ ਭੀ ਸੂਤ ਕੇ ਪਏ ਤੇਗਾਂ, ਤੇ ਅਕਾਲ, ਅਕਾਲ ਗਜਾਯਾ ਏ
ਦੋਹਾਂ ਪਾਸਿਆਂ ਤੋਂ ਮਾਰੋ ਮਾਰ ਮਚੀ, ਗਚ ਦਿਲਾਂ ਦਾ ਸਿੰਘਾਂ ਨੇ ਲਾਯਾ ਏ
ਜਦ ਤਕ ਨ ਛਾਨਨੀ ਹੋ ਗਏ, ਤਦ ਤਕ ਤੇਗਾਂ ਤਾਈਂ ਵਾਹਯਾ ਏ
ਦਸ, ਦਸ ਇਕ, ਇਕ ਨੇ ਮਾਰ ਢਾਹੇ, ਜਿਵੇਂ ਜਵਾਰ ਦਾ ਖੇਤ ਕਟਾਯਾ ਏ
ਮਾਈ ਭਾਗੋ ਨੇ ਕਾਲ ਦਾ ਰੂਪ ਧਰ ਕੇ, ਬਹੁਤੇ ਵੈਰੀਆਂ ਤਈਂ ਖਪਾਯਾ ਏ
ਓਸ ਟਿਬੀ ਤੋਂ ਤੀਰਾਂ ਦੀ ਮਾਰ ਕਰਕੇ, ਗੁਰਾਂ ਕਈਆਂ ਨੂੰ ਪਾਰ ਬੁਲਾਯਾ ਏ

ਅੰਤ ਪਾ ਸ਼ਹੀਦੀਆਂ ਡਿਗ ਪਏ, ਦਲ ਵੈਰੀ ਦਾ ਪਾਰ ਲੰਘਾਯਾ ਏ
ਇਨੇ ਚਿਰ ਨੂੰ ਹੋ ਦੁਪਹਿਰ ਗਈ; ਧੂੜ ਧੁਪ ਨੇ ਬਹੁਤ ਸਤਾਯਾ ਏ
ਤੁਰਕ ਤੰਗ ਹੋ ਗਏ ਕਰਤਾਰ ਸਿੰਘਾ; ਹਾਲ ਵੇਖ ਸੂਬਾ ਘਬਰਾਯਾ ਏ

ਸੂਬੇ ਦੀ ਫੌਜ ਨੇ ਬੇਦਿਲੇ ਹੋ ਕੇ ਪਿਛਾਂ ਹਟਨਾ

ਭਾਵੇਂ ਸਿੰਘ ਮੜੈਲ ਸ਼ਹੀਦ ਹੋ ਗਏ, ਪਰ ਵੈਰੀ ਓਹਨਾਂ ਮਾਰ ਢਾਹੇ ਬਹੁਤੇ
ਨਾਲੇ ਝਾੜਾਂ ਵਿਚੋਂ ਤੀਰਾਂ ਗੋਲੀਆਂ ਦੀ, ਸਿੰਘਾਂ ਮਾਰ ਕੇ ਮਾਰ ਨਸਾਏ ਬਹੁਤੇ
ਇਕ ਧੁਪ ਤੇ ਘਟੇ ਨੇ ਸਿੰਘ ਰੋਕੇ, ਦੂਜੇ ਪਾਣੀ ਦੀ ਥੁੜ ਸਤਾਏ ਬਹੁਤੇ
ਪਏ ਬੁਲਾਂ ਉਤੇ ਜੀਭਾਂ ਤੁਰਕ ਫੇਰਨ; ਛਡ ਹੌਂਸਲੇ ਆਨ ਘਬਰਾਏ ਬਹੁਤੇ
ਸੂਬੇ ਕਹਿਆ ਕਪੂਰਿਆ ਕਿਤੇ ਪਾਣੀ, ਫੌਜੀ ਲੋਕ ਪਿਆਸੇ ਦਿਸਾਏ ਬਹੁਤੇ
ਉਸ ਆਖਯਾ ਖਾਂ ਜੀ ਪਾਣੀ ਕਿਥੇ, ਪਿਆ ਦੇਸ ਜੰਗਲ ਦੂਰ ਤਾਏ ਬਹੁਤੇ
ਇਕੋ ਢਾਬ ਹੈਸੀ ਜਿਹੜੀ ਗੁਰਾਂ ਮਲੀ, ਉਨ੍ਹਾਂ ਨਹੀ ਛਡੀ ਜ਼ੋਰ ਲਾਏ ਬਹੁਤੇ
ਬਾਰਾਂ ਬਾਰਾਂ ਕੋਹ ਪਾਣੀ ਨ ਕਿਤੇ ਨੇੜੇ, ਔਖੇ ਥਾਂ ਫਸੇ ਪਛਤਾਏ ਬਹੁਤੇ
ਦੇਸ ਮਾਲਵਾ ਗੁਰਾਂ ਦੇ ਪਾਸ ਕਠਾ, ਲੜਨ ਮਰਨ ਲਈ ਸਿਖ ਧਾਏ ਬਹੁਤੇ
ਸੁਖ ਲੋੜੀਦੀ ਤਾਂ ਪਿਛਾਂ ਹਟ ਚਲੋ, ਗਲਾਂ ਕਰ ਕਪੂਰੇ ਡਰਾਏ ਬਹੁਤੇ
ਸ਼ਮਸਖਾਂ ਅਤੇ ਕਾਜ਼ੀ ਅਕਬਰ ਅਲੀ, ਇਹ ਤਾਂ ਰਹੇ ਸੀ ਵੇਲਾ ਤਕਾਏ ਬਹੁਤੇ
ਕਹਿੰਦੇ ਖਾਂ ਜੀ ਸਚ ਕਪੂਰਾ ਕਹਿੰਦਾ, ਅਸੀਂ ਫਸੇ ਹਾਂ ਆਨ ਕੁਥਾਏ ਬਹੁਤੇ
ਇਹਨਾਂ ਝਾੜਾਂ ਦੀ ਸਾਨੂੰ ਨ ਵਾਕਫੀ ਏ, ਕਿਤੇ ਮਰਾਂਗੇ ਦੁਖ ਉਠਾਏ ਬਹੁਤੇ
ਚਲੋ ਮੁੜੋ ਪਿਛਾਂਹ ਕਰਤਾਰ ਸਿੰਘਾ, ਲੋਕ ਪਾਣੀ ਤੋਂ ਮਰਨ ਤਿਹਾਏ ਬਹੁਤੇ

ਸੂਬੇ ਵਜੀਦ ਖਾਂ ਨੇ ਹੌਸਲਾ ਹਾਰ ਕੇ ਪਿਛਾਂਹ ਮੁੜਨਾ

ਤਤੇ ਘਾਹ ਸਰਹੰਦ ਤੋਂ ਆਇਆ ਸੀ, ਇਹ ਭੀ ਭਉ ਅਖੀਰਲਾ ਲਾਹ ਆਯਾ
ਮੂੰਹ ਮਾਲਵੇ ਦੇਸ ਦਾ ਦੇਖ ਆਯਾ, ਮੁਫਤ ਵਿਚ ਸਪਾਹ ਮਰਵਾ ਆਯਾ
ਫੜ ਗੁਰਾਂ ਨੂੰ ਲਾ ਇਨਾਮ ਸ਼ਾਹੀ, ਆਸ ਅਗੋਂ ਲਈ ਸਾਰੀ ਮੁਕਾ ਆਯਾ
ਮਾਰ ਟਕਰਾਂ ਵੇਖ ਕਰਤਾਰ ਸਿੰਘਾ, ਦਿਲੋਂ ਪਾ ਫੜ੍ਹਾ ਪਿਛਾਂ ਧਾ ਆਯਾ

ਸ੍ਰੀ ਦਸਮੇਸ਼ ਜੀ ਨੇ ਲੜਾਈ ਵਾਲੇ ਥਾਂ ਆਉਣਾ

ਸਤਿਗੁਰੂ ਜੀ ਟਿਬੀ ਤੋਂ ਚਲ ਆਏ, ਜਦ ਗਏ ਵੈਰੀ ਕੁਝ ਦੂਰ ਦੇਖੇ
ਵਿਚ ਆਣ ਮੈਦਾਨ ਦੇ ਨਜ਼ਰ ਪਾਈ, ਲੇਟੇ ਸੂਰਮੇ ਸੈਂਕੜੇ ਧੂਰ ਦੇਖੇ
ਸਿੰਘ ਇਕ ਜਿਸ ਜਗਾ ਸ਼ਹੀਦ ਹੋਯਾ, ਦਸ ਤੁਰਕ ਓਥੇ ਪਏ ਜ਼ਰੂਰ ਦੇਖੇ
ਕਟੇ ਵਢੇ ਵੈਰੀ ਕਰਤਾਰ ਸਿੰਘਾ, ਕਈ ਤੜਫਦੇ ਪਏ ਰੰਜੂਰ ਦੇਖੇ

ਸ੍ਰੀ ਦਸਮੇਸ਼ ਜੀ ਨੇ ਓਹਨਾਂ ਸ਼ਹੀਦਾਂ ਨੂੰ ਵਰ ਦੇਨੇ

ਵੇਖ ਵੇਖ ਕੇ ਸਿਖਾਂ ਪਯਾਰਿਆਂ ਨੂੰ, ਮੋਹ ਨਾਲ ਰੁਮਾਲ ਪੁੰਝਾਂਵਦੇ ਜੀ
ਮੇਰਾ ਪੰਜ ਹਜਾਰੀ ਤੇ ਦਸ ਹਜਾਰੀ, ਏਸ ਤਰ੍ਹਾਂ ਦੇ ਬਚਨ ਸੁਨਾਂਵਦੇ ਜੀ
ਗਦ ਗਦ ਹੋ ਵਿਚ ਪ੍ਰੇਮ ਛਾਵੇ, ਚੁਕ ਚੁਕ ਛਾਤੀ ਨਾਲ ਲਾਂਵਦੇ ਜੀ
ਵਡੀ ਚਿਖਾ ਬਣਵਾ ਕਰਤਾਰ ਸਿੰਘਾ, ਓਹਦੇ ਉਤੇ ਚੜ੍ਹਾਈ ਜਾਂਵਦੇ ਜੀ

[1]ਮਾਈ ਭਾਗੋ

ਏਨੇ ਚਿਰ ਨੂੰ ਆ ਗਈ ਮਾਈ ਭਾਗੋ, ਲਗੇ ਜਖਮ ਸੀ ਜੰਗ ਮਦਾਯਾ ਉਸਨੇ
ਹਥ ਵਿਚ ਲਮੀ ਭਾਰੀ ਸਾਂਗ ਫੜੀ, ਚਰਨੀਂ ਗੁਰਾਂ ਦੀ ਸੀਸ ਨਿਵਾਯਾ ਉਸਨੇ
ਜਿਵੇਂ ਸਿੰਘ ਮਝੈਲ ਸ਼ਹੀਦ ਹੋਏ ਸਾਰਾ ਫੋਲ ਕੇ ਹਾਲ ਸੁਨਾਯਾ ਉਸਨੇ
ਨਕਸ਼ਾ ਜੰਗ ਦਾ ਖਿਚ ਕਰਤਾਰ ਸਿੰਘਾ, ਸਤਿਗੁਰਾਂ ਦੇ ਤਈਂ ਦਿਖਾਯਾ ਉਸਨੇ

ਭਾਈ ਮਹਾਂ ਸਿੰਘ

ਵਿਚੋਂ ਸਿੰਘਾਂ ਨੂੰ ਗੁਰ ਉਠਾਈ ਜਾਂਦੇ, ਛੱਡੀ ਜਾਂਵਦੇ ਕਰ ਸ਼ਨਾਸ ਬਾਕੀ
ਵੇਖ ਗੁਰਾਂ ਨੂੰ ਚਿੱਤ ਪਰਸੰਨ ਹੋਯਾ, ਝੁਕ ਚਰਨੀ ਸੀਸ ਨਿਵਾਯਾ ਜਲਦੀ
ਪਰ ਜ਼ਖ਼ਮਾਂ ਨਾਲ ਸੀ ਪਿਆ ਵਿੱਧਾ, ਮੁੜ ਓਸੇ ਤਰ੍ਹਾਂ ਮੁਰਝਾਯਾ ਜਲਦੀ
ਅੱਖਾਂ ਭਰ ਸਤਿਗੁਰ ਕਰਤਾਰ ਸਿੰਘਾ, ਮਹਾਂ ਸਿੰਘ ਨੂੰ ਬਚਨ ਸੁਨਾਯਾ ਜਲਦੀ

ਸ੍ਰੀ ਦਸਮੇਸ ਜੀ

ਨੈਨ ਭਰ ਕੇ ਆਖਦੇ ਗੁਰੂ ਸਾਹਿਬ, ਕੁਝ ਆਸ ਹੈ ਤਾਂ ਵਰ ਮੰਗ ਸਿਖਾ
ਗੁਰੂ ਨਾਨਕ ਭੰਡਾਰਿਓਂ ਦਵਾ ਦਈਏ, ਜੋ ਚਾਹੇਂ ਸੋ ਕਰ ਨ ਸੰਗ ਸਿਖਾ
ਜੇ ਜੀਵਨਾਂ ਚਾਹੇਂ ਤਾਂ ਰਖ ਲਈਏ, ਜਿਹੜੀ ਵਾਸ਼ਨਾ ਦਸ ਨਸੰਗ ਸਿਖਾ
ਗਏ ਮੁਕਤ ਤਾਂ ਹੋ ਕਰਤਾਰ ਸਿੰਘਾ, ਜੂਝੇ ਰਣ ਕਰਕੇ ਧਰਮ ਜੰਗ ਸਿਖਾ

ਭਾਈ ਮਹਾਂ ਸਿੰਘ

ਜਿਸ ਗਲ ਨੂੰ ਢੂੰਡਦੇ ਹੈਨ ਯੋਗੀ, ਯੋਗ ਸਾਧ ਕੇ ਤਪ ਕਮਾਂਵਦੇ ਨੇ
ਰਾਜੇ ਭਰਥਰਥੀ ਤੇ ਗੋਪੀ ਚੰਦ ਜਹੇ, ਰਾਜ ਛੱਡ ਕੇ ਕੰਨ ਪੜਾਂਵਦੇ ਨੇ
ਰਿਖੀ ਮੁਨੀ ਜਪੀ ਤਪੀ ਕਸ਼ਟ ਪਾ ਕੇ, ਜਿਸ ਰੂਪ ਨੂੰ ਵੇਖਣਾ ਚਾਂਹਵਦੇ ਨੇ
ਓਹ ਅੰਤ ਸਮੇਂ ਮੈਂ ਹਾਂ ਵੇਖ ਰਿਹਾ, ਹੋਰ ਸੁਖ ਸੰਸਾਰ ਨ ਭਾਂਵਦੇ ਨੇ

---

੧. ਮਾਈ ਭਾਗੋ, ਸਾਹਿਬ ਜ਼ੋਰਾਵਰ ਸਿੰਘ ਦੀ ਖਿਡਾਵੀ ਸੀ।

ਮੇਰੇ ਭਾਗ ਵਡੇ ਕਿਰਪਾ ਆਪ ਕੀਤੀ, ਨਸ਼ਟ ਪਾਪ ਮੇਰੇ ਹੋ ਜਾਂਵਦੇ ਨੇ
ਕਰਨੀ ਆਪਣੀ ਵੇਖ ਕਰਤਾਰ ਸਿੰਘਾ, ਮੇਰੇ ਨੈਨ ਪਏ ਸ਼ਰਮਾਂਵਦੇ ਨੇ

ਤਥਾ

ਇੱਛਾਂ ਪੂਰੀਆਂ ਸਭੋ ਹੀ ਹੋ ਗਈਆਂ, ਹੋਯਾ ਆਪ ਆ ਅੰਤ ਦੀਦਾਰ ਗੁਰ ਜੀ
ਪਰ ਆਸ ਇਕੋ ਚਿਤ ਰਹਿ ਗਈ ਹੈ, ਪੂਰੀ ਕਰੇ ਜੋ ਬਖਸ਼ਨ ਹਾਰ ਗੁਰ ਜੀ
ਪੁਤਰ ਸਦਾ ਹੀ ਕਰਦੇ ਰਹਿਣ ਭੁਲਾਂ, ਮਾਪੇ ਦੇਂਵਦੇ ਸਭ ਵਿਸਾਰ ਗੁਰ ਜੀ
ਯਥਾ—ਸੁਤ ਅਪ੍ਰਾਧ ਕਰਤ ਹੈ ਜੇਤੇ। ਜਨਨੀ ਚੀਤ ਨ ਰਾਖਸ ਤੇਤੇ।
ਸਾਥੋਂ ਪਾਪ ਅਤੀ ਮਹਾਂ ਪਾਪ ਹੋਯਾ, ਤੁਸੀਂ ਬਖ਼ਸ਼ ਦੇਵੋ ਦੈਯਾਧਰ ਗੁਰ ਜੀ
ਬੇਦਾਹਵੇ ਦਾ ਕਾਗਜ ਪਾੜ ਦਿਹੋ, ਮੇਰੀ ਬੇਨਤੀ ਹੈ ਬਹੁ ਬਾਰ ਬਾਰ ਗੁਰ ਜੀ
ਟੁਟੀ ਗੰਢ ਲਵੋ ਕਰਤਾਰ ਸਿੰਘਾ, ਅਸੀਂ ਅਸਾ ਭੁਲੇ ਗੁਨਾਹਗਾਰ ਗੁਰ ਜੀ

ਸ੍ਰੀ ਦਸਮੇਸ਼ ਜੀ

ਗੁਰਾਂ ਕਹਿਆ ਸਿਖਾ ਕੁਝ ਹੋਰ ਮੰਗ ਲੈ, ਮੇਰੇ ਲੋਕ ਪਰਲੋਕ ਜੀ ਕੰਮ ਆਵੇ
ਜੇ ਕਹੇ ਤਾਂ ਰਾਜ ਭਾਗ ਦੇਈਏ, ਹੋਰ ਕਹੋ ਜਿਹੜੀ ਤੇਰੇ ਮਨ ਭਾਵੇ
ਸੁਖ ਆਪਣੇ ਵਾਸਤੇ ਮੰਗ ਲੈ ਤੂੰ, ਪਿਛੇ ਤੇਰੀ ਜੋ ਆਲ ਔਲਾਦ ਖਾਵੇ
ਏਸ ਖਹਿੜੇ ਨ ਪੌ ਕਰਤਾਰ ਸਿੰਘਾ, ਏਸ ਗਲ ਨੂੰ ਮੇਰਾ ਨ ਮਨ ਚਾਹਵੇ

ਭਾਈ ਮਹਾਂ ਸਿੰਘ

ਮੇਰੀ ਬੇਨਤੀ ਦੀਨ ਦਿਆਲ ਏਹੋ, ਲਵੋ ਫੇਰ ਟੁਟੀ ਤਾਈਂ ਜੋੜ ਗੁਰ ਜੀ
ਮਾਝਾ ਕਰੋ ਨ ਸਿਖੀਓ ਮੂਲ ਖਾਰਜ, ਲਵੋ ਆਪਨਾ ਵਾਕ ਸੋ ਮੋੜ ਗੁਰ ਜੀ
ਔਗੁਨ ਹਾਰਿਆ ਦੇ ਔਗੁਨ ਬਖਸ਼ ਦਿਹੋ, ਬੰਦੇ ਕਰਦੇ ਭੁਲਾਂ ਕਰੋੜ ਗੁਰ ਜੀ
ਪਾੜ ਦਿਹੋ ਬੇਦਾਹਵਾ ਕਰਤਾਰ ਸਿੰਘਾ, ਮੈਨੂੰ ਹੋਰ ਨ ਕੁਝ ਭੀ ਲੋੜ ਗੁਰ ਜੀ

ਸ੍ਰੀ ਦਸਮੇਸ਼ ਜੀ ਨੇ ਬੇਦਾਹਵੇ ਦਾ ਕਾਗਜ਼ ਪਾੜ ਦੇਨਾ

ਮਹਾਂ ਸਿੰਘ ਦਾ ਵੇਖ ਕੇ ਹਠ ਸਚਾ, ਧੱਨਯ ਧੱਨ ਸਤਿਗੁਰਾਂ ਸੁਨਾਯਾ ਜੀ
ਮਾਝੇ ਵਿਚ ਤੂੰ ਖਰਯਾ ਬੀਜ ਸਿਖੀ, ਹੈਸੀ ਮਹਮਾ ਚਹਨਾਂ ਦਖਾਯਾ ਜੀ
ਮੇਹਰਬਾਨ ਹੋ ਜੇਬ ਤੋਂ ਕਢ ਕਾਗਜ, ਮਹਾਂ ਸਿੰਘ ਦੇ ਤਈਂ ਦਿਖਾਯਾ ਜੀ
ਫੇਰ ਸੁਟਿਆ ਪਾੜ ਕਰਤਾਰ ਸਿੰਘ, ਟੁਟੀ ਗੰਢ ਕੇ ਮੇਲ ਮਿਲਾਯਾ ਜੀ

ਚਾਲੀਆਂ ਮੁਕਤਿਆਂ ਦਾ ਸਸਕਾਰ

ਜਿਸ ਵਕਤ ਬੇਦਾਹਵੇ ਨੂੰ ਪਾੜ ਦਿਤਾ, ਮਹਾਂ ਸਿੰਘ ਨੇ ਦੁਖ ਭੁਲਾਏ ਸਾਰੇ
ਦਰਸ ਗੁਰਾਂ ਦਾ ਕਰਦਾ ਅੰਤ ਹੋਯਾ, ਟੁਟੀ ਗੰਢ ਉਪਕਾਰ ਕਮਾਏ ਸਾਰੇ
ਫੇਰ ਚਾਲੀਆਂ ਨੂੰ ਰਖ [1]ਚਿਖਾ ਉਤੇ, ਹਥੀਂ ਆਪਣੀ ਗੁਰਾਂ ਜਲਾਏ ਸਾਰੇ
ਦਿਤੀ ਵਡੀ ਵਡਿਆਈ ਕਰਤਾਰ ਸਿੰਘਾ, ਹੋਏ ਮੁਕਤੇ ਆਖ ਸੁਨਾਏ ਸਾਰੇ

ਧੰਨ ਭਾਈ ਮਹਾਂ ਸਿੰਘ

ਧੰਨ ਜਨਮ ਭਾਈ ਮਹਾਂ ਸਿੰਘ ਤੇਰਾ, ਜਿਸ ਟੁਟੀ ਹੋਈ ਫੇਰ ਜੋੜ ਲਈ
ਮਾਝਾ ਸਿਖੀਓਂ ਖਾਰਜ ਹੋ ਗਿਆ ਸੀ, ਤੇਰੀ ਦੇਸ ਭਗਤੀ ਸਿਖੀ ਮੋੜ ਲਈ
ਭਲਾ ਲੋਚਿਆ ਤੂੰ ਸਾਰੇ ਦੇਸ਼ ਦਾ ਈ, ਦਿਲੋਂ ਤ੍ਰਿਸ਼ਨਾ ਦੀ ਫਾਹੀ ਤੋੜ ਲਈ
ਤੇਰਾ ਜੰਮਣਾ ਧੰਨ ਕਰਤਾਰ ਸਿੰਘਾ, ਪੈਦਾ ਹੋਯਾ ਸੈਂ ਪੰਥ ਦੀ ਲੋੜ ਲਈ

ਖਿਦਰਾਨੇ ਦੀ ਢਾਬ ਨੂੰ ਗੁਰੂ ਜੀ ਨੇ ਮੁਕਤਸਰ ਦੀ ਪਦਵੀ ਬਖਸ਼ਨੀ

ਜਿਵੇਂ ਪਾਰਸ ਲੋਹੇ ਨੂੰ ਕਰੇ ਸੋਨਾ, ਚੰਦਨ ਨਾਲ ਅਰਿੰਡ ਭੀ ਤਰ ਗਿਆ
ਹੀਰਾ ਜਿਸ ਤਰ੍ਹਾਂ ਫੁਲਦਾ ਸੰਗ ਕਰਕੇ, ਬਾਦਸ਼ਾਹ ਦੇ ਮੁਕਟ ਤੇ ਚੜ੍ਹ ਗਿਆ
ਟਾਂਕਾ ਕਲੀ ਦਾ ਰਲ ਕੇ ਨਾਲ ਸੋਨੇ, ਉਹ ਵੀ ਸੋਨੇ ਦੇ ਪਾ ਦਰ ਗਿਆ
ਸੰਗ ਗੁਰਾਂ ਦਾ ਪਾ ਕਰਤਾਰ ਸਿੰਘਾ, ਖਿਦਰਾਨਿਓਂ ਹੋ ਮੁਕਤਸਰ ਗਿਆ

ਤਥਾ

ਜਿਥੇ ਇਕ ਰਿਖੀ ਮੁਨੀ ਤਪ ਕਰੇ, ਉਹ ਪੂਜਨੇ ਯੋਗ ਸੋ ਥਾਨ ਹੋਵੇ
ਧਰਮ ਹਿਤ ਸ਼ਹੀਦ ਹੋਏ ਸਿੰਘਾ ਏਥੇ, ਏਹ ਥਾਨ ਪਵਿਤ੍ਰ ਮਹਾਨ ਹੋਵੇ
ਕਿਸੇ ਸਮੇਂ ਏਥੇ ਹੋਵੇ ਬੜੀ ਲੀਲ੍ਹਾ, ਏਹ ਜਗ੍ਹਾ ਪਰਗਟ ਜਹਾਨ ਹੋਵੇ
ਸਤਿਸੰਗ ਦਾ ਚਲੇ ਪਰਵਾਹ ਭਾਰਾ, ਵਿਚ ਜੰਗਲਾਂ ਦੇ ਮੰਗਲ ਆਨ ਹੋਵੇ
ਸਾਫ ਦਿਲ ਹੋ ਕਰੇ ਅਸ਼ਨਾਨ ਜਿਹੜਾ, ਦੂਰ ਪਾਪ ਸਰਾਪ ਪਛਾਨ ਹੋਵੇ
ਏਹ ਤੀਰਥ ਬੜਾ ਕਰਤਾਰ ਸਿੰਘਾ, ਮੁਕਤਸਰ ਮੁਕਤੀ ਘਰ ਮਾਨ ਹੋਵੇ

---

੧. ਜਿਥੇ ਸਸਕਾਰ ਕੀਤਾ ਸੀ, ਉਸ ਥਾਂ ਦਾ ਨਾਮ ਸ਼ਹੀਦ ਗੰਜ ਹੈ ਤੇ ਜਿਥੇ ਕਪੜੇ ਤਾਣ ਕੇ ਤੰਬੂ ਦਿਖਾਏ ਸਨ, ਓਸ ਥਾਂ ਦਾ ਨਾਮ ਤੰਬੂ ਸਾਹਿਬ ਹੈ।

ਤਥਾ

ਧਰਮ ਯੁਧ ਕਰ ਕੇ ਸਿੰਘ ਮੁਕਤ ਹੋਏ, ਮੁਕਤਸਰ ਸੋ ਏਸਦਾ ਨਾਮ ਹੋਵੇ
[੧]ਚਾਲੀ ਮੁਕਤਿਆਂ ਦੀ ਯਾਦਗਾਰ ਵੱਡੀ, ਮਸ਼ਹੂਰ ਜਹਾਨ ਤਮਾਮ ਹੋਵੇ
ਏਥੇ ਜੰਗ ਦੀ ਭੀ ਹੋ ਗਈ ਮੁਕਤੀ, ਹਰ ਸਾਲ ਮੇਲਾ ਏਥੇ ਆਨ ਹੋਵੇ
ਜੋ ਕਰੇ ਅਸ਼ਨਾਨ ਕਰਤਾਰ ਸਿੰਘਾ, ਵਾਸਾ ਓਸਦਾ ਗੁਰੂ ਕੇ ਧਾਮ ਹੋਵੇ

ਵਾਕ ਕਵੀ

ਮਾਹ [੨]ਜੇਠ ਵਿਸਾਖ ਦਾ ਸੰਧ ਹੈਸੀ, ਤੇ ਸਤਾਰਾਂ ਸੌ ਬਾਠ ਵਚਾਰ ਭਾਈ
ਧੁਪ ਬਹੁਤ ਹੋਵੇ ਜੰਗਲ ਦੇਸ ਅੰਦਰ, ਕਰੇ ਸਭ ਦੇ ਤਈਂ ਲਾਚਾਰ ਭਾਈ
ਸਤਿਗੁਰਾਂ ਅਗੇ ਕੂਚ ਬੋਲ ਦਿਤਾ, ਮੁਰਦੇ ਜ਼ਖ਼ਮੀਆਂ ਤਈਂ ਸਵਾਰ ਭਾਈ

☆

---

੧. ਇਹਨਾਂ ਮੁਕਤਿਆਂ ਦੇ ਨਾਮ ਪਹਿਲੇ ਲਿਖਣ ਵਾਲਿਆਂ ਨੇ ਇਹ ਲਿਖੇ ਹਨ, ਅਗੇ ਗੁਰੂ ਜਾਣੇ, ਏਹੋ ਹਨ ਜਾਂ ਹੋਰ ਪਰ ਸ਼ੋਕ ਉਹਨਾਂ ਦੇ ਪਿੰਡ ਆਦਿਕ ਕਿਸੇ ਦਾ ਪਤਾ ਨਹੀਂ: ੧. ਮਾਨ ਸਿੰਘ, ੨. ਭਾਗ ਸਿੰਘ, ੩. ਦਿਲਬਾਗ ਸਿੰਘ, ੪. ਦਿਆਲ ਸਿੰਘ, ੫. ਕਿਰਪਾਲ ਸਿੰਘ, ੬. ਦਰਬਾਰਾ ਸਿੰਘ, ੭. ਨਿਧਾਨ ਸਿੰਘ, ੮. ਖੁਸ਼ਾਲ ਸਿੰਘ, ੯. ਨਿਹਾਲ ਸਿੰਘ, ੧੦. ਗੰਢਾ ਸਿੰਘ, ੧੧. ਸਿੰਗਾ ਸਿੰਘ, ੧੨. ਸੁਹੇਲ ਸਿੰਘ, ੧੩. ਚੰਪਾ ਸਿੰਘ, ੧੪. ਹੀਰਾ ਸਿੰਘ, ੧੫. ਸ਼ਮੀਰ ਸਿੰਘ, ੧੬. ਸੁਲਤਾਨ ਸਿੰਘ, ੧੭. ਮਾਯਾ ਸਿੰਘ, ੧੮. ਮਲਾ ਸਿੰਘ, ੧੯. ਸਾਧੂ ਸਿੰਘ, ੨੦. ਗੁਲਾਬ ਸਿੰਘ, ੨੧. ਹਰਸਾ ਸਿੰਘ, ੨੨. ਸੰਗਤ ਸਿੰਘ, ੨੩. ਸੁਰਜਨ ਸਿੰਘ, ੨੪. ਹਰੀ ਸਿੰਘ, ੨੫. ਧੰਨਾ ਸਿੰਘ, ੨੬. ਕਰਨ ਸਿੰਘ, ੨੭. ਕੀਰਤ ਸਿੰਘ, ੨੮. ਲਛਮਨ ਸਿੰਘ, ੨੯. ਬੁਢਾ ਸਿੰਘ, ੩੦. ਕੇਸ਼ਵ ਸਿੰਘ, ੩੧. ਸੋਭਾ ਸਿੰਘ, ੩੨. ਜੋਗਾ ਸਿੰਘ, ੩੩. ਜੁੰਗਾ ਸਿੰਘ, ੩੪. ਭੰਗਾ, ੩੫. ਧਰਮ ਸਿੰਘ, ੩੬. ਕਰਮ ਸਿੰਘ, ੩੭. ਘਰਬਾਰ ਸਿੰਘ, ੩੮. ਦੁਸੰਧਾ ਸਿੰਘ, ੩੯. ਰੂਪ ਸਿੰਘ ੪੦. ਮਹਾਂ ਸਿੰਘ ਅਤੇ ਮਾਈ ਭਾਗੋ।

੨. ਏਹ ਜੰਗ ਗਰਮੀਆਂ ਦੇ ਦਿਨਾਂ ਵਿਚ ਹੋਇਆ ਸੀ, ਪਰ ਏਸ ਦੀ ਯਾਦਗਾਰ ਵਿਚ ਮੇਲਾ ਭਾਈ ਲੰਗਰ ਸਿੰਘ ਦੇ ਸਿੰਘਾਂ ਨੇ ਦਲ ਨਾਲ ਸਲਾਹ ਕਰਕੇ ਮਾਘੀ ਦਾ ਮੁਕਰਰ ਕੀਤਾ, ਇਹ ਏਸ ਵਾਸਤੇ ਕਿ ਗਰਮੀਆਂ ਵਿਚ ਤਦੋਂ ਮਾਲਵੇ ਅੰਦਰ ਪਾਣੀ ਦੀ ਬੜੀ ਔਖਿਆਈ ਹੁੰਦੀ ਸੀ।

ਨੰਦੇੜ ਪਿੱਛੋਂ ਦਸਵੇਂ ਪਾਤਸ਼ਾਹ ਦੁਆਰਾ ਨੱਥਾ ਸਿੰਘ ਦੀ ਬਖ਼ਸ਼ਬੰਦੀ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪ੍ਰਸਥਿਤੀਆਂ ਵੱਸ ਨੰਦੇੜ ਕੌਤਕ ਤੋਂ ਉਪਰੰਤ ਅਗਿਆਤ ਵਾਸ ਵਿਚ ਚਲੇ ਗਏ। ਆਪ ਆਪਣਾ ਜੀਵਨ ਬਾਬਾ ਅਜੇਪਾਲ ਸਿੰਘ ਦੇ ਨਾਂ ਨਾਲ ਗੁਪਤ ਰੂਪ ਵਿਚ ਬਿਤਾਂਦੇ ਹੋਏ, ਸਿੱਖ ਸੇਵਕਾਂ ਦੀ ਸਹਾਇਤਾ ਕਰਦੇ ਰਹੇ। ਆਪ ਨੇ ਆਪਣੇ ਜੀਵਨ ਦੇ ਅੰਤਿਮ ਸਮੇਂ ਵਰਤਮਾਨ ਪਟਿਆਲੇ ਤੋਂ ਥੋੜ੍ਹੀ ਦੂਰ ਨਾਭੇ ਦੀ ਝਿੜੀ ਵਿਚ ਨਿਵਾਸ ਕੀਤਾ। ਇਸ ਬਾਬਤ ਵਧੇਰੇ ਜਾਣਕਾਰੀ ਲਈ ਨਿਮਨ ਪੁਸਤਕਾਂ ਪੜ੍ਹੋ।

ਨੰਦੇੜੋਂ ਬਾਦ ਦਸਮ ਗੁਰ ਦਰਸਨ—(ਸ੍ਰੀ ਸੰਤ ਤਰਨ ਸਿੰਘ ਵਹਿਮੀ) ਗੁਰੂ ਗੋਬਿੰਦ ਸਿੰਘ ਜੀ ਦਾ ਨੰਦੇੜੋਂ ਬਾਦ ਦਾ ਜੀਵਨ—(ਦੇਵਿੰਦਰ ਸਿੰਘ ਜੀਆ ਨੱਥਾ) ਸ੍ਰੀ ਦਸਮੇਸ ਨੰਦੇੜ ਪਿਛੋਂ—(ਸ੍ਰੀ ਅਮਰ ਭਾਰਤੀ ਜੀ)।

ਇਥੇ ਹੀ ਆਪ ਦਾ ਇਕ ਸ਼ਰਧਾਲੂ ਨੱਥਾ ਸਿੰਘ ਆਪ ਜੀ ਦੇ ਦਰਸ਼ਨ ਲਾਭ ਲਈ ਆਇਆ। ਇਹ ਸਿੱਖ ਆਪਣੇ ਪਿਤਾ ਦੇ ਫੁਲ ਹਰਿਦੁਆਰ ਗੰਗਾ ਜੀ ਵਿਚ ਪ੍ਰਵਾਹਿਤ ਕਰਨ ਜਾ ਰਿਹਾ ਸੀ। ਸ੍ਰੀ ਗੁਰੂ ਜੀ ਨੇ ਇਸ ਸਿੱਖ ਨੂੰ ਮੱਥਾ ਨਾ ਟੇਕਣ ਦਿੱਤਾ ਅਤੇ ਇਸਨੂੰ ਬਹੁਤ ਝਾੜ ਪਾਈ। ਸਤਿਗੁਰੂ ਜੀ ਨੇ ਆਖਿਆ, "ਤੂੰ ਤਨਖਾਹੀਆ ਹੈਂ ਕਿਉਂਕਿ ਤੂੰ ਆਪਣੇ ਬ੍ਰਿਧ ਪਿਤਾ ਦੀ ਸੇਵਾ ਨਹੀਂ ਕੀਤੀ, ਉਹ ਦੁਖੀ ਹੋ ਕੇ ਤਿਹਾਇਆ ਮਰਿਆ ਹੈ, ਉਸਦੀ ਮ੍ਰਿਤਯੁ ਪ੍ਰਯੰਤ ਨੂੰ ਹੁਣ ਉਸਦੇ ਫੁਲ ਗੰਗਾ ਵਿਚ ਪਾਂਦਾ ਫਿਰਦਾ ਹੈਂ। ਤੈਨੂੰ ਸ਼ਰਮ ਆਉਣੀ ਚਾਹੀਦੀ ਹੈ, ਪੁੱਤਰ ਮਾਤਾ-ਪਿਤਾ ਦਾ ਰਿਣ ਸਤ ਜਨਮ ਧਾਰ ਕੇ ਵੀ ਨਹੀਂ ਚੁਕਾ ਸਕਦਾ। ਇਸ ਉਪਰੰਤ ਗੁਰੂ ਜੀ ਨੇ ਭਾਈ ਗੁਰਦਾਸ ਜੀ ਦੀ ਨਿਮਨ ਪਉੜੀ ਪੜ੍ਹ ਕੇ ਸੁਣਾਈ ਅਤੇ ਪੰਜ ਬਾਲਕਾਂ ਨੂੰ ਗੁਰਮੁਖੀ ਪੜ੍ਹਾਉਣ ਦੀ ਤਨਖਾਹ ਲਾ ਕੇ ਬਖ਼ਸ਼ਵੰਦੀ ਕੀਤੀ।

ਪਉੜੀ ੧੩

ਮਾ ਪਿਉ ਪਰਹਰਿ ਸੁਣੈ ਵੇਦੁ ਭੇਦੁ ਨ ਜਾਣੈ ਕਹਾਣੀ॥

ਮਾ ਪਿਉ ਪਰਹਰਿ ਕਰੈ ਤਪੁ ਵਣ ਖੰਡਿ ਭੁਲਾ ਫਿਰੈ ਬਿਬਾਣੀ॥

ਮਾ ਪਿਉ ਪਰਹਰਿ ਪੂਜੁ ਦੇਵੀ ਦੇਵ ਨ ਸੇਵ ਕਮਾਣੀ॥
ਮਾ ਪਿਉ ਪਰਹਰਿ ਕਰੈ ਦਾਨ ਬੇਈਮਾਨ ਅਗਿਆਨ ਪਰਾਣੀ॥
ਮਾ ਪਿਉ ਪਰਹਰਿ ਨ੍ਹਾਵਣਾ ਅਠਸਠਿ ਤੀਰਥ ਘੁਮਣਵਾਣੀ॥
ਮਾ ਪਿਉ ਪਰਹਰਿ ਵਰਤ ਕਰਿ ਮਰਿ ਮਰਿ ਜੰਮੈ ਭਰਮਿ ਭੁਲਾਣੀ॥
ਗੁਰ ਪ੍ਰਮੇਸਰੁ ਸਾਰ ਨ ਜਾਣੀ॥੩॥

ਭਾਵ, ਕਿ ਗੁਰੂ ਜੀ ਨੇ ਫ਼ੁਰਮਾਇਆ ਹੈ ਕਿ ਉਪਰੋਕਤ ਸਾਰੇ ਕਰਮ ਸ੍ਰੇਸ਼ਟ ਅਤੇ ਸਿੱਖ ਦੇ ਕਰਨ ਯੋਗ ਹਨ। ਪਰੰਤੂ ਜੇਕਰ ਸਿੱਖ ਦੇ ਮਾਤਾ-ਪਿਤਾ ਕਿਸੇ ਗੱਲੋਂ ਦੁਖੀ ਹਨ ਤਾਂ ਸਿੱਖ ਦੇ ਉਪਰੋਕਤ ਕਰਮ ਸਾਰੇ ਨਿਹਫਲ ਹਨ। ਏਸੇ ਮਨੁੱਖ ਤੋਂ ਸਤਿਗੁਰ ਅਤੇ ਪ੍ਰਮੇਸ਼ਰ ਦੋਵੇਂ ਹੀ ਨਾਰਾਜ਼ ਰਹਿੰਦੇ ਹਨ। ਮਾਤਾ-ਪਿਤਾ ਦੀ ਸੇਵਾ ਨਾ ਕਰਨ ਵਾਲਾ ਮਨੁੱਖ ਬੇ-ਮੁਖ ਹੈ।

ਸ੍ਰੀ ਸਤਿਗੁਰੂ ਜੀ ਦਾ ਇਹ ਉਪਦੇਸ਼ ਸੁਣਨ ਤੋਂ ਉਪਰੰਤ ਨੱਥਾ ਸਿੰਘ ਨੇ ਭੈ ਖਾਂਦੇ ਹੋਏ ਆਪਣੀ ਗ਼ਲਤੀ ਲਈ ਮਾਫ਼ੀ ਮੰਗਦੇ ਹੋਏ ਗੁਰੂ ਜੀ ਤੋਂ ਬਖ਼ਸ਼ਬੰਦੀ ਲਈ ਅਰਜ ਕੀਤੀ। ਨੱਥਾ ਸਿੰਘ ਨੇ ਨਮਸਕਾਰ ਕਰਕੇ ਹੱਥ ਜੋੜੇ ਅਰ ਬੇਨਤੀ ਕੀਤੀ ਕਿ ਮੈਨੂੰ ਬਖ਼ਸ਼ੋ! ਇਸ ਪਰ ਬਾਬਾ ਜੀ ਨੇ ਹੁਕਮ ਦਿੱਤਾ ਕਿ ਅਸਥੀਆਂ ਜ਼ਮੀਨ ਵਿਚ ਗੱਡ ਕੇ ਵਾਪਸ ਘਰ ਨੂੰ ਜਾਹ। ਤੂੰ ਗੁਰਮੁਖੀ ਵਿਦਿਆ ਪੜ੍ਹਿਆ ਹੋਇਆ ਹੈ, ਇਸ ਲਈ ਪੰਜ ਬਾਲਕਾਂ ਨੂੰ ਗੁਰਮੁਖੀ ਪੜ੍ਹਾ ਕੇ ਅਤੇ ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਦੀ ਪੋਥੀ ਦੇ ਪਾਠੀ ਬਣਾ। ਇਸ ਪ੍ਰਕਾਰ ਨੱਥਾ ਸਿੰਘ ਜੀ ਦੀ ਬਖ਼ਸ਼ਬੰਦੀ ਹੋਈ।

☆

ਪਾਤਸ਼ਾਹੀ ੧੧ਵੀਂ
ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਮਹਾਰਾਜ

ਪ੍ਰਮੇਸ਼ਵਰ ਦੀ ਰਜ਼ਾ ਅਨੁਸਾਰ ਗਿਆਰਵੇਂ ਗੁਰੂ ਜੀ ਗੁਪਤ ਰੂਪ ਵਿਚ ਹੀ ਵਰਤੇ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੀ ਲਿਖਦੇ ਹਨ:

ਜਾਮੇ ਧਾਰੇ ਦਸ ਗੁਰੂ ਨਵਸਤ ਕਲਾ ਸੁਧਾਰ॥
ਗੁਪਤ ਗਿਆਰਵਾਂ ਖੇਲਸੀ ਕੋਇ ਕੁ ਪਾਵੈ ਪਾਰ॥
ਜਾਮਾ ਪਹਿਰੇ ਯਾਰਵਾਂ ਬਾਜਾਪੁਰ ਕੇ ਮਾਹਿ॥
ਸੰਗਤ ਮਿਲੇ ਕਰੋੜ ਦੁਇ ਦਰਸ ਦਿਖਾਵੇ ਤਾਹਿ॥
ਤੀਨ ਮਾਸ ਖਟ ਰਹੇਂਗੇ ਗ੍ਰਿਹਿ ਗਨਕਾ ਗੁਰਇੰਡ॥
ਉਦਰ ਲੋਪ ਅੰਡਾ ਸਹਿਤ ਸੌ ਸਾਖੀ ਬ੍ਰਹਿਮੰਡ॥

(ਗੁਰਿੰਡਨਾਮਾ ਪਾ: ੧੦ਵੀਂ)

ਭਾਈ ਸੰਤੋਖ ਸਿੰਘ ਜੀ ਵੀ ਲਿਖਦੇ ਹਨ:

ਬੇਰ ਗਿਆਰਹਵੀਂ ਹਮ ਚਲ ਆਵਹਿ
ਤਬ ਤੇ ਹਮੈ ਕੋਇ ਕੁ ਲਖ ਪਾਵੈ।
ਪੰਥ ਖਾਲਸਾ ਖੇਤੰ ਮੇਰੀ।
ਕਰੋ ਸੰਭਾਲਨ ਹਉ ਤਿਸ ਬੇਰੀ।
ਆਲਿਮ ਸਿੰਘ ਬੰਦ ਕਰ ਦੋਇ।
ਕਿਹਾ ਕਿ ਦਰਸ਼ਨ ਭੀ ਤੁਮ ਹੋਇ।
ਗੁਰੂ ਕਿਹਾ ਹਮ ਵੀ ਰਖਹਿੰ ਹਿਰਦੈ ਭਾਵਨੀ ਸੋਇ।
ਅੰਮ੍ਰਿਤਸਰ ਪਹੁਚਬੇ ਰਾਮ ਸਰੋਵਰ ਜੋਇ। *(ਸੂਰਜ ਪ੍ਰਕਾਸ਼ ਗ੍ਰੰਥ)*


ਉਪ੍ਰੋਕਤ ਕਥਨ ਦੀ ਪੁਸ਼ਟੀ ਗਿਆਨੀ ਗਿਆਨ ਸਿੰਘ ਜੀ ਕਰਦੇ ਹਨ। ਆਪ ਦੇ ਗੁਪਤ ਵਰਤਣ ਬਾਰੇ ਗਿਆਨੀ ਜੀ ਲਿਖਦੇ ਹਨ ਕਿ ਘੜੇ ਦੇ ਅੰਦਰ ਦੀਵਾ ਜਗਾਈਏ ਤਾਂ ਪੂਰਾ ਘੜਾ ਅੰਦਰੋਂ ਰੌਸ਼ਨ ਹੋਵੇਗਾ ਅਤੇ ਘੜੇ ਤੋਂ ਬਾਹਰ ਅੰਸ਼ ਮਾਤਰ ਹੀ ਰੌਸ਼ਨੀ ਆਵੇਗੀ। ਉਸੇ ਤਰ੍ਹਾਂ ਸਤਿਗੁਰੂ ਬਾਲਕ ਸਿੰਘ ਜੀ

ਦੀਆਂ ਕਰਾਮਾਤਾਂ ਸਨ।

ਨਾਮ ਸਿੰਘ ਬਾਲਕ ਪੈ ਪਾਲਕ ਪੈਗੰਬਰੋ ਕੇ,
ਅੰਬਰੋਂ ਕੇ ਮਾਲਕ ਅਡੰਬਰੋ ਕੇ ਤਿਆਗੀ ਹੈਂ
ਤਾਲਕ ਰਖੇ ਹੈ ਏਕ ਖਾਲਕ ਸੈ ਮਾਲਕ ਸੋ,
ਗਾਲਕ ਬਿਕਾਰਨ ਕੇ ਚਾਲਕ ਵੈਰਾਗੀ ਹੈਂ।
ਗੋਇ ਰਾਖੀ ਘਟ ਦੀਪ ਜਿਮ ਨਿਜ ਅਜਮਤ
ਮਜਮਤ ਭਗਤਿ ਵਿਰਕਤ ਅਦਾਗੀ ਹੈਂ।
ਕੀਰਤਨ ਕਥਾ ਸਤਿਸੰਗ ਜਥਾ ਜੋਗ ਤਥਾ,
ਰਾਖ ਤਖਾ ਭਾਖ ਤਥਾ ਭਜਨ ਸੁ ਜਾਗੀ ਹੈਂ।
ਇਸ ਤੋਂ ਦੂਏ ਕਬਿਤ ਵਿਚ ਨਾਲ ਵਿਜਾਹਤ ਬਿਆਨ
ਦਰਸ਼ਨ ਦੇ ਦਸਮੇਸ਼ ਗੁਰ ਕੀਤਾ ਇਉਂ ਫ਼ੁਰਮਾਨ
ਬਾਲਕ ਮ੍ਰਿਗੇਸ਼ ਤੇ ਵਸ਼ੇਸ਼ ਉਪਦੇਸ਼ ਨਾਮ
ਯਦੀ ਨਰ ਨਾਰੀ ਲੈ ਅਪਾਰੀ ਭਵ ਤੇ ਤਰੇ।
ਔਰ ਇਲਹਾਮ ਕਈ ਬਾਰ ਕਰਤਾਰ ਦਇਓ।
ਨਾਮ ਦੈ ਉਧਾਰ ਕਰ ਜੀਵਨ ਕਾ ਤੂੰ ਖਰੇ।
ਐ ਪੈ ਗੁਰ ਦਸਮ ਦਰਸ ਦੈ ਯੋਂ ਕਹਿਓ ਤਾਹਿ।
ਮੇਰੋ ਅਵਤਾਰ ਅੰਸ ਰਾਮ ਸਿੰਘ ਹਵੇ ਭਰੇ।
ਯਾਹਿ ਤਿਤ ਤਾਹਿ ਨਾਹਿ ਔਰ ਕਾਹਿ ਮਾਹਿ।
ਨਿਜ ਸਕਤਿ ਰਖਾਈ ਗੁਰਵਾਕ ਦਿਢ ਥੇ ਧਰੇ। *(ਪੰਥ ਪ੍ਰਕਾਸ਼)*

ਇਸ ਪ੍ਰਕਾਰ ਆਪ ਨੇ ਬੜੇ ਸਹਜ ਅਤੇ ਸਰਲ ਢੰਗ ਨਾਲ ਜੀਵਨ ਬਤੀਤ ਕੀਤਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਅਨੁਸਾਰ ਆਪ ਭਜਨ ਬੰਦਗੀ ਕਰਦੇ ਹੋਏ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਗੁਰਗੱਦੀ ਸੌਂਪ ਕੇ ਬ੍ਰਹਮਲੀਨ ਹੋ ਗਏ। ਆਪ ਜੀ ਦੇ ਸਮੇਂ ਕਿਸੇ ਵੀ ਸਿਖ ਦੇ ਬੇਮੁਖ ਜਾਂ ਤਨਖਾਹੀਆ ਹੋਣ ਦਾ ਪ੍ਰਮਾਣ ਨਹੀਂ ਪ੍ਰਾਪਤ ਹੁੰਦਾ।

ਪਾਤਸ਼ਾਹੀ ੧੨ਵੀਂ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ



ਪਰਮ ਪ੍ਰਮੇਸ਼ਵਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ, ਲਗਭਗ ੧੪ ਸਾਲ ਤਕ ਪ੍ਰਤੱਖ ਰੂਪ ਵਿਚ ਗੁਰਗੱਦੀ ਉਤੇ ਵਿਰਾਜਮਾਨ ਰਹੇ। ਆਪ ਜੀ ਦੇ ਸਮੇਂ ਕਿਸੇ ਵੀ ਸਿਖ ਦੇ ਬੇ-ਮੁਖ ਹੋਣ ਦਾ ਜ਼ਿਕਰ ਨਹੀਂ ਦੇ ਬਰਾਬਰ ਹੈ। ਇਕ ਵਾਰ ਕੁਝ ਨੰਗਲੇ ਦੀ ਢਾਬ ਦੇ ਮਸਤਾਨਿਆਂ ਨੂੰ ਡਾਂਗ ਪ੍ਰਸ਼ਾਦ ਵਰਤਾ ਕੇ ਉਨ੍ਹਾਂ ਦੇ ਗੁਨਾਹ ਦੀ ਮਾਫ਼ੀ ਦੇ ਦਿੱਤੀ ਸੀ। ਉਪ੍ਰੋਕਤ ਘਟਨਾ ਦਾ ਕਾਰਨ ਸੰਤ ਹਰਨਾਮ ਸਿੰਘ ਜੀ ਜੋ ਚੰਗੇ ਸਿੱਧ ਮਹਾਂ ਪੁਰਸ਼ ਸਨ। ਇਨ੍ਹਾਂ ਨੂੰ ਮਸਤਾਨਿਆਂ ਨੇ ਸ਼ੱਕੀ ਨਜ਼ਰ ਨਾਲ ਵੇਖਿਆ ਸੀ ਤੇ ਉਨ੍ਹਾਂ ਨਾਲ ਮਾਰਕੁਟ ਕੀਤੀ ਜਿਸ ਦੀ ਸ਼ਿਕਾਇਤ ਉੱਤੇ ਗੁਰੂ ਰਾਮ ਸਿੰਘ ਜੀ ਮਸਤਾਨਿਆਂ ਨੂੰ ਡਾਂਗ ਪ੍ਰਸ਼ਾਦ ਛਕਾਇਆ ਸੀ। ਇਸ ਘਟਨਾ ਦਾ ਵਿਸਥਾਰ ਨਾਲ ਵਰਣਨ ਸ੍ਰੀ ਮਾਨ ਵਿਧਾਤਾ ਸਿੰਘ ਜੀ ਤੀਰ ਅੰਮ੍ਰਿਤਸਰ ਨੇ ਆਪਣੀ ਕਵਿਤਾ 'ਪ੍ਰੀਤਮ ਪਿਆਰੇ' ਵਿਚ ਕੀਤਾ ਹੈ। ਇਹ ਕਵਿਤਾ ਸਤਿਜੁਗ ਦੇ ੧੦ ਮਾਘ ੧੯੯੨ ਦੇ ਬਸੰਤ ਅੰਕ ਵਿਚ ਪ੍ਰਕਾਸ਼ਿਤ ਹੋਈ ਸੀ।

ਪ੍ਰੀਤਮ-ਪਿਆਰੇ

(ਵਲੋਂ ਸ੍ਰੀ ਮਾਨ ਸ੍ਰ. ਵਿਧਾਤਾ ਸਿੰਘ ਜੀ 'ਤੀਰ' ਅੰਮ੍ਰਿਤਸਰ)

ਧਰਤੀ ਮਾਲਵੇ ਦੀ ਖਾਣ ਬਰਕਤਾਂ ਦੀ,
ਰਾਣੀ ਉਹਦੀਆਂ ਕੁਦਰਤਾਂ ਸਾਰੀਆਂ ਦੀ।
ਚਰਨ ਰਾਮ ਦੇ ਸਿਦਕ ਵਿਚ ਪਰਸ ਰਹੀਸੀ,
ਦਿਲੋਂ ਭਰੀ ਹੋਈ ਤਾਂਘਾਂ ਭਾਰੀਆਂ ਦੀ।
ਵਗਦੀ ਪਈ ਸੀ ਸਰਸੇ ਦੇ ਕੰਢਿਆਂ ਤੇ,
ਖੁਲ੍ਹੀ ਨਾਮ ਧਾਰਾ ਨਾਮਧਾਰੀਆਂ ਦੀ।
ਠੰਢ ਪਾਉਂਦੀ ਪਈ ਸੀ ਸੜਦਿਆਂ ਨੂੰ,
ਰੂਹ ਰੱਬ ਦੀ ਸ਼ਕਲ ਸੰਸਾਰੀਆਂ ਦੀ।
ਹਰ ਇਕ ਦਿਲ ਅੰਦਰ ਦਰਦ ਦੇਸ਼ ਦਾ ਸੀ,
ਹਰ ਇਕ ਅੱਖ ਅੰਦਰ 'ਰਾਮ' ਵਸਦਾ ਸੀ।
ਹਰ ਇਕ ਜੀਭ ਤੇ ਰਾਮ ਸੀ ਰਾਜ ਕਰਦਾ,
ਹਰ ਇਕ ਰੂਪ ਅੰਦਰ ਰਾਮ ਹੱਸਦਾ ਸੀ।

ਹਥਾਂ ਵਿਚ ਮਾਲਾ ਮਾਲਾ ਵਿਚ ਬਿਰਤੀ,
ਬਿਰਤੀ ਵਿਚ ਰੱਬੀ ਲਹਿਰ ਵੱਗ ਰਹੀ ਸੀ।
ਪੈਰ ਜਾਪਦੇ ਪਏ ਸੀ ਪੰਧ ਅੰਦਰ,
ਸੁਰਤ ਸਿਦਕ ਰੰਗ ਰੱਤੜੀ ਲਗ ਰਹੀ ਸੀ।
ਕਿਲੇ ਪਏ ਵਿਕਾਰਾਂ ਦੇ ਢੱਠਦੇ ਸਨ,
ਨਾਮੀ ਤੋਪ ਸਤ ਨਾਮ ਦੀ ਦੱਗ ਰਹੀ ਸੀ।
ਇਰਦ ਗਿਰਦ ਸਨ ਝੁੰਡ ਪਰਵਾਨਿਆਂ ਦੇ,
ਵਿਚ 'ਰਾਮ' ਰੂਪੀ ਜੋਤ ਜਗ ਰਹੀ ਸੀ।
ਪਾਈ ਗੂੰਜ ਚਫੇਰ ਸੀ ਭੌਰਿਆਂ ਨੇ,
ਮਹਾਰਾਜ ਲਗਦੇ ਵਾਂਙ ਫੁੱਲ ਦੇ ਸਨ।

ਮਾਲਾ ਵਾਂਙ ਸੁਦਰਸ਼ਨ ਦੇ ਚਲਦੀ ਸੀ,
ਉਸ 'ਚੋ ਬੰਦਗੀ ਦੇ ਜੌਹਰ ਖੁਲਦੇ ਸਨ।
ਰੰਗ ਰੱਤੜੇ ਏਸ ਵਹੀਰ ਅੰਦਰ,
ਝਾਕੀ ਇਕ ਐਸੀ ਨਜ਼ਰ ਆ ਰਹੀ ਸੀ।
ਲਗਨ-ਲੀਨ ਇਕ ਮਾਈਆਂ ਦੀ ਮੰਡਲੀ ਵੀ,
ਜਨਮ ਮਰਨ ਦਾ ਪੰਧ ਮੁਕਾ ਰਹੀ ਸੀ।
ਏਹਨਾਂ ਨਾਲ ਇਕ ਸਿੱਖ ਵੀ ਜਾ ਰਿਹਾ ਸੀ,
ਜਿੰਨੂੰ ਸਾਦਗੀ ਸੀਸ ਨਿਵਾ ਰਹੀ ਸੀ।
ਐਪਰ ਓਸ ਦੀ ਤੋਰ 'ਮਸਤਾਨਿਆ' ਨੂੰ,
ਕਿਸੇ ਗੰਧਲੇ ਭਰਮ ਵਿਚ ਪਾ ਰਹੀ ਸੀ।
ਉਨ੍ਹਾਂ ਆਖਿਆ! ਵੇਖ! ਹਰਨਾਮ ਸਿੰਘਾ,!
ਸਾਡੀ ਹਿਕ ਉਤੇ ਅੱਗ ਬਾਲ ਨਾ ਤੂੰ।
ਹੋਕੇ ਵੱਖਰਾ ਆਪਣਾ ਕੱਟ ਪੈਂਡਾ,
ਤੁਰ ਇਸਤਰ੍ਹਾਂ ਬੀਬੀਆਂ ਨਾਲ ਨਾ ਤੂੰ।

ਉਹਨੇ ਆਖਿਆ! ਕਮਲਿਓ! ਰਹੋ ਠੱਪੇ,
ਮੇਰੀ ਰਮਜ਼ ਨੂੰ ਤੁਸਾਂ ਨਾ ਲੱਖਿਆ ਏ।
ਮੇਰੀ ਅੱਖ ਦੇ ਵਿਚ ਨਹੀਂ ਮੈਲ ਕੋਈ,
ਤੁਸਾਂ ਭੁਲ ਅੰਦਰ ਲੱਖਣ ਲੱਖਿਆ ਏ।
ਜਿਥੋਂ ਤੁਸਾਂ ਹੈ ਆਬਹਯਾਤ ਪੀਤਾ,
ਮੈਂ ਵੀ ਓਸੇ ਸਰੋਵਰੋਂ ਚੱਖਿਆ ਏ।
ਐਵੇਂ ਮੂਰਖੋ ਸਿਰਾਂ 'ਤੇ ਚੜ੍ਹ ਗਏਓ,!
ਤੁਸਾਂ ਕਿਸੇ ਦਾ ਅਦਬ ਨਾਂ ਰੱਖਿਆ ਏ।
ਨਿਰ ਛਲ ਸਿਖ ਨੇ ਇਸ ਤਰ੍ਹਾਂ ਰੋਹ ਅੰਦਰ,
ਜਦੋਂ ਇਹ ਦੋ ਚਾਰ ਸੁਣਾ ਦਿਤੀਆਂ।
ਪਾਰਾ ਚੜ੍ਹ ਗਿਆ ਝਟ ਮਸਤਾਨਿਆਂ ਦਾ,
ਉਹਨਾਂ ਪਕੜ ਕੇ ਖ਼ੂਬ ਟਿਕਾ ਦਿਤੀਆਂ।

ਬਸ ਫੇਰ ਕੀ ? ਝੱਟ ਸ਼ਕੈਤ ਹੋ ਗਈ,
ਵੇਲਾ ਤਾੜਿਆ ਠੀਕ ਬਹਾਨਿਆਂ ਨੇ।
ਕਿਹਾ ਸੂਬਿਆਂ! ਸ਼ਹਿਨਸ਼ਾਹ!
ਅੱਤ ਚੁੱਕੀ ਏਨਾਂ ਆਪਦੇ ਮੋਏ ਮਸਤਾਨਿਆਂ ਨੇ।

'ਰਬੀ ਜੋਤ' ਜੀ ਸਾੜਿਆ ਦਿਲ ਡਾਢਾ
ਏਹਨਾਂ ਆਪ ਦੇ ਪ੍ਰੇਮ ਪਰਵਾਨਿਆ ਨੇ।
ਨਹੀਂ ਸਮਝਦੇ, ਕਿਸੇ ਦੀ ਮੰਨਦੇ ਨਹੀ,
ਲਾਇਆ ਆਪਣਾ ਟਿੱਲ ਹੈ ਦਾਨਿਆਂ ਨੇ।
ਗੱਲ ਕੱਲ ਦੀ ਇਹਨਾਂ ਦਾ ਦੱਲ ਵੇਖੋ
ਇਕ ਸਿੱਖ ਇਕੱਲੇ ਤੇ ਟੁੱਟਿਆ ਏ।
ਸਚੇ ਪਾਤਸ਼ਾਹ! ਕੁਝ ਵੀ ਰਲ ਨਹੀ ਸੀ,
ਉਹ ਨੂੰ ਛੱਲੀਆਂ ਦੇ ਵਾਂਙ ਕੁੱਟਿਆ ਏ।

ਦਰਦ ਪੁੰਜ ਬੋਲੇ! "ਹੱਛਾ ਫੇਰ ਕੀਏ,
ਅਸੀਂ ਅਜ ਹੀ ਲੇਖਾ ਮੁਕਾਦਿਆਂ ਗੇ।
ਸਾਡੇ ਸਿਖ ਨੂੰ ਜਿਨ੍ਹਾਂ ਨੇ ਮਾਰਿਆ ਏ
ਅਸੀਂ ਉਨ੍ਹਾਂ ਨੂੰ ਮਜਾ ਚਖਾਦਿਆਂ ਗੇ।
ਸਾਡੇ ਸੂਬੇ 'ਤੇ ਵਰ੍ਹੇ, ਜੋ ਗੜੇ ਹੋ ਕੇ ਅਸੀਂ
ਉਹ ਨੂੰ ਰੰਗ ਵਿਖਾਦਿਆਂ ਗੇ।
ਪਕੇ ਹੋਏ ਹੰਕਾਰੀਆਂ ਸਿੱਟਿਆਂ ਤੇ ਅਸੀਂ
ਡਾਂਗ ਦਾ ਮੀਹ ਵਰ੍ਹਾ ਦਿਆਂ ਗੇ।"
ਏਨਾ ਆਖ ਕੇ ਚਲ ਪਏ ਰਮਜ ਅੰਦਰ ਕੌਤਕ
ਅਜਬ ਸੰਸਾਰ ਤੇ ਕਰਨ ਵਾਲੇ।
ਭਰਿਆਂ ਉਛਲਿਆਂ ਨੂੰ ਖਾਲੀ ਕਰਨ ਵਾਲੇ
ਅਤੇ ਸਖਣਿਆਂ ਨੂੰ ਪਲ ਵਿਚ ਭਰਨ ਵਾਲੇ।

ਓਧਰ ਮਸਤਿਆ ਝੁੰਡ ਮਸਤਾਨਿਆਂ ਦਾ,
ਹੈਸੀ ਨੰਗਲੇ ਦੀ ਸੁੰਦਰ ਢਾਬ ਉਤੇ।
ਜਾਪੇ ਖੁਸ਼ੀ ਅਗੰਮੀ ਦੇ ਵਿਚ ਖਿੜਿਆ
ਭਖਨ ਲਾਲੀਆਂ ਚੇਹਰੇ ਗੁਲਾਬ ਉਤੇ।
ਕੋਈ ਗਾਂਵਦਾ ਸੀ ਕੋਈ ਝੂਮਦਾ ਸੀ,
ਕੋਈ ਮਸਤ ਸੀ ਤਾਰ ਰਬਾਬ ਉੱਤੇ।
ਕੋਈ ਨਾਮ ਅਲੱਖ ਦਾ ਲਿਖ ਰਿਹਾ ਸੀ,
ਆਪਣੇ ਦਿਲ ਦੀ ਪਾਕ ਕਿਤਾਬ ਉੱਤੇ।
ਕਿਸੇ ਆਣ ਕੇ ਆਖਿਆ: ਸੁਣੋ ਸਿਖੋ
"ਜਾਣੀ ਜਾਣ" ਨੇ ਆਪ ਵਲ ਆਉਣ ਲੱਗੇ।

ਬਸ ਫੇਰ ਕੀ ਸੀ ਆ ਕੇ ਰੰਗ ਅੰਦਰ ਨੱਚਣ
ਡਹਿ ਪਏ ਘੁੰਮਰਾਂ ਪਾਉਣ ਲੱਗੇ।
ਏਨੇ ਚਿਰ ਨੂੰ ਚੀਨੀ ਸਵਾਰ ਆ ਗਏ ਬੋਲੇ!
"—ਉਠ ਕੇ ਜਾਓ ਖਲੋ ਸਾਰੇ।
ਖ਼ਬਰਦਾਰ ਅਗੇ ਪਿਛੇ ਹੋਵਣਾ ਨਾ ਜਾਓ
ਇਕੋ ਕਤਾਰ ਵਿਚ ਹੋ ਸਾਰੇ।
ਤੋਬਾ! ਤੁਸਾਂ ਸਤਾਇਆਏ ਬੜਾ ਮੈਨੂੰ
ਕੰਡੇ ਦਿਤੇ ਜੇ ਮੈਨੂੰ ਚੁਭੋ ਸਾਰੇ।
ਹੋ ਕੇ ਏਕਤਾ ਦੇ ਭੁੱਲ ਖਾਲਸਾ ਜੀ ਫੇਰ ਰਖੋ
ਕਿਉਂ ਦੂਈ ਦੀ ਬੋ ਸਾਰੇ।"
ਝੱਟ ਬੰਨ੍ਹ ਲਈ ਪਾਲ ਮਸਤਾਨਿਆਂ ਨੇ
ਜਾਣੀ ਜਾਣ ਜੀ ਡਾਂਗ ਵਰਤਾਉਣ ਲਗੇ।
ਜਾਣ ਏਧਰੋਂ ਮਾਰਦੇ
ਓਸ ਪਾਸੇ ਅਤੇ ਓਧਰੋਂ ਇਧਰ ਨੂੰ ਆਉਣ ਲਗੇ।
ਮਾਰ ਜਿਉਂ ਜਿਉਂ ਪਵੇ ਮਸਤਾਨਿਆਂ ਨੂੰ,
ਤਿਉਂ ਤਿਉਂ ਕਹਿਣ ਰੰਗਣ ਚਾੜ੍ਹ ਜਾਇਓ।
ਖਾ ਕੇ ਇਕ ਪਾਸੇ ਮੁੜਨ ਦੂਏ ਪਾਸੇ,
ਆਖਣ ਇਧਰ ਦੇ ਪਾਪ ਵੀ ਝਾੜ ਜਾਇਓ।
ਮੂੰਹ ਨਾਮ ਨਹੀਂ ਜਪਦਾ ਵਰ੍ਹੋ ਇਸ ਤੇ,
ਅਜ ਇਹਦਾ ਵੀ ਭੰਨ ਬੁਥਾੜ ਜਾਇਓ।
ਹਥ ਸੇਵਾ ਦਾ ਕਦੇ ਨਹੀ ਨਾਮ ਲੈਂਦੇ,
ਮਾਰ ਗੁੱਟ ਉਤੇ ਕਾੜ ਕਾੜ ਜਾਇਓ।
ਨਿਵਦੇ ਨਹੀਂ ਸਿਰ ਭਰੇ ਹੰਕਾਰ ਦੇ ਇਹ,
ਡਾਂਗ ਮਾਰ ਕੇ ਇਹਨਾਂ ਨੂੰ ਤੋੜ ਜਾਇਓ।
ਸਾਡੇ ਸੀਨਿਆਂ ਵਿਚ ਨਹੀਂ ਦਰਦ ਰਿਹਾ,
ਕੋਈ ਦਰਦ ਵਾਲਾ ਕੰਡਾ ਪੋੜ ਜਾਇਓ।

ਲੋਕੀ ਵੇਖਦੇ ਸੀ ਜੇਹੜੇ ਏਹ ਕੌਤਕ,
ਪਏ ਮੂੰਹ ਵਿਚ ਉਂਗਲਾਂ ਪਾਂਵਦੇ ਸਨ।
ਨਾਲੇ ਸ਼ਹਿਨ ਸ਼ਾਹ, ਕੁੱਟਣ ਮਸਤਾਨਿਆਂ ਨੂੰ,
ਨਾਲੇ ਦਰਦ ਵਿਚ ਨੈਨ ਵਹਾਂਵਦੇ ਸਨ।

ਅਜਬ ਹਾਲ ਸੀ ਇਧਰ ਮਸਤਾਨਿਆਂ ਦਾ,
ਨਾਲੇ ਨਚਦੇ ਸਨ ਨਾਲੇ ਗਾਂਵਦੇ ਸਨ।
ਚੀਨੀ ਵਾਲੇ ਦੇ ਪਿਆਰ ਦੇ ਹੋ ਭੁੱਖੇ,
ਸ਼ੁਕਰ ਸ਼ੁਕਰ ਕਰਕੇ ਡਾਂਗਾਂ ਖਾਂਵਦੇ ਸਨ।
ਲਿਆ ਡਾਂਗ ਪਰਸ਼ਾਦ ਸ਼ਰਧਾਲੂਆਂ ਨੇ,
ਮਹਾਰਾਜ ਵਰਤਾ ਕੇ ਚਲੇ ਗਏ।
"ਅੰਨ ਜਲ ਨਾ ਦੇਣਾ ਮਸਤਾਨਿਆਂ ਨੂੰ"
ਜਾਂਦੀ ਵਾਰ ਫੁਰਮਾ ਕੇ ਚਲੇ ਗਏ।

ਚਾਰ ਦਿਨ ਹੋ ਗਏ, ਏਸੇ ਹਾਲ ਅੰਦਰ,
ਐਪਰ ਭੁੱਖਿਆਂ ਈ ਸਿਦਕੀ ਰੱਜਦੇ ਰਹੇ।
ਬੇ ਪਰਵਾਹ ਬੇ ਖੌਫ਼ ਬੇਚਿੰਤ ਹੋ ਕੇ,
ਦਿਲੋਂ 'ਰਾਮ ਜੀ' 'ਰਾਮ ਜੀ' ਭਜਦੇ ਰਹੇ।
ਧੂੜੀ ਵਿਚ ਲੁਡੰਦੜਦੇ ਸੋਂਹਵਦੇ ਰਹੇ,
ਬਿਨਾਂ ਸੋਹਜ ਸ਼ਿੰਗਾਰ ਤੋਂ ਸਜਦੇ ਰਹੇ।
ਉਨ੍ਹਾਂ ਹਸਦਿਆਂ ਪ੍ਰੇਮ ਦੀ ਕੈਦ ਕੱਟੀ,
ਕਾਇਮ ਫ਼ੈਸਲੇ ਦਿਲਾਂ ਦੇ ਜੱਜਦੇ ਰਹੇ।
ਏਧਰ ਰੰਗ ਸੀ ਏਹ ਮਸਤਾਨਿਆਂ ਦਾ,
ਪਿਆ ਪੇਟ ਅੰਦਰ ਭੋਰਾ ਅੰਨ ਦਾ ਨਹੀਂ।
ਓਧਰ, ਕਹੇ ਜੇ ਕੋਈ ਕੁਝ ਛਕੋ ਪ੍ਰਭ ਜੀ !,
ਆਖਣ ਮੰਨ ਕੁਝ ਖਾਣ ਨੂੰ ਮੰਨਦਾ ਨਹੀਂ।

ਪੁਛੇ ਕੋਈ ਤਾਂ ਪਾਤਸ਼ਾਹ ਤੜਫ ਆਖਣ,
ਮੈਨੂੰ ਗੱਲਾਂ ਵੀ ਲਗਦੀਆਂ ਤੱਤੀਆਂ ਨੇ।
ਮੈਥੋਂ ਨਹੀਂ ਕੁਈ, ਸੱਜਣੋਂ ! ਗੱਲ ਹੁੰਦੀ,
ਮੇਰੇ ਗਲ ਅੰਦਰ ਪਈਆਂ ਪੱਤੀਆਂ ਨੇ।
ਮੇਰੀ ਅੱਖ ਅੰਦਰ ਵਸੇ ਦਰਦ ਕੋਈ,
ਇਕੇ ਤੁਲਦੀਆਂ ਸਿਦਕ ਦੀਆਂ ਰੱਤੀਆਂ ਨੇ।
ਉਹਨਾਂ ਹਥ ਹੈ ਸਜਣੋਂ ਡੋਰ ਮੇਰੀ,
ਪ੍ਰੇਮ ਪੂਣੀਆਂ ਜਿਨ੍ਹਾਂ ਨੇ ਕੱਤੀਆਂ ਨੇ।
ਏਸ ਰਮਜ ਤੋਂ ਕਿਸੇ ਨੇ ਸਮਝ ਲੀਤਾ,
ਇਹ ਤਾਂ ਪਲ ਰਹੀ ਪ੍ਰੀਤ ਪਰਵਾਨਿਆਂ ਦੀ।

ਤਦ ਤਕ ਭੁੱਖ ਮਹਾਰਾਜ ਨੂੰ ਲਗਣੀ ਨਹੀਂ,
ਜਦ ਤਕ ਮਿਟੇ ਨ ਭੁੱਖ ਮਸਤਾਨਿਆਂ ਦੀ।
ਕਿਹਾ: ਪਹਿਲੇ ਛਕਾਉ ਮਸਤਾਨਿਆਂ ਨੂੰ,
ਸਿਖੀ ਜਿਨ੍ਹਾਂ ਨੇ ਹੈ ਨੂਰੋ ਨੂਰ ਕੀਤੀ।
ਸਿਦਕੀ ਇਸ ਤਰ੍ਹਾਂ ਸਿਦਕ ਵਿਚ ਵਸਦੇ ਨੇ,
ਉਨ੍ਹਾਂ ਪੰਥ ਵਿਚ ਗਲ ਮਸ਼ਹੂਰ ਕੀਤੀ।
ਰਹਿ ਕੇ ਭੁਖਿਆਂ, ਉਨ੍ਹਾਂ ਨੇ ਹੁਕਮ ਅੰਦਰ,
ਮੇਰੀ ਭੁਖ ਹੈ ਸਜਣੋਂ ਦੂਰ ਕੀਤੀ।
'ਤੀਰ' ਇਹ ਹੈ ਪਿਆਰ ਦੀ ਉਚ ਝਾਕੀ,
ਲੇਸ ਏਸ ਵਿਚ ਦੁਨੀਆ ਦੇ ਰੰਗ ਦੀ ਨਹੀਂ।
ਸਿਖ ਅੰਨ ਦੇ ਬਿਨਾ ਜੇ ਰਹੇ ਭੁੱਖਾ,
ਬੁਰਕੀ ਸਤਿਗੁਰੂ ਦੇ ਮੂੰਹੋਂ ਲੰਘਦੀ ਨਹੀਂ।

✰

ਸ੍ਰੀ ਸਤਿਗੁਰੂ ਹਰੀ ਸਿੰਘ ਜੀ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਗਮਨ ਤੋਂ ਉਪਰੰਤ ਸਰਕਾਰ ਦਾ ਦਮਨ ਚੱਕਰ ਬਹੁਤ ਤੇਜ ਹੋ ਗਿਆ। ਅਨੇਕਾਂ ਹੀ ਪਾਬੰਧੀਆਂ ਨਾਮਧਾਰੀਆਂ ਉੱਤੇ ਲੱਗ ਗਈਆਂ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਇੱਛਾ ਅਨੁਸਾਰ ਬਰਤਾਨੀਆ ਸਰਕਾਰ ਨੇ ਸ੍ਰੀ ਭੈਣੀ ਸਾਹਿਬ ਜੀ ਦੀ ਚਾਬੀ ਅਤੇ ਸਾਰੇ ਪ੍ਰਬੰਧ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੂੰ ਸੌਂਪ ਦਿੱਤੇ। ਸਤਿਗੁਰੂ ਰਾਮ ਸਿੰਘ ਜੀ ਨੇ ਰੰਗੂਨ ਤੋਂ ਦਰਬਾਰਾ ਸਿੰਘ ਦੇ ਹੱਥ ਹੁਕਮਨਾਮਾ ਭੇਜ ਕੇ ਸਾਰੀ ਸੰਗਤ ਨੂੰ ਆਦੇਸ਼ ਦਿੱਤਾ, "ਅੱਜ ਤੋਂ ਬੁਧ ਸਿੰਘ ਦਾ ਨਾਂ ਹਰੀ ਸਿੰਘ ਹੋਇਆ ਇਹ ਸਿੱਖੀ ਹਰੀ ਰੱਖੇਗਾ। ਮੇਰੇ ਧੱਕਿਆਂ ਨੂੰ ਇਹ ਬਖ਼ਸ਼ ਦੇਵੇਗਾ, ਪਰ ਇਸਦੇ ਧੱਕਿਆਂ ਨੂੰ ਮੈਂ ਨਹੀਂ ਬਖ਼ਸ਼ਾਂਗਾ।"

ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਦਾ ਵੀ ਕਥਨ ਹੈ:

ਦੋਨੋਂ ਭਈਆ ਏਕ ਸਰੂਪ ਭਾਸੇ।
ਸਤਿਗੁਰੂ ਬਚਨ ਮੁਖੋਂ ਪ੍ਰਗਾਸੇ॥ *(ਸੌ ਸਾਖੀ ਪਾ: ੧੦ਵੀਂ)*

ਸ੍ਰੀ ਸਤਿਗੁਰ ਰਾਮ ਸਿੰਘ ਜੀ ਦੇ ਹੁਕਮ ਅਤੇ ਗੁਰਗੱਦੀ ਉੱਤੇ ਬਿਰਾਜਮਾਨ ਹੋਣ ਉਪਰੰਤ ਵੀ ਕਈ ਮੰਨੇ ਪ੍ਰਮੰਨੇ ਸਿੱਖ ਸਾਧੂ ਆਪਣੀ ਭਜਨਬੰਦਗੀ ਦੇ ਪ੍ਰਤਾਪ ਅਤੇ ਅਹੰਕਾਰ ਦੇ ਨਸ਼ੇ ਵਿਚ ਚੂਰ, ਹੁਕਮ ਦੀ ਅਵਹੇਲਨਾ ਕਰਦੇ ਹੋਏ ਸਤਿਗੁਰੂ ਹਰੀ ਸਿੰਘ ਜੀ ਤੋਂ ਬੇਮੁਖ ਹੀ ਰਹੇ। ਇਹ ਭੱਦ੍ਰਪੁਰਸ਼ ਨਿਮਨ ਸਨ:

੧. ਬਾਬਾ ਗੰਡਾ ਸਿੰਘ ਜੀ (ਇੱਬਨ ਕੂਕਿਆਂ ਦਾ) ਅੰਮ੍ਰਿਤਸਰ
੨. ਸੰਤ ਮੱਲਾ ਸਿੰਘ ਜੀ ਸਿਆਲ ਕੋਟ
੩. ਸੰਤ ਸਾਉਣ ਸਿੰਘ ਜੀ ਕੌਲ ਮਟਾ
੪. ਸੰਤ ਹਰਨਾਮ ਸਿੰਘ ਜੀ ਕਿਲੇ ਵਾਲੇ

ਉਪ੍ਰੋਕਤ ਸਾਧਾਂ ਸੰਤਾਂ ਵਿਚੋਂ ਕੁਝ ਦੀ ਸੰਖੇਪ ਵਾਰਤਾ ਇੰਝ ਹੈ।

ਸੰਤ ਬਾਬਾ ਗੰਡਾ ਸਿੰਘ ਜੀ: ਇਹ ਸੰਤ ਅੰਮ੍ਰਿਤਸਰ ਤੋਂ ਥੋੜੀ ਹੀ ਦੂਰ ਸਥਿੱਤ ਕੂਕਿਆਂ ਦਾ ਇਬਨ ਜਿਸਨੂੰ ਵਰਤਮਾਨ ਵਿਚ ਕੇਵਲ ਇੱਬਨ ਹੀ

ਆਖਦੇ ਹਨ, ਦੇ ਵਸਨੀਕ ਸਨ। ਆਪ ਦਾ ਨਾਮਧਾਰੀ ਪੰਥ ਵਿਚ ਚੰਗਾ ਪ੍ਰਭਾਵ ਸੀ। ਲੋਕਾਂ ਵਿਚ ਮਾਨਯਤਾ ਵੀ ਚੰਗੀ ਸੀ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਇਨ੍ਹਾਂ ਉਤੇ ਅਪਾਰ ਬਖ਼ਸ਼ਿਸ਼ ਸੀ।

ਇਸੇ ਹੀ ਅਹੰਕਾਰ ਵਿਚ ਇਹਨਾਂ ਸੰਤਾਂ ਨੇ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੀ ਅਵਹੇਲਨਾ ਕੀਤੀ। ਬਾਬਾ ਜੀ ਨੇ ਤੇ ਇਥੋਂ ਤਕ ਕਹਿ ਦਿੱਤਾ ਕਿ ਜਿਸਨੇ ਭੈਣੀ ਸਾਹਿਬ ਜਾਣਾ ਹੈ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਨੇ ਹਨ, ਉਹ ਇਥੇ ਇੱਬਨ ਹੀ ਆ ਜਾਵੇ।

ਇਸ ਸਥਿਤੀ ਦੇ ਬਾਵਜੂਦ ਵੀ ਸਤਿਗੁਰੂ ਹਰੀ ਸਿੰਘ ਜੀ ਇਨ੍ਹਾਂ ਦਾ ਸਤਿਕਾਰ ਕਰਦੇ ਅਤੇ ਇਨ੍ਹਾਂ ਦੇ ਪ੍ਰਚਾਰ ਨੂੰ ਨਜ਼ਰ ਅੰਦਾਜ ਕਰ ਛੱਡਦੇ ਇਕ ਵਾਰ ਸ੍ਰੀ ਸਤਿਗੁਰੂ ਜੀ ਨੇ ਸਾਧ ਸੰਗਤ ਨੂੰ ਨਾਲ ਲੈ ਕੇ ਸੰਤਾਂ ਦੇ ਡੇਰੇ ਕੂਕਿਆਂ ਦਾ ਇੱਬਨ ਵਿਚ ਗਏ, ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਬਾਬਾ ਜੀ ਦੇ ਚਰਨ ਸਪਰਸ਼ ਕੀਤੇ ਪਰ ਅੱਗੋਂ ਸੰਤਾਂ ਨੇ ਸ੍ਰੀ ਸਤਿਗੁਰੂ ਜੀ ਦਾ ਕੋਈ ਸਤਿਕਾਰ ਨਹੀਂ ਕੀਤਾ। **"ਸਾਧ ਸੰਗਤ ਜੀ ਇਥੇ ਕੁਝ ਵੀ ਨਹੀਂ ਰੱਖਿਆ"**, ਇਹ ਕਹਿ ਕੇ ਸਤਿਗੁਰੂ ਜੀ ਪਰਤ ਆਏ। ਇਸ ਘਟਨਾ ਤੋਂ ਉਪਰੰਤ ਡੇਰੇ ਅਤੇ ਸੰਤਾਂ ਦਾ ਪ੍ਰਤਾਪ ਖ਼ਤਮ ਹੁੰਦਾ ਹੋਇਆ ਕੁਝ ਹੀ ਸਮੇਂ ਵਿਚ ਪੂਰੀ ਤਰ੍ਹਾਂ ਸਮਾਪਤ ਹੋ ਗਿਆ।

ਸੰਤ ਸਾਉਣ ਸਿੰਘ ਜੀ : ਇਹ ਭੀ ਬੜੇ ਨਾਮੀ ਤੇ ਪ੍ਰਤਾਪੀ ਸਾਧੂ ਸਨ।

ਸੰਤ ਮਲਾ ਸਿੰਘ ਜੀ ਗਿੱਲ : ਇਹ ਸਾਧੂ ਵੀ ਭਜਨ ਬੰਦਗੀ ਦੇ ਪੁੰਜ ਅਤੇ ਸੰਤ ਹਰਨਾਮ ਸਿੰਘ ਜੀ ਕਿਲੇ ਵਾਲੇ ਦੇ ਭਜਨ ਗੁਰੂ ਸਨ ਇਨ੍ਹਾਂ ਦੇ ਮਾਰਗ ਦਰਸ਼ਨ ਅਨੁਸਾਰ ਹੀ ਕਿਲ੍ਹੇ ਵਾਲੇ ਸੰਤ ਬਣੇ।

ਉਪਰੋਕਤ ਦੋਨੋਂ ਸਾਧੂ ਸੰਤ ਗੰਡਾ ਸਿੰਘ ਵਾਂਗ ਸਤਿਗੁਰੂ ਤੋਂ ਮੂੰਹ ਫੇਰ ਕੇ ਆਪਣੀ ਪ੍ਰਤਿਸ਼ਠਾ ਗੁਆ ਬੈਠੇ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ

ਸ੍ਰੀ ਅਟਲ ਪ੍ਰਤਾਪੀ ਸਤਿਗੁਰੂ ਜੀ ਦੇ ਸਮੇਂ ਸਿੱਖਾਂ ਦੀ ਸੰਖਿਆ ਵਿਚ ਬਹੁਤ ਵਾਧਾ ਹੋਇਆ। ਆਪ ਜੀ ਦੇ ਸਮੇਂ ਵੀ ਕੁਝ ਸਿੰਘ ਬੇਮੁਖ ਹੋਏ ਅਤੇ ਉਨਾਂ ਵਿਚੋਂ ਕਈਆਂ ਦੀ ਬਖ਼ਸ਼ਬੰਦੀ ਹੋਈ, ਉਹ ਨਿਮਨ ਸਨ।

ਸ੍ਰੀ ਮਾਨ ਸੰਤ ਨਿਧਾਨ ਸਿੰਘ ਜੀ ਆਲਿਮ, ਲੋਪੋਕੇ, ਜ਼ਿਲਾ ਅੰਮ੍ਰਿਤਸਰ।

ਸ੍ਰੀ ਮਾਨ ਸੰਤ ਇੰਦਰ ਸਿੰਘ ਜੀ ਚੱਕਰਵਰਤੀ, ਲੱਲ ਕਲਾਂ।

ਸ੍ਰੀ ਮਾਨ ਸੰਤ ਬੰਤਾ ਸਿੰਘ ਜੀ, ਬੂੜਾ ਝੱਲਾ।

ਸ੍ਰੀ ਮਾਨ ਭਾਈ ਫਤਹਿ ਸਿੰਘ ਜੀ ਮਾਂਗਾ, ਜ਼ਿਲਾ ਲਾਹੌਰ।

ਸ੍ਰੀ ਮਾਨ ਸੰਤ ਮੰਗਲ ਸਿੰਘ ਜੀ, ਲਾਇਲਪੁਰੀ।

ਸ੍ਰੀ ਮਾਨ ਸੰਤ ਪ੍ਰੀਤਮ ਸਿੰਘ ਜੀ, ਕਵੀ।

ਸ੍ਰੀ ਮਾਨ ਸੰਤ ਗਿਆਨਾ ਸਿੰਘ ਜੀ, ਡਸਕਾ, ਸਿਆਲਕੋਟ।

ਸ੍ਰੀ ਮਾਨ ਮਹਾਰਾਜ ਨਿਹਾਲ ਸਿੰਘ ਜੀ।

ਸ੍ਰੀ ਮਾਨ ਮਹਾਰਾਜ ਗੁਰਦਿਆਲ ਸਿੰਘ ਜੀ।

ਸ੍ਰੀ ਮਾਨ ਸੰਤ ਹਰਨਾਮ ਸਿੰਘ ਜੀ ਕਿਲੇ ਵਾਲੇ, ਜ਼ਿਲਾ ਸਿਆਲਕੋਟ।

ਸ੍ਰੀ ਮਾਨ ਸੰਤ ਦੇਵਾ ਸਿੰਘ ਜੀ ਤਤਲਾ, ਸਿਆਲਕੋਟ।

ਉਪ੍ਰੋਕਤ ਸਿੱਖਾਂ ਤੋਂ ਇਲਾਵਾ ਆਪ ਜੀ ਦੇ ਸਮੇਂ ਦੇ ਸ੍ਰੀ ਮਾਨ ਸੰਤ ਕਰਮ ਸਿੰਘ ਜੀ ਬਾਲਮ ਅਤੇ ਸ੍ਰੀ ਮਾਨ ਸੰਤ ਮੋਹਨ ਸਿੰਘ ਜੀ ਭਾਗੋਵਾਲੀਏ ਵੀ ਬੇਮੁਖ ਹੋਏ। ਇਨ੍ਹਾਂ ਦੀ ਬਖ਼ਸ਼-ਬੰਦੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਹੋਈ।

ਇਹ ਸਾਰੇ ਸਿਖ ਚੋਟੀ ਦੇ ਮਹਾਂਪੁਰਖ ਅਤੇ ਵਿਦਵਾਨ ਸਨ।

ਸ੍ਰੀ ਮਾਨ ਸੰਤ ਨਿਧਾਨ ਸਿੰਘ ਜੀ ਆਲਮ

ਇਹ ਮਹਾਂਪੁਰਖ ਸਰਬਗੁਣ ਸੰਪੰਨ, ਭਜਨ ਬੰਦਗੀ ਦੇ ਪ੍ਰਤਾਪੀ, ਕਵੀ, ਸੰਗੀਤਾਚਾਰਯ, ਲਿਖਾਰੀ, ਹਿੰਦੀ, ਪੰਜਾਬੀ, ਅੰਗ੍ਰੇਜ਼ੀ, ਉਰਦੂ, ਫਾਰਸੀ, ਸੰਸਕ੍ਰਿਤ ਆਦਿ ਭਾਸ਼ਾਵਾਂ ਦੇ ਗਿਆਤਾ ਸਨ। ਇਨ੍ਹਾਂ ਦੇ ਭਾਸ਼ਨਾਂ, ਪੁਸਤਕਾਂ

ਆਦਿ ਨੇ ਸਿੰਘ ਸਭਾ ਦੇ ਵਿਦਵਾਨਾਂ, ਭਾਈ ਸੇਵਾ ਸਿੰਘ ਜੀ ਐਡੀਟਰ ਖਾਲਸਾ ਸਮਾਚਾਰ, ਭਾਈ ਵੀਰ ਸਿੰਘ ਜੀ ਚੀਫ ਖਾਲਸਾ ਦੀਵਾਨ ਆਦਿ ਦੀਆਂ ਕਲਮਾਂ ਦਾ ਮੋੜ ਦਿੱਤਾ ਸੀ। ਉਦਾਹਰਣ ਸਵਰੂਪ ਆਪ ਜੀ ਦੀ ਪੁਸਤਕ 'ਗੁਰ ਪਦ ਪ੍ਰਕਾਸ਼' ਹੁਣ ਵੀ ਪੜ੍ਹੀ ਜਾ ਸਕਦੀ ਹੈ। ਇਹਨਾਂ ਤੋਂ ਇਲਾਵਾ ਆਪਦੀਆਂ ਰਚਿਤ ਕੁਝ ਪੁਸਤਕਾਂ ਸੂਤਰ ਦਰਸ਼ਨ, ਰੂਹਾਨੀ ਟੈਲੀਫੋਨ, ਸਿੱਖ ਧਰਮ ਤੇ ਮਾਸ, ਬਾਹਰਵਾਂ ਜਾਮਾਂ ਆਦਿ ਪੜ੍ਹਨ ਯੋਗ ਹਨ। ਆਪ ਜੀ ਕਿਸੇ ਕਾਰਨ ਗੁਰੂ ਤੋਂ ਬੇਮੁਖ ਹੋ ਗਏ। ਆਪ ਨੇ ਜਲਦੀ ਹੀ ਆਪਣੀ ਗ਼ਲਤੀ ਨੂੰ ਅਨੁਭਵ ਕੀਤਾ ਅਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਤੋਂ ਬਖ਼ਸ਼ਬੰਦੀ ਕਰਾਈ।

ਸ੍ਰੀ ਮਾਨ ਚਕਰਵਰਤੀ ਜੀ

ਆਪ ਜੀ ਨੂੰ ਸ੍ਰੀ ਸਤਿਗੁਰ ਪ੍ਰਤਾਪ ਸਿੰਘ ਜੀ ਅਤੇ ਸੰਤ ਰਜਿੰਦਰ ਸਿੰਘ ਜੀ ਗੁਰੂਸਰੀਏ ਹਨੂੰਮਾਨ ਕਹਿ ਕੇ ਸਤਕਾਰਦੇ ਹਨ। ਆਪ ਦੀ ਨਾਮਧਾਰੀ ਪੰਥ ਹੀ ਨਹੀਂ ਸਾਰੇ ਸਮਾਜ ਨੂੰ ਬੜੀ ਦੇਣ ਹੈ। ਆਪ ਜੀ ਦੀਆਂ ਕੁਝ ਚੋਣਵੀਆਂ ਰਚਨਾਵਾਂ ਜਿਵੇਂ ਜੀਵ ਹਿੰਸਾ, ਪਹਿਲਾ ਮਰਣ ਕਬੂਲਿ, ਮਾਲਵਿੰਦਰ, ਰਾਸ਼ਟ੍ਰੀਅ ਭਾਸ਼ਾ, ਬਧੁਲਾਣਾ ਨੰਬਰ ੧ ਤੋਂ ੭ ਤਕ ਦਾ ਉੱਤਰ ਭੌਂਦੂ ਪ੍ਰਬੋਧ ੧ ਤੋਂ ੭ ਤਕ ਆਦਿ ਕਾਲਜਯੀ ਹਨ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਕਥਨ ਸੀ ਕਿ ਜਿੰਨੀ ਜਾਣਕਾਰੀ ਕੂਕੇ ਪੰਥ ਬਾਰੇ ਮੈਨੂੰ ਹੈ ਓਨੀ ਕਿਸੇ ਹੋਰ ਨੂੰ ਨਹੀਂ। ਦੂਜੇ ਸਥਾਨ ਉੱਤੇ ਚਕਰਵਰਤੀ ਜੀ ਨੂੰ ਹੈ। ਇਹ ਵੀ ਸ੍ਰੀ ਸਤਿਗੁਰੂ ਜੀ ਤੋਂ ਬੇਮੁਖ ਹੋਏ ਗੁਰਬਖ਼ਸ਼ ਸਿੰਘ ਪ੍ਰੀਤਲੜੀ ਨੂੰ ਸਹਿਯੋਗ ਦੇ ਕੇ ਪ੍ਰੀਤ ਨਗਰ ਵਸਾਇਆ ਅਤੇ ਇਕ ਅਲੱਗ ਰਸਾਲਾ ਪ੍ਰਦੇਸੀ ਪ੍ਰੀਤਮ ਵੀ ਕੱਢਿਆ। ਆਪ ਜੀ ਨੇ ਥੋੜੇ ਹੀ ਸਮੇਂ ਪਿਛੋਂ ਬਖ਼ਸ਼ਬੰਦੀ ਕਰਾ ਕੇ ਸ੍ਰੀ ਸਤਿਗੁਰੂ ਪ੍ਰਤਾਪ ਜੀ ਦੀ ਖ਼ੁਸ਼ੀ ਪ੍ਰਾਪਤ ਕੀਤੀ। ਇਨ੍ਹਾਂ ਦਾ ਅੰਤਿਮ ਸੰਸਕਾਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਪਟਿਆਲੇ ਦੇ ਸਮਸ਼ਾਨ ਘਾਟ ਵਿਚ ਹੋਇਆ ਸੀ।

ਭਾਈ ਫਤਹਿ ਸਿੰਘ ਜੀ ਮਾਂਗਾ

ਆਪ ਬਹੁਤ ਪ੍ਰਸਿਧ ਫਿਲਾਸਫਰ ਅਤੇ ਲੈਕਚਰਾਰ ਸਨ। ਇਕ ਮੁਸਲਮਾਨ ਲੜਕੀ ਜੋ ਕੁਰਾਨ, ਸ੍ਰੀ ਗ੍ਰੰਥ ਸਾਹਿਬ ਆਦਿ ਪੁਸਤਕਾਂ ਦੀ ਚੰਗੀ ਗਿਆਤਾ ਸੀ। ਇਸਦੇ ਗਿਆਨ ਤੋਂ ਪ੍ਰਭਾਵਿਤ ਹੋ ਕੇ ਆਪ ਨੇ ਇਸ ਨਾਲ ਅਨੰਦ-ਕਾਰਜ ਕਰ ਲਿਆ। ਇਸ ਵਿਆਹ ਦੇ ਹੱਕ ਵਿਚ ਸ੍ਰੀ ਸਤਿਗੁਰੂ ਜੀ ਨਹੀਂ ਸਨ। ਇਸ ਕਾਰਨ ਆਪ ਜੀ ਨੂੰ ਤਨਖਾਹੀ ਕਰਾਰ ਦਿੱਤਾ ਅਤੇ ਇਹ ਵੀ ਆਖਿਆ ਜਦ

ਇਸਨੂੰ ਤਿਆਗ ਕੇ ਮੂੰਹ ਕਾਲਾ ਕਰੇਗਾ ਤਾਂ ਮੇਰੇ ਦਰਵਾਜ਼ੇ ਤੇਰੇ ਲਈ ਖੁਲ੍ਹਣਗੇ। ਭਾਈ ਸਾਹਿਬ ਲਗਭਗ ੩੦ ਸਾਲ ਗ਼ੈਰ ਨਾਮਧਾਰੀ ਸਮਾਜ ਵਿਚ ਰਹੇ ਸਿੰਘ ਸਭਾ ਆਪ ਜੀ ਨੂੰ ੧੦੦ ਰੂ ਮਾਸਿਕ ਦਿੰਦੀ ਹੁੰਦੀ ਸੀ।

ਏਥੇ ਆਪ ਨੇ ਕਾਲੀ ਪੱਗ ਸਜਾ ਲਈ ਚੇਤੇ ਰਹੇ ਕਿ ਭਾਈ ਜੀ ਨੇ ਕਦੇ ਵੀ ਏਥੇ ਦੇਹ ਧਾਰੀ ਗੁਰੂ ਦਾ ਖੰਡਣ ਨਹੀਂ ਕੀਤਾ ਸੀ। ਹਾਲਾਂਕਿ ਇਨ੍ਹਾਂ ਨੂੰ ਏਸੇ ਮਕਸਦ ਲਈ ਰਖਿਆ ਸੀ। ਇਕ ਸਮੇਂ ਦੀ ਵਾਰਤਾ ਹੈ: ਲਾਹੌਰ ਗੁਰਦੁਆਰਾ ਡੇਰਾ ਸਾਹਿਬ ਦੇ ਮੰਚ 'ਤੇ ਕਿਸੇ ਪ੍ਰਚਾਰਕ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਨਿਸ਼ਾਨਾ ਰੱਖ ਕੇ ਦੇਹਧਾਰੀ ਗੁਰੂ ਦਾ ਖੰਡਨ ਕਰਕੇ ਕਿਹਾ ਕਿ ਦੇਹਧਾਰੀ ਗੁਰੂ ਕਾਮੀ, ਕ੍ਰੋਧੀ ਤੇ ਗੂੰਹ, ਮੂਤ ਦਾ ਥੈਲਾ ਹੁੰਦੇ ਹਨ ਅਤੇ ਇਨ੍ਹਾਂ ਤੋਂ ਹਮੇਸ਼ਾਂ ਧੀਆਂ ਭੈਣਾਂ ਦੀ ਇੱਜ਼ਤ ਨੂੰ ਖ਼ਤਰਾ ਰਹਿੰਦਾ ਹੈ। ਇਸ ਲਈ ਇਨ੍ਹਾਂ ਨੂੰ ਤਿਆਗ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਣਾ ਚਾਹੀਦਾ ਹੈ। ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉਤੇ ਉਪ੍ਰੋਕਤ ਅਵਗੁਣਾਂ ਥੀਂ ਰਹਿਤ ਹਨ। ਉਤਲੀ ਗੱਲ ਦਾ ਢੁਕਵਾਂ ਉੱਤਰ ਦੇਂਦਿਆਂ ਭਾਈ ਜੀ ਨੇ ਕਿਹਾ ਕਿ, "ਮੇਰੇ ਸਾਥੀ ਨੇ ਜੋ ਦੁਰਗੁਣ ਦੱਸੇ ਹਨ। ਇਹ ਦੁਰਗਨ ਤਾਂ ਸਾਡੇ ਦਸ ਗੁਰੂਆਂ ਵਿਚ ਵੀ ਸਨ। ਜੇ ਕਾਮ ਰੂਪੀ ਦੁਰਗੁਣ ਸੀ ਤਾਂ ਹੀ ਗੁਰੂ ਸਾਹਿਬਾਂ ਨੇ ਇਕ-ਇਕ, ਦੋ-ਦੋ, ਤਿੰਨ-ਤਿੰਨ ਤੇ ਸੱਤ-ਸੱਤ ਸ਼ਾਦੀਆਂ ਕਰਾਈਆਂ ਸਨ। ਜਿਵੇਂ ਕਿ ਗੁਰੂ ਨਾਨਕ ਦੇਵ ਜੀ ਤੋਂ ਚੌਥੇ ਗੁਰੂ ਰਾਮਦਾਸ ਜੀ ਤਕ ਇਕ ਸ਼ਾਦੀ ਸੀ। ਪੰਜਵੇਂ ਗੁਰੂ ਜੀ ਦੀਆਂ ਦੋ—ਵੱਡੀ ਮਾਈ ਰਾਮਦੇਈ ਤੇ ਦੂਜੀ ਮਾਤਾ ਗੰਗਾ ਦੇਵੀ ਜੀ। ਛੇਵੇਂ ਗੁਰੂ ਜੀ ਦੀਆਂ ਤਿੰਨ—ਮਾਤਾ ਦਮੋਦਰੀ ਜੀ, ਮਰਵਾਹੀ ਜੀ ਅਤੇ ਨਾਨਕੀ ਜੀ। ਸਤਵੇਂ ਗੁਰੂ ਹਰਿ ਰਾਏ ਜੀ ਦੇ ਸੱਤ ਵਿਆਹ ਸਨ ਅਤੇ ਅੱਠਵੀਂ ਦਾਸੀ ਕੋਟ ਕਲਿਆਣੀ, ਜਿਸ ਦੀ ਪਵਿੱਤਰ ਕੁੱਖੋਂ ਸ੍ਰੀ ਬਾਬਾ ਰਾਮ ਰਾਇ ਜੀ ਸਨ। ਇਹ ਸਭੇ ਭੈਣਾਂ ਅਨੂਪ ਸ਼ਹਿਰ ਦੇ ਇਕ ਖੱਤਰੀ ਦੀਆਂ ਧੀਆਂ ਅੱਡ ਅੱਡ ਤਿੰਨ ਮਾਵਾਂ ਦੇ ਪੇਟੋਂ ਸਨ। ਜੇ ਕ੍ਰੋਧ ਸੀ ਤਾਂ ਹੀ ਏਨੇ ਜੰਗ ਯੁੱਧ ਹੋਏ ਸਨ। ਜੇ ਇਨ੍ਹਾਂ ਦੁਰਗੁਣਾਂ ਕਰਕੇ ਦੇਹਧਾਰੀ ਗੁਰੂ ਦਾ ਖੰਡਨ ਹੈ ਤਾਂ ਸਾਡੇ ਦਸ ਗੁਰੂ ਵੀ ਦੁਰਗੁਣੀ ਸਿੱਧ ਹੋਏ। ਜੇ ਇਨ੍ਹਾਂ ਦੁਰਗੁਣਾਂ ਤੋਂ ਰਹਿਤ ਗੁਰੂ ਮੰਨਿਆ ਜਾਏ ਤਾਂ ਮੇਰਾ ਖੂੰਡਾ ਵੀ ਗੁਰੂ ਸਿੱਧ ਹੋਇਆ। ਕਿਉਂਕਿ ਇਹ ਉਤਲੇ ਦੁਰਗੁਣਾਂ ਤੋਂ ਰਹਿਤ ਹੈ, ਬਿਨਾਂ ਸ਼ੱਕ ਕਿਸੇ ਕੁਆਰੀ ਧੀ-ਭੈਣ ਨਾਲ ਪਾ ਛੱਡੋ, ਜੇ ਹਿੱਲ ਜੁਲ ਕਰੇ ਤਾਂ ਮੈਨੂੰ ਫ਼ਤਹਿ ਸਿੰਘ ਨਾ ਕਹਿਣਾ।

ਉਤਲੀ ਵਾਰਤਾ ਪਿੱਛੋਂ ਭਾਈ ਜੀ ਨੂੰ ਕਿਹਾ ਗਿਆ ਕਿ ਭਾਈ ਸਾਹਿਬ ਜੀ, ਅਸੀਂ ਤੁਹਾਨੂੰ ਦੇਹਧਾਰੀ ਗੁਰੂ ਖੰਡਨ ਦੀ ਤਨਖ਼ਾਹ ਦੇਂਦੇ ਹਾਂ। ਅੱਗੋਂ ਭਾਈ ਫ਼ਤਹਿ ਸਿੰਘ ਦਾ ਉਤਰ ਸੀ। ਮੈਂ ਤਾਂ ਸੱਤ-ਫੁਟ ਉੱਚੀ ਸਟੇਜ 'ਤੇ ਸਤਗੁਰੂ

ਪ੍ਰਤਾਪ ਸਿੰਘ ਜੀ ਦੇ ਸ਼ੀਸ਼ 'ਤੇ ਚਉਰ ਕਰਦਾ ਤੇ ਕਹਿੰਦਾ ਸਾਂ। ਇਹ ਅਕਾਲ ਪੁਰਖ ਸਤਗੁਰੂ ਹੈ। ਇਸ ਦੇ ਹੱਥ ਸਿੱਖ ਦੀ ਮੁਕਤੀ ਜੁਗਤੀ ਹੈ। ਲੋਕੋ ਇਸ ਗੁਰੂ ਤੋਂ ਫੈਜ ਉਠਾਓ। ਤੇ ਅੱਜ ਮੈਂ ਕਿਹੜੇ ਮੂੰਹ ਨਾਲ ਖੰਡਨ ਕਰਾਂ। ਨਾਮਧਾਰੀ ਮੱਤ ਮੇਰੇ ਬਾਬੇ ਦਾਦੇ ਦਾ ਮਜ਼ਹਬ ਹੈ। ਅੱਗੋਂ ਭਾਈ ਜੀ ਨੂੰ ਕਿਹਾ ਗਿਆ ਕਿ ਤੁਹਾਡੇ ਨਾਲ ਗੁਰੂ ਪ੍ਰਤਾਪ ਸਿੰਘ ਨੇ ਕਿਹੜੀ ਘੱਟ ਕੀਤੀ ਹੈ। ਤਾਂ ਭਾਈ ਜੀ ਨੇ ਕਿਹਾ ਕਿ ਮੈਂ ਗ਼ਲਤੀ ਕੀਤੀ ਤੇ ਉਸ ਦੀ ਸਜ਼ਾ ਮਿਲਣੀ ਚਾਹੀਦੀ ਸੀ। ਇਹੋ ਜਿਹੇ ਸਿੱਖ ਤੋਂ ਅੱਜ ਵੀ ਮਾਰਗ ਦਰਸ਼ਨ ਲੈਣਾ ਚਾਹੀਦਾ ਹੈ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਤੋਂ ਬਖ਼ਸ਼ਵਾਉਣਾ

ਛੇਵੇਂ ਦਹਾਕੇ ਦੇ ਅੱਧ ਦਾ ਸਮਾਂ ਸੀ। ਜਦ ਸੰਤ ਜੀ ਬ੍ਰਿਧ ਅਵਸਥਾ ਵਿਖੇ ਸ੍ਰੀ ਸਤਗੁਰੂ ਜੀ ਦੀ ਹਜ਼ੂਰੀ ਵਿਚ ਪੁਰਾਣੇ ਵਿਦਿਆਲੇ ਦੇ ਅੱਗੇ ਦੀਵਾਨ ਵਿਚ ਬਾਬਾ ਜੀ ਨੇ ਬਖ਼ਸ਼ਬੰਦੀ ਲਈ ਅਰਜ਼ ਕੀਤੀ ਸੀ। ਸਤਿਗੁਰੂ ਜੀ, "ਬਾਬਾ ਜੀ, ਮੈਨੂੰ ਯਾਦ ਹੈ ਕਿ ਤੁਹਾਨੂੰ ਸਤਗੁਰਾਂ ਕੁਝ ਛੱਡਣ ਲਈ ਕਿਹਾ ਸੀ।" "ਸੱਚੇ ਪਾਤਸ਼ਾਹ, ਉਹ ਛੱਡ ਕੇ ਹੀ ਆਇਆ ਹਾਂ। ਹਾਂ, ਇਕ ਬਚਨ ਸਤਿਗੁਰਾਂ ਦਾ ਮੂੰਹ ਕਾਲਾ ਕਰਨ ਵਾਲਾ ਰਹਿੰਦਾ ਹੈ, ਉਹ ਵੀ ਕਰ ਆਉਂਦਾ ਹਾਂ। ਤਾਂਕਿ ਲੇਖਾ ਏਥੇ ਹੀ ਮੁੱਕ ਜਾਏ। ਅੱਗੇ ਗਿਆਂ ਹੋਰ ਫਲੇਗਾ।" ਏਨਾ ਕਹਿ ਕੇ ਸੰਤ ਜੀ ਮੂੰਹ ਕਾਲਾ ਕਰਨ ਲਈ ਲੰਗਰ ਵੱਲ ਟੁਰ ਪਏ। ਓਦੋਂ ਲੰਗਰ ਗੁਰੂ ਹਰੀ ਸਿੰਘ ਜੀ ਦੀ ਕੋਠੀ ਵਾਲੀ ਖੂਹੀ ਦੇ ਸਾਹਮਣੇ ਹੁੰਦਾ ਸੀ। ਮਗਰ ਹੀ ਸਤਿਗੁਰੂ ਜੀ ਨੇ ਇਕ ਸਿੱਖ ਭੇਜਿਆ ਕਿ ਸੰਤਾਂ ਨੂੰ ਕਹੋ, ਬੱਸ ਹੋ ਗਿਆ। ਤੁਸੀਂ ਵਾਪਸ ਆ ਜਾਉ। ਭਾਈ ਜੀ ਨੇ ਕਿਹਾ, "ਨਾ ਭਾਈ, ਏਸੇ ਦੇਹ ਵਿਚ ਹੀ ਗੁਰੂ ਕਾ ਲੇਖਾ ਮੁੱਕ ਜਾਏ ਤਾਂ ਹੀ ਠੀਕ ਹੈ।" ਕਹਿ ਕੇ ਆਪ ਮੂੰਹ ਕਾਲਾ ਕਰ ਕੇ ਸਤਗੁਰੂ ਜੀ ਨੂੰ ਆ ਕੇ ਮੱਥਾ ਟੇਕਿਆ ਤਾਂ ਸਤਗੁਰਾਂ ਨੇ ਖ਼ੁਸ਼ੀਆਂ ਬਖ਼ਸ਼ਸ਼ ਕੀਤੀਆਂ ਤੇ ਫ਼ਰਮਾਇਆ ਕਿ ਸਾਧ ਸੰਗਤ ਜੀ, ਇਹ ਨਿਸ਼ਾਨੀ ਹੈ ਪੂਰੇ ਸਿੱਖ ਦੀ। ਐਸੇ ਮਹਾਂਪੁਰਸ਼ਾਂ ਤੋਂ ਸਾਨੂੰ ਮਾਰਗ ਦਰਸ਼ਨ ਲੈਣਾ ਚਾਹੀਦਾ ਹੈ।

ਜਥੇਦਾਰ ਸੰਤ ਕਰਮ ਸਿੰਘ ਜੀ ਬਾਲਮ

ਇਹ ਭਾਈ ਫ਼ਤਹਿ ਸਿੰਘ ਜੀ ਮਾਗਾ ਦੇ ਸ਼ਾਗਿਰਦ ਚੰਗੇ, ਪ੍ਰਚਾਰਕ ਸੰਗੀਤਾਚਾਰੀਆ ਆਦਿ ਗੁਣ ਸੰਯੁਕਤ ਤੇ ਹਰ ਸਟੇਜ ਦੇ ਧਨੀ ਸਨ। ਇਨ੍ਹਾਂ ਦੀ ਬਖ਼ਸ਼-ਬੰਦੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸ੍ਰੀ ਅਨੰਦਪੁਰ ਦੇ ੧੯੭੧ ਦੇ ਹੋਲੇ ਸਮੇਂ ੪੦ ਮਾਲਾ ਭਜਨ, ਇਕ ਅਖੰਡ ਪਾਠ ੪੦ ਦਿਨ ਭੈਣੀ ਸਾਹਿਬ

ਗੋਹੇ ਕੂੜੇ ਦੀ ਸੇਵਾ ਤਨਖਾਹ ਲਾ ਕੇ ਕੀਤੀ ਸੀ। ਪਰ ਇਨ੍ਹਾਂ ਦੀ ਤਨਖ਼ਾਹ ਇਸ ਕਰਕੇ ਮਾਫ਼ ਹੋ ਗਈ ਸੀ ਕਿਉਂਕਿ ਸਤਗੁਰੂ ਜੀ ਨੇ ਗੁਰੂ ਰਾਮ ਸਿੰਘ ਜੀ ਦਾ ਪਰਵ ਜਾਣ ਕੇ ਅਗਲੇ ਪਿਛਲੇ ਸਾਰੇ ਘਰ ਬੈਠਿਆਂ ਨੂੰ ਬਖ਼ਸ਼ ਦਿੱਤਾ ਸੀ ਤੇ ਆਪ ਵੀ ਸੰਗਤ ਤੋਂ ਮਾਫ਼ੀ ਮੰਗੀ ਸੀ ਤੇ ਕਿਹਾ ਸੀ, "ਸਤਿਗੁਰੂ ਰਾਮ ਸਿੰਘ ਜੀ ਕ੍ਰਿਪਾ ਸਿੰਧੂ ਨੇ, ਅਸਾਂ ਨੂੰ ਵੀ ਇਕ ਦੂਜੇ ਨੂੰ ਕ੍ਰਿਪਾ ਕਰ ਕੇ ਮਾਫ਼ ਕਰਨਾ ਚਾਹੀਦਾ ਹੈ।"

ਸੰਤ ਗਿਆਨਾ ਸਿੰਘ ਜੀ ਡਸਕਾ, ਜ਼ਿਲ੍ਹਾ ਸਿਆਲਕੋਟ

ਇਨ੍ਹਾਂ ਦਾ ਜਨਮ ਨਾਮਾ-ਬੰਸੀ ਘਰ ਦਾ ਸੀ। ਇਨ੍ਹਾਂ ਦੇ ਬਾਬਾ ਰਾਮਜੱਸ ਜੀ ਸਨ। ਆਪ ੯ ਸਾਲ ਦੀ ਆਯੂ ਵਿਚ ਭੈਣੀ ਸਾਹਿਬ ਆ ਗਏ। ਇਹ ਗੁਰੂ ਹਰੀ ਸਿੰਘ ਜੀ ਸਿੱਖਾਂ ਵਿਚੋਂ ਸਨ। ਗਿਆਨਾ ਸਿੰਘ ਜੀ ਬੜੇ ਉੱਚ ਕੋਟੀ ਦੇ ਵਿਦਵਾਨ, ਵੇਦਾਂ ਸ਼ਾਸਤਰਾਂ, ਸਿਮ੍ਰਤੀਆਂ ਤੇ ਉਪਨਿਸ਼ਦਾਂ ਦੇ ਗਿਆਤਾ, ਅਰਬੀ, ਫ਼ਾਰਸੀ ਦੇ ਮਾਹਰ, ਲੋਹ ਸ਼ਸਤਰਾਂ ਦੇ ਪ੍ਰੇਮੀ ਤੇ ਕੁਰਾਨ ਦੇ ਚੰਗੇ ਪਾਠੀ ਸਨ। ਮੈਂ ਆਪ ਜੀ ਤੋਂ ਹੀ ਭਗਤ-ਬਾਣੀ ਪੜ੍ਹੀ ਸੀ, ਇਨ੍ਹਾਂ ਨੇ ਮੈਂ ੧੭ ਦਿਨਾਂ ਵਿਚ ਸਪੀਕਰ ਵਿਚ ਪਾਠ ਕਰਨਾ ਸਿਖਾ ਦਿੱਤਾ ਸੀ। ਇਹ ਉਸ ਸਮੇਂ ਦੇ ਵਿਦਵਾਨ ਤੇ ਪ੍ਰਬੰਧਕਾਂ ਦੀ ਕ੍ਰੋਪੀ ਦਾ ਸ਼ਿਕਾਰ ਹੋ ਗਏ। ਇਨ੍ਹਾਂ ਦੇ ਕਲੂਵਾਲ ਕੋਠਿਆਂ 'ਤੇ ਲੱਗੇ ਦੀਵਾਨ ਨੂੰ ਬੰਦਾ ਦਿੱਤਾ, ਇਹ ਦਿਵਾਨ ਵਿਚ ਹੀ ਸਾਜ਼ ਛੱਡ ਕੇ ਉਤਰ ਆਏ ਤੇ ਮੁੜ ਕੇ ਆਉਣਾ ਜਾਣਾ ਛੱਡ ਦਿੱਤਾ। ਮਗਰੋਂ ਕਾਲੀ ਪੱਗ ਸਜਾ ਕੇ ਸਿਆਲਕੋਟ ਗੁਰਦੁਆਰਾ ਬਾਬੇ ਕੀ ਬੇਰ ਵਿਖੇ ੧੦ ਸਾਲ ਕਥਾ ਕੀਤੀ। ਦੇਸ ਵੰਡ ਸਮੇਂ ਅੰਮ੍ਰਿਤਸਰ ਆ ਗਏ। ਇਨ੍ਹਾਂ ਦਾ ਇਕ ਭਰਾ ਸੰਤ ਮੰਗਲ ਸਿੰਘ ਕੂਕਾ ਇਥਣ ਵਿਖੇ ਦਰਜੀ ਦੀ ਕਿਰਤ ਅਤੇ ਨਾਲ ਕੂਕਿਆਂ ਦੇ ਡੇਰੇ ਗ੍ਰੰਥੀ ਦੀ ਸੇਵਾ ਕਰਦਾ ਸੀ। ਉਸ ਪਾਸ ਹੀ ਸੰਨ ੧੯੬੦ ਦੇ ਲਗਭਗ ਇਹ ਬਿਨਾਂ ਮਾਫ਼ੀ ਮੰਗੇ ਹੀ ਚੜ੍ਹਾਈ ਕਰ ਗਏ।

ਆਪ ਜੀ ਬਾਰੇ ਪ੍ਰੋ: ਸਾਹਿਬ ਸਿੰਘ ਜੀ (ਸਿੱਖ ਮਿਸ਼ਨਰੀ ਕਾਲਜ, ਅੰਮ੍ਰਿਤਸਰ) ਆਪਣੀ ਸ੍ਵੈ-ਜੀਵਨੀ ਵਿਚ ਇਸ ਪ੍ਰਕਾਰ ਲਿਖਦੇ ਹਨ :

"**ਭਾਈ ਗਿਆਨ ਸਿੰਘ ਜੀ ਨਾਮਧਾਰੀਏ** : ਪਸਰੂਪ ਦੇ ਸਿੱਖ ਮੁੰਡਿਆਂ ਨੇ ਇਕ ਭੇਝੰਗੀ ਸਭਾ ਬਣਾਈ ਹੋਈ ਸੀ। ਸ਼ਹਿਰ ਦੀ ਇਕ ਧਰਮਸਾਲਾ ਵਿਚ ਹਰ ਹਫ਼ਤੇ ਸਿੱਖ ਮੁੰਡੇ ਸਤਸੰਗ ਕਰਦੇ ਸਨ। ਮੈਂ ਭੀ ਉਥੇ ਜਾਇਆ ਕਰਦਾ ਸਾਂ। ਮੈਨੂੰ ਜੋਟੀਆਂ ਦੇ ਸ਼ਬਦ ਪੜ੍ਹਨ ਦਾ ਸ਼ੌਕ ਸੀ ਤੇ ਮੈਂ ਛੈਣੇ ਭੀ ਵਜਾਇਆ ਕਰਦਾ ਸਾਂ। ਢੋਲਕੀ ਮੈਂ ਕਦੇ ਨਹੀਂ ਸੀ ਵਜਾਈ। ਮੈਨੂੰ ਉਸ ਦੀ ਜਾਚ ਨਹੀਂ

ਸੀ, ਪਰ ਜਮਾਤ ਵਿਚ ਮੈਨੂੰ ਸਭ ਤੋਂ ਅਖ਼ੀਰ ਅਖ਼ੀਰ ਉੱਤੇ ਬੈਠਾ ਵੇਖ ਕੇ ਜਮਾਤ ਵਿਚ ਆਉਂਦਿਆਂ ਹੀ ਹੈੱਡ-ਮਾਸਟਰ ਨੇ ਆਖਣਾ, "ਨੱਥੂ ਰਾਮ, ਅੱਗੇ ਆ ਕੇ ਬੈਠ। ਬੱਸ ! ਤੈਨੂੰ ਹੋਰ ਕੀ ਕੰਮ ਹੈ ? ਤੂੰ ਧਰਮਸਾਲਾ ਜਾਹ ਤੇ ਢੋਲਕੀ ਵਜਾ।"

ਸਾਂਗਲੇ ਗੁਰੂ ਨਾਨਕ ਦੇਵ ਜੀ ਦੇ ਜਨਮ ਪੁਰਬ ਸਮੇਂ ਭਾਈ ਗਿਆਨ ਸਿੰਘ ਆਇਆ। ਭਾਈ ਗਿਆਨ ਸਿੰਘ ਡਸਕੇ (ਜ਼ਿਲ੍ਹਾ ਸਿਆਲਕੋਟ) ਦਾ ਰਹਿਣ ਵਾਲਾ ਸੀ। ਜ਼ਿਲ੍ਹਾ ਸਿਆਲਕੋਟ ਵਿਚ ਨਾਮਧਾਰੀ ਵੀਰਾਂ ਦੀ ਬਹੁਤ ਗਿਣਤੀ ਸੀ। ਮੈਨੂੰ ਉਨ੍ਹਾਂ ਦੇ ਸਤਸੰਗ ਵਿਚ ਜਾਣ ਦਾ ਕਦੇ ਮੌਕਾ ਨਹੀਂ ਸੀ ਬਣਿਆ। ਭਾਈ ਗਿਆਨ ਸਿੰਘ ਹੱਲੇ ਦੇ ਸ਼ਬਦ ਪੜ੍ਹਦਾ ਸੀ। ਗੁਰਪੁਰਬ ਦੇ ਨਗਰ ਕੀਰਤਨ ਸਮੇਂ ਉਨ੍ਹਾਂ ਹੱਲੇ ਦੇ ਸ਼ਬਦ ਪੜ੍ਹੇ। ਕੇਸ ਖੋਲ੍ਹ ਕੇ ਨਾਲ ਨੱਚਦੇ ਭੀ ਸਨ। ਉਨ੍ਹਾਂ ਦੀ ਧਾਰਨਾ ਤੇ ਵਿਆਖਿਆ ਸੁਣ ਕੇ ਮੈਂ ਤਾਂ ਗਿਆਨ ਸਿੰਘ ਉੱਤੇ ਲੱਟੂ ਹੁੰਦਾ ਗਿਆ। ਭਾਈ ਗਿਆਨ ਸਿੰਘ ਜੀ ਆਮ ਤੌਰ 'ਤੇ ਭਗਤ ਬਾਣੀ ਵਿਚੋਂ ਹੀ ਸ਼ਬਦ ਪੜ੍ਹਦੇ ਸਨ ਤੇ ਇਕ ਇਕ ਤੁਕ ਦੇ ਕਈ ਅਰਥ ਕਰਦੇ ਸਨ। ਮੈਨੂੰ ਉਨ੍ਹਾਂ ਦੀ ਵਿਦਵਤਾ ਬਹੁਤ ਹੀ ਪਸੰਦ ਆਈ। ਗੁਰਪੁਰਬ ਤੋਂ ਪਿੱਛੋਂ ਉਹ ਹਫ਼ਤਾ ਕੁ ਹੋਰ ਭੀ ਉਥੇ ਠਹਿਰੇ ਤੇ ਹਰ ਰੋਜ਼ ਹੱਲੇ ਦੀਆਂ ਧਾਰਨਾ ਉੱਤੇ ਸ਼ਬਦ ਸੁਣਾਂਦੇ ਰਹੇ।

ਮੈਂ ਭੀ ਪੰਡਿਤ ਤਾਰਾ ਸਿੰਘ ਜੀ ਦਾ ਭਗਤ-ਬਾਣੀ ਸਟੀਕ ਮੰਗਾ ਲਿਆ। ਮੈਂ ਸਕੂਲ ਬੋਰਡਿੰਗ ਹਾਊਸ ਦਾ ਸੁਪ੍ਰਿੰਟੈਂਡੈਂਟ ਭੀ ਸਾਂ। ਆਪਣੇ ਕਮਰੇ ਵਿਚ ਮੈਂ ਇਕੱਲਾ ਗਿਆਨ ਸਿੰਘ ਵਾਂਗ ਭਗਤਾਂ ਦੇ ਸ਼ਬਦ ਹੱਲੇ ਦੀਆਂ ਧਾਰਨਾ ਗਾਇਆ ਕਰਦਾ ਸਾਂ ਤੇ ਨੱਚਿਆ ਕਰਦਾ ਸਾਂ।"

(ਮੇਰੀ ਜੀਵਨ ਕਹਾਣੀ, ਪੰਨੇ ੬੭-੬੮)

ਸ੍ਰੀ ਮਾਨ ਕਵੀ ਪ੍ਰੀਤਮ ਸਿੰਘ ਜੀ, ਡਫਰਕੇ, ਜ਼ਿਲ੍ਹਾ ਲਾਹੌਰ

੧੯੪੭ ਤੋਂ ਪਹਿਲਾਂ ਪਿੰਡ ਚੌਗਾਵਾਂ ਜ਼ਿਲ੍ਹਾ ਅੰਮ੍ਰਿਤਸਰ ਹੋਲੇ ਸਮੇਂ ਇਨ੍ਹਾਂ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਵੱਲੋਂ ਮੂੰਹ ਕਾਲਾ ਕਰਨ ਦੀ ਤਨਖ਼ਾਹ ਲੱਗੀ ਸੀ। ਪਾਠਕਾਂ ਦੇ ਯਾਦ ਰੱਖਣ ਵਾਲੀ ਗੱਲ ਹੈ। ਕਵੀ ਜੀ ਚਾਰ ਪੀੜ੍ਹੀਆਂ ਤੋਂ ਕੂਕੇ ਹਨ। ਕੂਕਾ ਪੰਥ ਨੂੰ ਇਨ੍ਹਾਂ ਦੀ ਅਣਥੱਕ ਦੇਣ ਹੈ, ਜਿਸ 'ਤੇ ਜਿੰਨਾ ਮਾਣ ਕਰੀਏ, ਥੋੜ੍ਹਾ ਹੈ। ਇਨ੍ਹਾਂ ਦੀ ਸਾਹਿੱਤਕ ਸੇਵਾ ਨਿਮਨ ਹੈ :

੧. ਜੀਵਨ ਨਗਰ ਤੁਹਾਡਾ ਆਪਣਾ ਘਰ,
੨. ਸ੍ਰੀ ਭੈਣੀ ਸਾਹਿਬ ਤੁਹਾਡਾ ਆਪਣਾ ਘਰ,
੩. ਸਿਮਰਨ,
੪. ਸਤਗੁਰੂ ਜਗਜੀਤ ਸਿੰਘ ਜੀ ਇਕ ਪਰਿਵਰਤਨ,

੫. ਇਸਤ੍ਰੀਆਂ ਦਾ ਪਹਿਲਾ ਮੁਕਤੀ ਦਾਤਾ,

੬. ਬੀਤੇ ਦੀਆਂ ਪੈੜਾਂ—੧੦ ਭਾਗ, ਆਦਿ।

ਅਨੇਕਾਂ ਪੁਸਤਕਾਂ ਦੇ ਰਚਿਤਾ ਹੋਣ ਦੇ ਨਾਲ ਇਕ ਉੱਚ ਕੋਟੀ ਦੇ ਵਕਤਾ ਅਤੇ ਸਤਜੁਗ, ਨਵਾਂ ਜ਼ਮਾਨਾ ਆਦਿ ਕਈ ਪੱਤਰਾਂ ਦੀ ਸੰਪਾਦਕ ਵੀ ਰਹੇ ਹਨ। ਉਤਲੇ ਗੁਣਾਂ ਤੋਂ ਛੁਟ ਅਤਿਥੀ ਸੰਤ ਸੇਵੀ ਵੀ ਪੂਰੇ ਹਨ। ਇਨ੍ਹਾਂ ਦੇ ਘਰ ਆਏ ਦੀ ਸੇਵਾ ਕਰਨ ਦੀ ਜਾਚ ਸਿੱਖੀ ਜਾ ਸਕਦੀ ਹੈ।

ਸੰਤ ਮੰਗਲ ਸਿੰਘ ਜੀ ਲਾਇਲਪੁਰੀ

ਇਹ ਮਹਾਂ ਪੁਰਖ ਪੰਥ ਰੰਗਣ ਵਿਚ ਰੰਗੇ ਹੋਏ ਸਨ। ਇਨ੍ਹਾਂ ਦੀ ਖ਼ਾਹਿਸ਼ ਸੀ ਕਿ ਸਾਰਾ ਜਗਤ ਹੀ ਨਾਮਧਾਰੀ ਦਿਸੇ। ਨਵਾਂ ਹਿੰਦੁਸਤਾਨ ਇਨ੍ਹਾਂ ਦੀ ਮਿਹਨਤ, ਪ੍ਰੇਰਨਾ ਦਾ ਸਦਕਾ ਸੀ, ਜਿਸ ਨੂੰ ਵਰਤਮਾਨ ਵਿਚ ਉਨ੍ਹਾਂ ਦੇ ਸਪੁੱਤਰ ਸਰਬਸ਼ਕਤੀਮਾਨ ਸਿੰਘ ਜੀ ਰੋਜ਼ਾਨਾ 'ਨਵਾਂ ਹਿੰਦੋਸਤਾਨ' ਦੇ ਰੂਪ ਵਿਚ ਚਲਾ ਰਹੇ ਹਨ। ਇਨ੍ਹਾਂ ਦੀ ਸਾਹਿਤ ਸੇਵਾ ਬਸੰਤ ਅੰਕਾਂ ਵਿਚ ਲੇਖਾ ਤੇ ਕਵਿਤਾ ਦੁਆਰਾ ਦੇਖੀ ਜਾ ਸਕਦੀ ਹੈ। ਇਨ੍ਹਾਂ ਦੀ ਕਵਿਤਾ ਦਾ ਇਕ ਨਮੂਨਾ ਹੈ:

'ਆਲਿਮ ਦੀ ਜਗ ਰੋਸ਼ਨਾਈ ਹੈ।
ਕਿਤੇ ਪ੍ਰੀਤਾਂ ਦੇ ਪਾਲਣ ਨੂੰ ਇੰਦਰ ਨੇ ਛਬਰ ਲਾਈ ਹੈ।
ਜੋ ਸਬਕ ਸਿਖਾਏ ਸੇਵਾ ਦਾ ਉਹ ਜੀਵਨ ਸਾਡੀ ਮਾਈ ਹੈ।'

ਇਨ੍ਹਾਂ ਵਾਂਗ ਹੀ ਵਿਦਵਤਾ ਦਾ ਪ੍ਰਤੱਖ ਸਰੂਪ ਸ੍ਰੀ ਮਾਨ ਸ੍ਰੀ ਅਮਰ ਭਾਰਤੀ ਜੀ ਹਨ। ਇਨ੍ਹਾਂ ਦੀ ਸਾਹਿਤ ਰਚਨਾ ਵਿਚੋਂ ਸਿੱਖ ਇਤਿਹਾਸ ਤੇ ਕੂਕੇ ਤੁਲਨਾਤਮਿਕ ਅਧਿਐਨ ਵਿਸ਼ੇਸ਼ ਹੈ। ਸੰਤ ਮੰਗਲ ਸਿੰਘ ਜੀ ਨੂੰ ਸ੍ਰੀ ਕਵੀ ਜੀ ਦੇ ਨਾਲ ਹੀ ਮੂੰਹ ਕਾਲਾ ਕਰਨ ਦੀ ਤਨਖ਼ਾਹ ਲੱਗੀ ਸੀ। ਇਸ ਘਟਨਾ ਬਾਰੇ ਸੰਤ ਤਰਨ ਸਿੰਘ ਜੀ ਵਹਿਮੀ ਵੀ ਲਿਖਦੇ ਹਨ:

'੩, ੪, ੫ ਚੇਤਰ ਹੋਲਾ ਚੌਗਾਵੇਂ ਜ਼ਿਲ੍ਹਾ ਅੰਮ੍ਰਿਤਸਰ ਵਿਚ ਹੋਇਆ। ਸਤਿਗੁਰੂ ਜੀ ਸ਼ਬਦੀ ਜਥਿਆਂ ਰਾਗੀਆਂ ਗੁਣੀਆਂ ਦਰਸ਼ਨ ਦਿਤੇ।"

ਤਨਖ਼ਾਹ ਮੰਨੀ

"ਪ੍ਰੋਗ੍ਰੈਸਿਵ ਪਾਰਟੀ ਮੰਗਲ ਸਿੰਘ ਲਾਇਲਪੁਰੀ, ਪ੍ਰੀਤਮ ਸਿੰਘ ਡਫਰਕੇ, ਬਾਵਾ ਸਿੰਘ ਜਗਦੇ, ਹਰਬੰਸ ਸਿੰਘ ਪ੍ਰਵਾਨਾ ਆਦਿ ਬਹੁਤ ਬਰਖ਼ਿਲਾਫ਼ ਬੋਲਦੇ ਤੇ ਕਹਿੰਦੇ, ਜੋ ਸਾਨੂੰ ਗਿੱਲਾਂ ਦੇ ਹੋਲੇ 'ਤੇ ਤਨਖ਼ਾਹੀ ਕੀਤਾ ਗਿਆ ਹੈ, ਅਸੀਂ ਉਸ ਵਿਚ ਸੱਚੇ ਹਾਂ ਤੇ ਸਤਿਗੁਰੂ ਜੀ ਪੱਖ ਵਰਤਿਆ ਹੈ। ਕੁਝ ਸਿੱਖਾਂ

ਸਮਝਾਇਆ ਤਾਂ ਮੰਗਲ ਸਿੰਘ ਲਾਇਲਪੁਰੀ ਤੇ ਪ੍ਰੀਤਮ ਸਿੰਘ ਡਫਰਕੇ ਨੇ ਤਾਂ ਤਨਖ਼ਾਹ ਮੰਨ ਕੇ ਆਪੋ ਵਿਚ ਇਕ ਦੂਜੇ ਦਾ ਮੂੰਹ ਕਾਲਾ ਕੀਤਾ। ਪਰ ਹੋਰ ਸਾਥੀ ਪੰਥੋਂ ਪਰ੍ਹਾਂ ਹੀ ਗਏ। ਗੁਰੂ ਘਰ ਦੇ ਨਿੰਦਕ ਹੀ ਬਣੇ ਰਹੇ। ਸਗੋਂ ਬਾਅਦ ਵਿਚ ਬਾਵਾ ਸਿੰਘ ਨੇ 'ਸੱਚਾਈ ਦਾ ਖ਼ੂਨ' ਮੋਟੇ ਅੱਖਰਾਂ ਵਿਚ ਉਪਰ ਛਾਪ ਇਸ਼ਤਿਆਰ ਵਿਚ ਲਿਖਿਆ ਕਿ ਉਨ੍ਹਾਂ ਨਾਲ ਧੱਕਾ ਕੀਤਾ ਗਿਆ ਹੈ। ਇਹ ਸਮਾਂ ਅੱਗੋਂ ਆਵੇਗਾ ਕਿ ਪ੍ਰੀਤਮ ਸਿੰਘ ਤੇ ਮੰਗਲ ਸਿੰਘ ਪੰਥ ਵਿਚ ਚਿਰਕੇ ਛੇਤੀ ਆ ਮਿਲੋ ਪਰ ਜੋ ਮੁਨਕਰ ਸੀ, ਸੋ ਮੁਨਕਰ ਹੀ ਰਹੇ। ਹਾਂ, ਅਸਲ ਆਤਮਾ ਜਿਵੇਂ ਦਾ ਕਿਸੇ ਦਾ ਹੁੰਦਾ ਹੈ, ਸੋ ਸਾਬਤ ਹੋਣਾ ਨਹੀਂ ਰਹਿੰਦਾ। ਜਿਵੇਂ ਗੁਰੂ ਵਾਕ ਹੈ :

ਗੁਪਤ ਕਮਾਣਾ ਪ੍ਰਗਟ ਹੋਵੇ ਤੇ ਜੀਅ ਹੋਇ ਸੋ ਉਗਵੈ।

(ਜੱਸ ਜੀਵਨ, ਭਾਗ ੪, ਪੰਨੇ ੨੬-੨੭)

ਸ੍ਰੀਮਾਨ ਸੰਤ ਹਰਨਾਮ ਸਿੰਘ ਜੀ ਕਿਲ੍ਹੇ ਵਾਲੇ

ਇਹ ਮਹਾਂਪੁਰਖ ਨਾਮਧਾਰੀ ਮੱਤ ਦੇ ਚੰਗੇ ਪ੍ਰਤਾਪੀ ਸਾਧੂ ਹੋਏ ਹਨ। ਆਪ ਦਾ ਜਨਮ ਹਿੰਦੂ ਖੱਤਰੀ ਪਰਿਵਾਰ ਵਿਚ ਕਿਲ੍ਹਾ ਸੋਭਾ ਸਿੰਘ, ਜ਼ਿਲ੍ਹਾ ਸਿਆਲਕੋਟ ਵਿਚ ਹੋਇਆ। ਆਪਦੇ ਉਪਦੇਸ਼ਕ ਗੁਰੂ ਸੰਤ ਮੱਲਾ ਸਿੰਘ ਜੀ ਨਾਮਧਾਰੀ ਸਨ। ਇਹ ਮਹਾਂਪੁਰਖ ਸਤਿਗੁਰੂ ਜੀ ਦੇ ਅਨੁਕੂਲ ਪੂਰੇ ਨਹੀਂ ਸਨ ਰਹਿੰਦੇ ਅਤੇ ਆਪਣੀ ਮਨਮੱਤ ਅਨੁਸਾਰ ਚੱਲਦੇ ਸਨ। ਇਹਨਾਂ ਦੀ ਅਨੇਕਾਂ ਵਾਰ ਬਖ਼ਸ਼ਬੰਦੀ ਹੋਈ ਪਰੰਤੂ ਆਪ ਫਿਰ ਆਪਣੀ ਮੱਤ ਅਨੁਸਾਰ ਚੱਲਣ ਲੱਗ ਪੈਂਦੇ। ਇਸ ਕਰਕੇ ਸਤਿਗੁਰ ਪ੍ਰਤਾਪ ਸਿੰਘ ਜੀ ਇਹਨਾਂ ਤੋਂ ਨਰਾਜ਼ ਹੀ ਰਹਿੰਦੇ ਸਨ। ਆਪਨੇ ਆਪਣੀ ਮਨਮੱਤ ਅਨੁਸਾਰ ਹੇਠ ਲਿਖੀਆਂ ਗ਼ਲਤੀਆਂ ਕੀਤੀਆਂ :

੧. ਪਾਤਸ਼ਾਹੀ ਬਾਹਰਵੀ ਤਕ ਮਾਨਯਤਾ।
੨. ਮਜ਼ਹਬੀਆਂ ਨਾਲ ਬਾਟਾ ਅਭੇਦ।
੩. ਸੰਤਾਂ ਦੁਆਰਾ ਕੇਸ ਕਟਵਾਏ ਜਾਨੇ।
੪. ਪੈਂਟ ਕੋਟ ਅਤੇ ਟੋਪ ਧਾਰਨ ਕਰਨੇ।
੫. ਸਿੰਘਾਪੁਰ ਵਿਚ ਇਕ ਮ੍ਰਿਤਕ ਦੇਹ ਨੂੰ ਦਫ਼ਨਾਇਆ।
੬. ਸੰਤ ਗਿਆਨ ਸਿੰਘ ਜੀ ਸੰਧਾਵਾਲੀਆ ਨੂੰ ਦਫ਼ਨਾਇਆ।
੭. ਨੀਲੇ ਬਸਤਰ ਧਾਰਨ ਕਰ ਲਏ।
੮. ਜੂੜੇ ਅਤੇ ਕੜੇ ਦਾ ਤਿਆਗ ਕਰਵਾਇਆ।

੯. ਭਜਨ ਅੱਧਾ ਦੋ ਅੱਖਰਾ ਕਰ ਦਿੱਤਾ।

੧੦. ਮਜ਼ਹਬੀ ਸੰਤ ਮੇਹਰ ਸਿੰਘ ਨੂੰ ਲੰਗਰ ਵਿਚ ਲਾਉਣਾ।

ਬਿਕ੍ਰਮੀ ਸੰਮਤ ੧੯੯੪ ਵਿਚ ਇਕ ਮਜ਼ਹਬੀ ਸਿਖ ਮਿਹਰ ਸਿੰਘ, ਜੋ ਪੰਡਿਤ ਜਗਤ ਸਿੰਘ ਖੰਡੂਵਾਲੀਆਂ ਦੇ ਵਿਦਿਆਰਥੀ ਸਨ, ਨੂੰ ਅੰਮ੍ਰਿਤ ਛਕਾ ਕੇ ਲੰਗਰ ਵਿਚ ਲਾ ਲਿਆ ਸੀ। ਇਸ ਘਟਨਾ ਦੀ ਸ਼ਿਕਾਇਤ ਸ੍ਰੀ ਭੈਣੀ ਸਾਹਿਬ ਪਹੁੰਚੀ ਤਾਂ ਸਤਿਗੁਰਾਂ ਨੇ ਬਹੁਤ ਬੁਰਾ ਮਨਾਇਆ ਅਤੇ ਸੰਤਾਂ ਨੂੰ ਤਾੜਨਾ ਕੀਤੀ ਅਤੇ ਕਿਹਾ ਕਿ ਤੁਸੀਂ ਦਸਮ ਗੁਰੂ ਅਤੇ ਸਤਿਗੁਰੂ ਰਾਮ ਸਿੰਘ ਜੀ ਦੀ ਮਰਯਾਦਾ ਦੇ ਉਲਟ ਕੀਤਾ ਹੈ। ਤੁਸੀਂ ਮੇਰੀ ਅਰਜ ਮੰਨ ਕੇ ਦੁਬਾਰਾ ਅੰਮ੍ਰਿਤ ਛਕੋ। ਸੰਤਾਂ ਸਤਿਬਚਨ ਕਹਿ ਕੇ ਆਗਿਆ ਦਾ ਪਾਲਨ ਕੀਤਾ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਅਨੁਸਾਰ ਸੂਬਾ ਸ਼ੇਰ ਸਿੰਘ ਦੋਲੋਵਾਲੀਏ ਨੇ ਆਪ ਤੇ ਕੁਝ ਸਾਧਾਂ ਨੂੰ ਨਾਲ ਲੈ ਕੇ ਸੰਤਾਂ ਨੂੰ ਡੇਰੇ ਦੀ ਸਾਰੀ ਸੰਗਤ ਅਤੇ ਪਿੰਡ ਦੇ ਲੋਕਾਂ ਨੂੰ ਅੰਮ੍ਰਿਤ ਛਕਾਯਾ। ਮਿਹਰ ਸਿੰਘ ਜੀ ਨੂੰ ਪੀਲਾ ਦਸਤਾਰਾ ਦੇ ਕੇ ਆਪਣੇ ਭਾਂਡੇ ਅਲੱਗ ਰੱਖਣ ਦਾ ਹੁਕਮ ਕੀਤਾ। ਇਹ ਘਟਨਾ ਕਿਲ੍ਹਾ ਸੋਭਾ ਸਿੰਘ ਵਰਤਮਾਨ ਪਾਕਿਸਤਾਨ ਜ਼ਿਲ੍ਹਾ ਸਿਆਲਕੋਟ ਦੀ ਹੈ।

ਸੰਤਾਂ ਦੇ ਪ੍ਰਮੁੱਖ ਚੇਲਿਆਂ ਵਿਚੋਂ ਜਥੇਦਾਰ ਅਮਰ ਸਿੰਘ ਚੰਦੋਵਾਲ ਜੀ ਨੇ ਨੀਲੇ ਬਸਤਰ ਧਾਰਣ ਤੋਂ ਨਾਂਹ ਕਰ ਦਿੱਤੀ। ਸੰਤਾਂ ਕਿਹਾ ਕਿ ਤੁਸੀਂ ਸਾਡੇ ਲਾਏ ਬੂਟੇ ਹੋ। ਜਥੇਦਾਰ ਜੀ ਨੇ ਕਿਹਾ, 'ਮੈਨੂੰ ਤੁਸਾਂ ਜਦ ਸਿੰਘ ਸਾਜਿਆ ਸੀ, ਉਸ ਸਮੇਂ ਕਿਹਾ ਸੀ, ਤਕੜੇ ਹੋ ਕੇ ਏਦਾਂ ਹੀ ਰਹਿਣਾ, ਤਾਂਹੀ ਮੈਂ ਓਦਾਂ ਦਾ ਹੀ ਹਾਂ।" ਸੰਤਾਂ ਫੇਰ ਕਿਹਾ, "ਮੈਂ ਜੋ ਬਦਲ ਗਿਆ ਹਾਂ।" ਜਥੇਦਾਰ ਜੀ ਨੇ ਉੱਤਰ ਦਿੱਤਾ ਕਿ ਤੁਸੀਂ ਅਸਮਾਨ ਵਿਚ ਉੱਡਣ ਵਾਲੇ ਹੋ ਤੇ ਮੈਂ ਧਰਤੀ 'ਤੇ ਚੱਲਣ ਵਾਲਾ ਹਾਂ। ਇਹ ਸੁਣ ਕੇ ਸੰਤ ਚੁੱਪ ਕਰ ਗਏ।

ਸਤਿਗੁਰੂ ਤੋਂ ਬੇਮੁਖ ਰਹਿਣ ਦਾ ਪਰਿਣਾਮ

ਸੰਨ ੧੯੮੮ ਵਿਚ ਅੰਤਿਮ ਸਮੇਂ ਵੇਲੇ ਸੰਤਾਂ ਨੂੰ ਆਪਣੀਆਂ ਭੁੱਲਾਂ ਦਾ ਅਹਿਸਾਸ ਹੋਇਆ ਤੇ ਸਤਿਗੁਰਾਂ ਪ੍ਰਥਾਏ ਉਨ੍ਹਾਂ ਦਾ ਮਨ ਬਿਲਕੁਲ ਸਾਫ਼ ਹੋ ਗਿਆ। ਆਪਣੇ ਸੰਗਤਾਂ ਨੂੰ ਚਿੱਟੇ ਬਸਤ੍ਰ ਪਾਣ ਦੀ ਆਗਿਆ ਵੀ ਦੇ ਦਿੱਤੀ। ਸੰਤ ਚਾਹੁੰਦੇ ਸਨ ਕਿ ਮੈਂ ਸ੍ਰੀ ਭੈਣੀ ਸਾਹਿਬ ਜਾ ਕੇ ਸਰੀਰ ਛੱਡਾਂ। ਇਸ ਲਈ ਉਹ ਮਰਨ ਤੋਂ ਪਹਿਲਾਂ ਸ੍ਰੀ ਭੈਣੀ ਸਾਹਿਬ ਜਾਣ ਲਈ ਤੁਰ ਪਏ। ਸੰਤਾਂ ਦੀ ਕਾਰ ਕੱਥੂਨੰਗਲ ਕੋਲ ਪਹੁੰਚੀ ਤਾਂ ਸੰਤਾਂ ਨੇ ਸੇਵਕਾਂ ਨੂੰ ਪੁੱਛਿਆ ਕਿ ਭੈਣੀ ਸਾਹਿਬ ਕਿੰਨੀ ਕੁ ਦੂਰ ਹੈ। ਸੇਵਕਾਂ ਉਨ੍ਹਾਂ ਨੂੰ ਸ੍ਰੀ ਭੈਣੀ ਸਾਹਿਬ ਨਹੀਂ ਲੈ ਜਾ

ਰਹੇ ਸਨ। ਸੇਵਕਾਂ ਨੇ ਝਿਜਕਦੇ ਹੋਏ ਉੱਤਰ ਦਿੱਤਾ, "ਅਸੀਂ ਆਪ ਜੀ ਨੂੰ ਭੈਣੀ ਸਾਹਿਬ ਦੀ ਬਜਾਏ ਸ੍ਰੀ ਅੰਮ੍ਰਿਤਸਰ ਲੈ ਜਾ ਰਹੇ ਹਾਂ। ਇਹ ਗੱਲ ਸੁਣਦਿਆਂ ਹੀ ਸੰਤਾਂ ਨੇ ਕੱਥੂਨੰਗਲ ਵਾਲੀ ਨਹਿਰ ਦੇ ਪੁਲ 'ਤੇ ਪ੍ਰਾਣ ਤਿਆਗ ਦਿੱਤੇ।

ਅੰਤਿਮ ਸੰਸਕਾਰ ਨਹੀਂ ਹੋਣਾ

ਸੰਤਾਂ ਦੀ ਦੇਹ ਨੂੰ ਵਾਪਸ ਨੌਸ਼ਹਿਰੇ ਲਿਆ, ਦੋ-ਤਿੰਨ ਦਿਨ ਉਸ ਮ੍ਰਿਤਕ ਦੇ ਦਾ ਪ੍ਰਦਰਸ਼ਨ ਕੀਤਾ ਗਿਆ। ਸੰਤਾਂ ਦੇ ਪੈਰੋਕਾਰ ਵੱਲੋਂ ਇਹ ਗੱਲ ਐਲਾਨੀ ਗਈ ਕਿ ਸੰਤਾਂ ਨੇ ਰਾਤ ੨ ਵਜੇ ੧੨ ਸਾਲਾਂ ਦਾ ਹੋ ਕੇ ਉੱਠ ਬੈਠਣਾ ਹੈ। ਇਹ ਨਾ ਹੋਣਾ ਸੀ ਅਤੇ ਨਾ ਹੋਇਆ। ਇਸ ਮ੍ਰਿਤ ਦੇਹ ਕਾਰਨ ਸੰਤਾਂ ਦੇ ਚੇਲਿਆਂ ਨੇ ਲੱਖਾਂ ਰੁਪਏ ਇਕੱਠੇ ਕੀਤੇ।

ਅੰਤ ਵਿਚ ਸੰਸਕਾਰ ਕਰਨ ਬਾਰੇ ਆਪਦੇ ਪੈਰੋਕਾਰ ਤਿੰਨ ਧੜਿਆਂ ਵਿਚ ਵੰਡੇ ਗਏ। ਇਕ ਧੜਾ ਕਹੇ ਕਿ ਸੰਤ ਜੀ ਨਾਮਧਾਰੀ ਸਨ ਅਤੇ ਸੰਤਾਂ ਦੀ ਇੱਛਾ ਅਨੁਸਾਰ ਉਨ੍ਹਾਂ ਦਾ ਸੰਸਕਾਰ ਅਗਨੀ ਦੁਆਰਾ ਸ੍ਰੀ ਭੈਣੀ ਸਾਹਿਬ ਕਰਨਾ ਚਾਹੀਦਾ ਹੈ। ਦੂਜੇ ਧੜੇ ਦਾ ਖ਼ਿਆਲ ਸੀ ਕਿ ਦਾਹ ਸਸਕਾਰ ਹੀ ਕੀਤਾ ਜਾਵੇ। ਪਰੰਤੂ ਨੌਸ਼ਹਿਰੇ ਵਿਚ ਹੀ। ਤੀਜਾ ਧੜਾ ਜਿਸ ਵਿਚ ਅਧਿਕਤਰ ਸਿੰਘਾਪੁਰੀਏ ਸਨ। ਇਹ ਬਹੁਤ ਮਾਇਆਧਾਰੀ ਅਤੇ ਸ਼ਕਤੀਸ਼ਾਲੀ ਸਨ। ਇਨ੍ਹਾਂ ਨੇ ਨਾ ਹੀ ਦਾਹ ਸੰਸਕਾਰ ਕੀਤਾ ਅਤੇ ਨਾ ਹੀ ਦਫ਼ਨਾਇਆ। ਧਰਤੀ ਵਿਚ ਇਕ ਟੋਇਆ ਪੁੱਟਿਆ, ਉਸ ਵਿਚ ਪੱਕਾ ਕਮਰਾ ਬਣਾਇਆ। ਉਸਨੂੰ ਪਲੱਸਤਰ ਕਰ ਕੇ ਵਿਚ ਇਕ ਰੰਗੀਨ ਪਲੰਗ ਪਾ ਕੇ ਸੋਹਣਾ ਬਿਸਤਰਾ ਆਦਿ ਵਿਛਾ ਕੇ ਉਸ ਉਪਰ ਸੰਤਾਂ ਨੂੰ ਲਿਟਾ ਦਿੱਤਾ। ਸੰਤਾਂ ਦੇ ਨਾਲ ਗੜਵਾ, ਸੇਲਾ, ਸਫ਼ੈਦ ਬਸਤਰ, ਨੀਲਾ ਚਕੂਟਾ ਰੱਖ ਕੇ ਉਪਰ ਟੀ.ਆਰ. ਦੀ ਛੱਤ ਪਾ ਦਿੱਤੀ। ਇਸ ਭੂਮੀਗਤ ਕਮਰੇ ਨੂੰ ਭੋਰਾ ਸਾਹਿਬ ਆਖਦੇ ਹਨ। ਸੰਤਾਂ ਨਮਿਤ ਇਕ ਸਾਧਾਰਨ ਪਾਠ ਦਾ ਭੋਗ ਪਾਇਆ ਗਿਆ, ਪਰੰਤੂ ਸਿੱਖ ਮੱਤ ਦੇ ਅਕੀਦੇ ਅਨੁਸਾਰ ਰਾਗਮਾਲਾ ਪਿੱਛੋਂ ਸੱਦ ਨਹੀਂ ਪੜ੍ਹੀ ਗਈ, ਕਿਉਂਕਿ ਆਪਣੇ ਪੈਰੋਕਾਰ ਸੰਤਾਂ ਨੂੰ ਮਰਿਆ ਨਹੀਂ ਮੰਨਦੇ। ਉਪਰੋਕਤ ਕ੍ਰਿਆ ਕਰਮ ਦੇ ਪ੍ਰਤਿਕਾਰ ਵਜੋਂ ਸਾਰੇ ਸਿਖ ਪੰਥ ਵਿਚ ਅਕ੍ਰੋਸ਼ ਅੱਜ ਤਕ ਚਲਿਆ ਆਉਂਦਾ ਹੈ। ਇਸੇ ਕਾਰਣ ਸੰਤ ਭਿੰਡਰਾਂਵਾਲੇ ਬਾਬਾ ਜਰਨੈਲ ਸਿੰਘ ਦੇ ਪੈਰੋਕਾਰਾਂ ਨੇ ਡੇਰੇ ਉੱਤੇ ਕਬਜ਼ਾ ਕਰ ਕੇ ਜਰਨੈਲ ਸਿੰਘ ਜੀ ਦੀ ਵੱਡੀ ਫ਼ੋਟੋ ਲਾ ਕੇ ਕਬਜ਼ਾ ਕਰ ਲਿਆ ਸੀ। ਜਦ ਡੇਰੇ ਦੇ ਸਾਧਾਂ ਤੇ ਭਿੰਡਰਾਂਵਾਲਿਆਂ ਦਾ ਤਕਰਾਰ ਹੋਇਆ ਤਾਂ ਸੰਤ ਮੰਗਲ ਸਿੰਘ ਜੀ ਨੇ ਕਿਹਾ ਕਿ ਇਹ ਨਾਮਧਾਰੀ ਡੇਰਾ ਹੈ। ਅਸੀਂ ਭੈਣੀ ਸਾਹਿਬ ਵਾਲੇ ਸਤਿਗੁਰੂ

ਜਗਜੀਤ ਸਿੰਘ ਮਹਾਰਾਜ ਦੇ ਅਨੁਸਾਰ ਚੱਲਦੇ ਹਾਂ। ਤੁਸੀਂ ਸਾਨੂੰ ਕੁਝ ਨਾ ਕਹੋ, ਭੈਣੀ ਸਾਹਿਬ ਚਲੇ ਜਾਵੋ। ਸਤਿਗੁਰੂ ਜੀ ਬੰਦਾ ਭੇਜ ਕੇ ਜਾਂ ਫ਼ੋਨ ਕਰ ਕੇ ਜੋ ਕਹਿਣਗੇ ਅਸੀਂ ਮੰਨ ਲਵਾਂਗੇ। ਉਨ੍ਹਾਂ ਦੇ ਕਹਿਣ 'ਤੇ ਅਸੀਂ ਇਕ ਨਹੀਂ ਦੋ ਦੋ ਕ੍ਰਿਪਾਨਾਂ ਪਾ ਲਵਾਂਗੇ। ਅਸੀਂ ਫੱਕਰ ਮਸਤਾਨੇ ਲੋਕ ਹਾਂ। ਕਿਸੇ ਵੀ ਭੇਸ ਵਿਚ ਰਹੀਏ, ਉਹੀ ਠੀਕ ਹੈ। ਅਸੀਂ ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਦੇ ਉਪਾਸ਼ਕ ਹਾਂ ਅਤੇ ਅਰਦਾਸ ਵੀ ੧੨ ਪਾਤਸ਼ਾਹੀਆਂ ਦੀ ਕਰਦੇ ਹਾਂ। ਸੰਤ ਮੰਗਲ ਸਿੰਘ ਜੀ ਨੇ ਕੰਧਾਂ ਵਿਚ ਲੱਗੀਆਂ ਪੱਕੀਆਂ ਸਿਲਾਂ, ਜਿਨ੍ਹਾਂ ਉਪਰ **'੧ਓ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ'** ਉਕਰਿਆ ਹੋਇਆ ਸੀ, ਵਿਖਾਈਆਂ। ਇਸ ਵਾਰਤਾ ਤੋਂ ਬਾਅਦ ਡੇਰਾ ਮੱਲਣ ਆਏ ਸਿੱਖ ਵਾਪਸ ਚਲੇ ਗਏ। ਇਸ ਘਟਨਾ ਪਿੱਛੋਂ ਸੰਤ ਮੰਗਲ ਸਿੰਘ ਜੀ ਨੇ ਅਤਿ ਸ਼ਲਾਘਾ ਯੋਗ ਉੱਦਮ ਕਰ ਕੇ ਨਾਮਧਾਰੀ ਨਿੱਤਨੇਮ ਦਾ ਗੁਟਕਾ ਛਪਾਇਆ, ਜਿਸ ਵਿਚ੧੨-੧੪ ਗੁਰੂਆਂ ਦੀ ਅਰਦਾਸ ਆਪਣੇ ਅਕੀਦੇ ਅਨੁਸਾਰ ਲਿਖੀ ਹੈ।

ਬਖ਼ਸ਼ਬੰਦੀ ਨਾ ਕਰਾਉਣ ਦਾ ਫਲ

ਇਸ ਪ੍ਰਕਾਰ ਸੰਤ ਹਰਨਾਮ ਸਿੰਘ ਜੀ ਮਨਮੱਤ ਅਨੁਸਾਰ ਚੱਲਦੇ ਹੋਏ ਸੰਸਾਰ ਦਾ ਤਿਆਗ ਕਰ ਗਏ। ਸਤਿਗੁਰਾਂ ਤੋਂ ਮਾਫ਼ੀ ਮੰਗ ਕੇ ਬਖ਼ਸ਼ਬੰਦੀ ਨਾ ਕਰਾਈ। ਇਸ ਦਾ ਦੁਸ਼ ਪਰਿਣਾਮ ਇਹ ਨਿਕਲਿਆ ਕਿ ਮਰਨ ਦੇ ੧੯ ਸਾਲ ਬਾਅਦ ਤਕ ਵੀ ਸੰਤਾਂ ਦਾ ਅੰਤਿਮ ਸੰਸਕਾਰ ਅਤੇ ਕ੍ਰਿਆ ਕਰਮ ਨਾ ਹੋ ਸਕਿਆ। ਉਨ੍ਹਾਂ ਨੂੰ ਨਾ ਅਰਸ਼ ਮਿਲਿਆ ਤੇ ਨਾ ਹੀ ਫ਼ਰਸ਼। ਕਾਸ਼, ਸੰਤ ਜੀ ਬਖ਼ਸ਼ਬੰਦੀ ਕਰਵਾ ਲੈਂਦੇ। ਹੁਣ ਵੀ ਕੋਈ ਸੰਤਾਂ ਦਾ ਸੱਚਾ ਸੇਵਕ ਸ੍ਰੀ ਸਤਿਗੁਰੂ ਜੀ ਦੇ ਚਰਣਾਂ ਵਿਚ ਬਖ਼ਸ਼ਬੰਦੀ ਲਈ ਅਰਜ਼ ਕਰੇ ਜਾਂ ਗ਼ਰੀਬ ਨਿਵਾਜ਼ ਆਪ ਹੀ ਕ੍ਰਿਪਾ ਕਰਨ ਕਿਉਂਕਿ ਲੋਕ ਪ੍ਰਲੋਕ ਆਪ ਦੇ ਹੱਥ ਹੈ।

ਭਾਵੇਂ ਸੰਤਾਂ ਦਾ ਕਿੰਨਾ ਵੀ ਪ੍ਰਤਾਪ ਸੀ, ਪਰੰਤੂ ਗੁਰਬਾਣੀ ਅਨੁਸਾਰ :

ਪੂਜ ਲਗੈ ਪੀਰੁ ਆਖੀਐ ਸਭੁ ਮਿਲੈ ਸੰਸਾਰੁ ॥
ਨਾਓ ਸਦਾਏ ਆਪਣਾ ਹੋਵੈ ਸਿਧੁ ਸੁਮਾਰੁ ॥
ਜਾ ਪਤਿ ਲੇਖੈ ਨ ਪਵੈ ਸਭਾ ਪੂਜ ਖੁਆਰੁ ॥
ਜਿਨ ਕਉ ਸਤਿਗੁਰਿ ਥਾਪਿਆ ਤਿਨ ਮੇਟਿ ਨ ਸਕੈ ਕੋਇ ॥
ਓਨਾ ਅੰਦਰਿ ਨਾਮੁ ਨਿਧਾਨੁ ਹੈ ਨਾਮੋ ਪਰਗਟੁ ਹੋਇ ॥
ਨਾਉ ਪੂਜੀਐ ਨਾਉ ਮੰਨੀਐ ਅਖੰਡੁ ਸਦਾ ਸਚੁ ਸੋਇ ॥੩॥

(ਪੰਨਾ ੧੭)

ਇਹ ਫਲ ਪ੍ਰਾਪਤ ਹੁੰਦਾ ਹੇ ਬੇਮੁਖਤਾਈ ਦਾ।

ਸੰਤ ਮੋਹਨ ਸਿੰਘ ਜੀ ਭਾਗੋਵਾਲ

ਇਹ ਮਹਾਤਮਾ ਨਾਮਧਾਰੀ ਪੰਥ ਦੇ ਮਹਾਨ ਸੰਤਾਂ ਵਿਚੋਂ ਇਕ ਸਨ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪ ਨੂੰ ਅਨੇਕਾਂ ਕਰਾਮਾਤਾਂ ਦਾ ਮਾਲਕ ਬਣਾਇਆ ਸੀ। ਅੱਗ ਪਾਣੀ ਵੀ ਆਪ ਦਾ ਹੁਕਮ ਮੰਨਦੇ ਸਨ। ਇਕ ਵਾਰੀ ਆਪਨੇ ਹਵਨ ਕੁੰਡ ਵਿਚ ਛਲਾਂਗ ਲਾ ਦਿੱਤੀ ਸੀ। ਪਰ ਆਪ ਦੇ ਰੋਮ ਤਕ ਨੂੰ ਵੀ ਨੁਕਸਾਨ ਨਹੀਂ ਪੁੱਜਾ ਸੀ। ਮੈਂ (ਲੇਖਕ) ਆਪ ਦੇ ਦਰਸ਼ਨ ਪਠਾਨਕੋਟ ਸੜਕ ਦੇ ਕੰਢੇ ਡੇਰਾ ਲਾਈ ਬੈਠਿਆਂ ਦੇ ਕੀਤੇ ਸਨ। ਮੈਂ ਆਪ ਨੂੰ ਅਰਜ਼ ਕੀਤੀ ਸੀ ਕਿ ਸੰਤ ਜੀ ਮਹਾਰਾਜ, ਆਪ ਕਿਰਪਾ ਕਰ ਕੇ ਸਤਿਗੁਰੂ ਜੀ ਪਾਸੋਂ ਬਖ਼ਸ਼ਬੰਦੀ ਕਰਵਾ ਲਵੋ। ਆਪ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਗੱਦੀਨਸ਼ੀਨੀ ਤੋਂ ਬਾਅਦ ਬੇਮੁਖ ਹੋ ਗਏ ਹੋ। ਮੈਂ ਸੰਤਾਂ ਨੂੰ ਆਖਿਆ ਕਿ ਤੁਹਾਡਾ ਰੁਸੇਵਾਂ ਪਿਉ ਪੁੱਤ ਵਾਲਾ ਹੈ। ਨਾ ਹੀ ਸਤਿਗੁਰਾਂ ਤੁਹਾਨੂੰ ਦਿਲੋਂ ਵਿਸਾਰ ਦਿੱਤਾ ਹੈ ਤੇ ਨਾ ਹੀ ਤੁਸੀਂ ਉਨ੍ਹਾਂ ਨੂੰ। ਸੰਤਾਂ ਉੱਤਰ ਦਿੱਤਾ, ਮੈਂ ਜਦੋਂ ਵੀ ਗਿਆ, ਸਤਿਗੁਰਾਂ ਕਿਰਪਾ ਕਰ ਦੇਣੀ ਹੈ। ਸੰਤ ਚਕਰਵਰਤੀ ਰਹਿੰਦੇ ਸਨ, ਉਨ੍ਹਾਂ ਆਪਣੀ ਵਸੀਅਤ ਵਿਚ ਲਿਖਿਆ ਸੀ, ਮੇਰਾ ਦਾਹ ਸੰਸਕਾਰ ਸ੍ਰੀ ਭੈਣੀ ਸਾਹਿਬ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਹੋਵੇ। ਆਪਦੀ ਮ੍ਰਿਤੂ ਬਾਰੇ ਸੰਤ ਤਰਨ ਸਿੰਘ ਜੀ ਲਿਖਦੇ ਹਨ:

"ਸੰਤ ਮੋਹਨ ਸਿੰਘ ਜੀ ਮਸਤਾਨੇ, ਜਿਨ੍ਹਾਂ ਦਾ ਜਨਮ ਭਾਗੋਵਾਲੀ ਜ਼ਿਲ੍ਹਾ ਗੁਰਦਾਸਪੁਰ ਦਾ ਸੀ ਤੇ ਸੰਤ ਬੰਤਾ ਸਿੰਘ ਬੂਰੇਡੱਲੇ ਵਾਲਿਆਂ ਦੀ ਸੰਗਤ ਤੋਂ ਸੁਧਰੇ ਸੀ। ਆਪ ਦੀ ਉਮਰ ਭਜਨ ਬੰਦਗੀ ਕਰਦਿਆਂ ਗੁਜ਼ਰੀ। ੯੦ ਸਾਲ ਦੀ ਉਮਰ ਵਿਚ ਆਪ ਗਵਾਲੀਅਰ ਚੜੇ ਤੇ ਉਨ੍ਹਾਂ ਦੇ ਹੁਕਮ ਅਨੁਸਾਰ ਉਥੋਂ ਦੀ ਸੰਗਤ ੫ ਪੋਹ ਚੜ੍ਹਿਆਂ ਨੂੰ ੬ ਪੋਹ, ਭੈਣੀ ਸਾਹਿਬ ਜਿਥੇ ਆਪ ਝਿੜੀ ਵਿਚ ਰਿਹਾ ਕਰਦੇ ਸੀ, ਉਥੇ ਸੰਸਕਾਰ ਕੀਤਾ। ਮਾਤਾ ਚੰਦ ਕੌਰ ਜੀ ਤੇ ਮਹਾਰਾਜ ਬੀਰ ਸਿੰਘ ਜੀ ਦੀ ਹਜ਼ੂਰੀ ਵਿਚ ਕੀਤਾ ਗਿਆ।"

(ਜੱਸ ਜੀਵਨ, ਭਾਗ ੬)

ਸੰਤ ਬੰਤਾ ਸਿੰਘ ਜੀ ਬੂੜਾ ਡੱਲਾ

ਇਹ ਮਹਾਂਪੁਰਖ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਅਨਿੰਨ ਸੇਵਕਾਂ ਵਿਚੋਂ ਸਨ। ਇਹ ਬੜੇ ਉਚਕੋਟੀ ਦੇ ਵਿਦਵਾਨ ਅਤੇ ਪ੍ਰਚਾਰਕ ਸਨ। ਹੱਲੇ ਦੀ ਦੀਵਾਨ ਦੇ ਬੜੇ ਮਾਹਿਰ ਸਨ। ਇਨ੍ਹਾਂ ਦੀ ਧਾਰਨਾਂ ਇਸ ਪ੍ਰਕਾਰ ਦੀਆਂ ਸਨ:

ਬੀਤ ਜੈ ਹੈ, ਬੀਤ ਜੈ ਹੈ, ਜਨਮ ਅਕਾਜ ਤੇਰਾ।
ਭੇਜਾਂ ਇਕੋ ਬਾਜ ਨੂੰ ਮੈਂ ਭੇਜਾਂ ਇਕੋ ਬਾਜ ਨੂੰ।

ਵਿਦਵਤਾ ਛੱਡ ਕੇ ਆਪ ਗਤਕੇ ਅਤੇ ਡਾਂਗ ਸੋਟੇ ਦੇ ਵੀ ਧਨੀ ਸਨ। ਇਸੇ ਕਾਰਨ ਸੰਗਤ ਇਨ੍ਹਾਂ ਨੂੰ ਬੰਦਾ ਬਹਾਦਰ ਆਖਿਆ ਕਰਦੀ ਸੀ। ਜਿਹੜਾ ਕੂਕੇ ਮਤ ਦੇ ਪ੍ਰਚਾਰ ਵਿਚ ਰੁਕਾਵਟ ਬਣਦਾ, ਇਹ ਉਸ ਲਈ ਪੱਥਰ ਸਾਬਤ ਹੁੰਦੇ ਸਨ। ਆਪ ਬਹੁਤ ਉੱਤਮੀ ਅਤੇ ਉਤਸ਼ਾਹੀ ਸਨ। ਆਪ ਦੇ ਜਥੇ ਵਿਚ ੩੦-੩੫ ਸਰੀਰ ਰਹਿੰਦੇ ਸਨ। ਸਤਿਗੁਰੂ ਜੀ ਆਪ ਨੂੰ ਬਹੁਤ ਚਾਹੁੰਦੇ ਸਨ। ਆਪ ਬਖ਼ਸ਼ਬੰਦੀ ਕਰਾਏ ਬਿਨਾਂ ਹੀ ਚੱਲ ਵੱਸੇ। ਆਪ ਦੇ ਪਰਿਵਾਰ ਵਿਚ ਆਪ ਦੀ ਪਤਨੀ ਸ੍ਰੀਮਤੀ ਰਾਮ ਦੇਈ ਜੋ ੩ ਮਹੀਨੇ ਪਹਿਲਾਂ ਚੜ੍ਹਾਈ ਕਰ ਗਏ ਹਨ ਅਤੇ ਪੁੱਤਰ ਨਿਸ਼ਾਨ ਸਿੰਘ ਜੀ ਪਿੰਡ ਬੜੋਆ (ਧਾਰੀਵਾਲ) ਰਹਿੰਦੇ ਹਨ। ਨਿਸ਼ਾਨ ਸਿੰਘ ਵੀ ਚੰਗੇ ਸਾਧ ਸੁਭਾਈ, ਮਿੱਠ ਬੋਲੜੇ, ਅਖੰਡ ਪਾਠੀ, ਪ੍ਰਚਾਰਕ ਹਨ।

ਮਹਾਰਾਜ ਗੁਰਦਿਆਲ ਸਿੰਘ ਜੀ

ਇਹ ਮਹਾਪੁਰਖ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਾਚਾ ਅਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਛੋਟੇ ਭਰਾ ਸਨ। ਇਹ ਵੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਤੋਂ ਬੇਮੁਖ ਹੋਏ ਸਨ। ਇਸ ਉਪਰੰਤ ਆਪ ਮਰ ਕੇ ਦੁਬਾਰਾ ਉੱਠ ਖੜੇ ਹੋਏ ਅਤੇ ਸਤਿਗੁਰਾਂ ਕੋਲੋਂ ਬਖ਼ਸ਼ਬੰਦੀ ਕਰਾਈ। ਸੋਧ ਮਰਯਾਦਾ ਦਾ ਪਾਲਨ ਵੀ ਕੀਤਾ। ਆਪ ਨੇ ਦੱਸਿਆ ਕਿ ਮਰਨ ਤੋਂ ਬਾਅਦ ਮੇਰੇ ਲਈ ਦਰਗਾਹ ਦੇ ਦਰਵਾਜ਼ੇ ਬੰਦ ਸਨ ਅਤੇ ਮੇਰੇ ਭਰਾਤਾ-ਸ਼੍ਰੀ ਦਰਗਾਹ ਦੇ ਮਾਲਕ ਹਨ।

ਆਪ ਦੇ ਲਾਂਗਰੀ ਬਾਬਾ ਭੋਲਾ ਸਿੰਘ ਜੀ ਅਨੁਸਾਰ ਆਪ ਨੂੰ ਜੇ ਹਵਾ ਵੀ ਸਰਨੀ ਤਾਂ ਕਹਿਣਾ ਮੈਂ ਖੁੱਲ੍ਹਾ ਹੋ ਗਿਆ ਹਾਂ, ਮੈਨੂੰ ਇਸ਼ਨਾਨ ਕਰਾਓ। ਇਸ ਪ੍ਰਕਾਰ ਆਪ ਸਤਿਗੁਰੂ ਤੋਂ ਬਖ਼ਸ਼ਬੰਦੀ ਕਰਾ ਕੇ ਚੜ੍ਹਾਈ ਕਰ ਗਏ।

ਮਹਾਰਾਜ ਨਿਹਾਲ ਸਿੰਘ ਜੀ

ਇਹ ਮਹਾਂਪੁਰਖ ਵੀ ਵਰਤਮਾਨ ਸ੍ਰੀ ਸਤਿਗੁਰੂ ਜੀ ਦੇ ਚਾਚਾ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਭਰਾਤਾ ਸਨ। ਇਹ ਵੀ ਕਿਸੇ ਕਾਰਨ ਬੇਮੁਖ ਹੋ ਗਏ ਸਨ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪੂਰਬ ਕਥਨ ਅਨੁਸਾਰ ਆਪ ਦੀ ਮ੍ਰਿਤਯੂ ਚੰਡੀਗੜ੍ਹ ਵਿਖੇ ਹੋਈ ਸੀ। ਸ੍ਰੀ ਸੰਤ ਤਰਨ ਸਿੰਘ ਜੀ ਵਹਿਮੀ ਆਪ ਦੇ ਅੰਤ ਸਮੇਂ ਬਾਰੇ ਲਿਖਦੇ ਹਨ :

"੧੫ ਚੇਤਰ ੨੦੨੫ ਬਿਕ੍ਰਮੀ, ਸ਼ੁਕਰਵਾਰ ੧੯ ਮਾਰਚ ੧੯੬੯ ਈਸਵੀ ਮਹਾਰਾਜ ਨਿਹਾਲ ਸਿੰਘ ਜੀ ਚੰਡੀਗੜ੍ਹ ਚੜ੍ਹਿਆਂ ਦੀ ਦੁਪਹਿਰੇ ਰੇਡੀਉ 'ਤੇ ਦਿੱਲੀ, ਜਲੰਧਰ ਤੇ ਦੱਸਿਆ ਗਿਆ ਕਿ ਕੁਦਰਤੀ ਮੌਤ ਨਾਲ ਮਰੇ ਹਨ ਤੇ ਡਾਕਟਰਾਂ ਦੀ ਰਾਏ ਵਿਚ ੪੮ ਘੰਟੇ ਮਰਿਆਂ ਨੂੰ ਹੋਏ। ਬਾਅਦ ਵਿਚ ਪਤਾ ਲੱਗਾ ਹੈ, ਕਿਸੇ ਨੂੰ ਵੇਲੇ ਸਿਰ ਸੁਰਤ ਨਾ ਲੱਗੀ। ਮਹਾਰਾਜ ਬੀਰ ਸਿੰਘ ਜੀ ਜੀਵਨ ਨਗਰ ਨੇ ਦਿੱਲੀਓਂ ਆ ਕੇ ਦੱਸਿਆ ਕਿ ਜੰਗਲ ਜਾਣ ਲਈ ਨਾਲਾ ਹੱਥ ਵਿਚ ਫੜਿਆ, ਥਿੜਕ ਕੇ ਡਿੱਗੇ ਸੀ। ਟੱਟੀਖ਼ਾਨੇ ਵਿਚ ਚੜ੍ਹੇ ਹਨ ਤੇ ਚਾਹ ਦੀ ਪਿਆਲੀ ਮੇਜ਼ 'ਤੇ ਈ ਪਈ ਰਹਿ ਗਈ। ਪੜਦੇ ਕਾਰਨ ੪੮ ਘੰਟੇ ਕੋਈ ਅੰਦਰ ਜਾ ਨਹੀਂ ਸਕੇ ਸੀ।

(ਜੱਸ ਜੀਵਨ, ਭਾਗ ੬, ਪੰਨਾ ੪੩੩)

ਮਹੰਤ ਚੇਤ ਸਿੰਘ

ਆਪ ਰਿਸ਼ਤੇ ਵਿਚੋਂ ਘਸੀਟਾ ਸਿੰਘ ਦੇ ਕੁੜਮ ਸਨ। ਘਸੀਟਾ ਸਿੰਘ ਦੀ ਕੁੜੀ ਆਪ ਦੇ ਮੁੰਡੇ ਭਗਤ ਸਿੰਘ ਵੱਲ ਵਿਆਹੀ ਹੋਈ ਸੀ। ਆਪ ਨੇ ਬੇਮੁਖੀ ਵਾਲੇ ਪਾਸੇ ਲੱਗ ਕੇ ਆਪਣੀ ਕੁੜੀ ਦਾ ਵਿਆਹ ਘਰ ਹੀ ਕਰ ਲਿਆ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਸ ਗੱਲ 'ਤੇ ਆਪ ਨੂੰ ਅਤੇ ਵਿਆਹ ਕਰਾਉਣ ਵਾਲਿਆਂ ਨੂੰ ਤਾੜਨਾ ਕੀਤੀ। ਵਿਆਹ ਕਰਾਉਣ ਵਾਲਿਆਂ ਵਿਚੋਂ ਸੰਤ ਹਰਬੰਸ ਸਿੰਘ ਸੰਤ ਨਗਰ ਵੀ ਸਨ, ਪਰੰਤੂ ਆਪਨੇ ਦੀਵਾਨ ਵਿਚ ਖੜੇ ਹੋ ਕੇ ਬਖ਼ਸ਼ਬੰਦੀ ਕਰਾਈ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਖਿਆ, ਮਹੰਤ ਚੇਤ ਸਿੰਘ ਨੇ ਇਹ ਆਨੰਦ ਦਾ ਕੰਮ ਨਾ ਕਰਕੇ ਬੜਾ ਦੁਖਦਾਈ ਕੰਮ ਕੀਤਾ ਹੈ। ਇਸ ਆਨੰਦ ਕਾਰਜ ਦੇ ਕੁਝ ਸਮਾਂ ਮਗਰੋਂ ਮਹੰਤਾਂ ਦਾ ਮੁੰਡਾ ਅਪਾਹਜ ਹੋ ਗਿਆ ਅਤੇ ਮਹੰਤਾਂ ਦੀਆਂ ਨੂੰਹਾਂ ਅਤੇ ਉਨ੍ਹਾਂ ਦੀ ਸਿੰਘਣੀ ਵੀ ਚੜ੍ਹਾਈ ਕਰ ਗਈਆਂ। ਮਗਰੋਂ ਮਹੰਤ ਜੀ ਆਪ ਵੀ ਕਮਲੇ ਹੋ ਗਏ। ਇਸੇ ਦੌਰਾਨ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇਹ ਤਿਆਗ ਗਏ ਅਤੇ ਗੁਰਗੱਦੀ ਉੱਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵਿਰਾਜਮਾਨ ਹੋਏ। ਮਹੰਤ ਜੀ ਦੇ ਸਪੁੱਤਰ ਆਪ ਦੇ ਚਰਨਾਂ ਵਿਚ ਬਖ਼ਸ਼ਬੰਦੀ ਲਈ ਆਏ। ਸਤਿਗੁਰੂ ਜੀ ਨੇ ਬਖ਼ਸ਼ਬੰਦੀ ਕਰ ਦਿੱਤੀ। ਮਹੰਤ ਜੀ ਦਾ ਲੜਕਾ ਅਤੇ ਮਹੰਤ ਜੀ ਆਪ ਪੂਰੀ ਤਰ੍ਹਾਂ ਠੀਕ ਹੋ ਗਏ। ਠੀਕ ਹੋਣ ਮਗਰੋਂ ਆਪ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਹਾਜ਼ਰ ਹੋਏ ਤਾਂ ਸਤਿਗੁਰੂ ਜੀ ਨੇ ਬਚਨ ਕੀਤਾ, ਤੁਸੀਂ ਆਪਣਾ ਲੜਕਾ ਭੇਜ ਦਿੱਤਾ, ਉਹ ਹੀ ਕਾਫ਼ੀ ਸੀ, ਤੁਸੀਂ ਕਿਉਂ ਆਏ ਹੋ ? ਇਹ ਸੁਣ ਕੇ ਮਹੰਤ ਜੀ ਚਰਨਾਂ ਵਿਚ ਡਿੱਗ ਕੇ ਭਾਵ ਵਿਭੋਰ ਹੋ ਗਏ ਅਤੇ ਸੱਚੇ ਪਾਤਸ਼ਾਹ ਜੀ ਕੋਲੋਂ ਖ਼ੁਸ਼ੀਆਂ ਲੈ

ਕੇ ਵਾਪਸ ਪਰਤੇ।

ਵਿਕ੍ਰਮਾ ਸਿੰਘ ਅਤੇ ਗੁਰਦਿਆਲ ਸਿੰਘ

ਇਹ ਦੋਨੋਂ ਸਕੇ ਭਰਾ ਸਨ। ਆਪ ਪਿੱਛੋਂ ਪਿੰਡ ਝਣਿਆ ਜ਼ਿਲ੍ਹਾ ਲਾਹੌਰ ਦੇ ਵਸਨੀਕ ਸਨ। ਦੇਸ਼ ਬਟਵਾਰੇ ਪਿੱਛੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਕਿਰਪਾ ਸਦਕਾ ਇਨ੍ਹਾਂ ਦਾ ਪਰਿਵਾਰ ਲਹਿੰਦੇ ਕਰੀਵਾਲ (ਲਾਹੌਰੀਆਂ ਦਾ ਪਿੰਡ) ਵਿਚ ਵੱਸ ਗਿਆ। ਇਹਨਾਂ ਦੋਨਾਂ ਭਰਾਵਾਂ ਨੇ ਵਿਰੋਧੀਆਂ ਨਾਲ ਗੁਰੂ ਜੀ ਅਤੇ ਉਨ੍ਹਾਂ ਦੇ ਕੰਮਾਂ ਉੱਤੇ ਕਿੰਤੂ-ਪਰੰਤੂ ਕਰ ਕੇ ਨਿੰਦਾ ਕਰਨੀ ਸ਼ੁਰੂ ਕਰ ਦਿੱਤੀ। ਇਕ ਸਿੰਘ ਨੇ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਇਨ੍ਹਾਂ ਦੋਹਾਂ ਭਰਾਵਾਂ ਬਾਰੇ ਅਰਜ਼ ਕੀਤੀ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਹਿਜ ਸੁਭਾ ਹੀ ਬਚਨ ਕਰ ਦਿੱਤਾ, "ਤੁਸੀਂ ਉਨ੍ਹਾਂ ਦੀ ਗੱਲ ਵੱਲ ਧਿਆਨ ਨਾ ਦਿਉ ਉਹ ਤਾਂ ਹੈ ਹੀ ਕਮਲੇ ਨੇ।"

ਸ੍ਰੀ ਸਤਿਗੁਰੂ ਜੀ ਦੇ ਸਹਿਜ ਸੁਭਾ ਹੀ ਆਖੇ ਬਚਨ ਪੂਰੇ ਹੋ ਗਏ ਅਤੇ ਇਹ ਦੋਵੇਂ ਭਰਾ ਆਪਣਾ ਦਿਮਾਗ਼ੀ ਸੰਤੁਲਨ ਖੋ ਬੈਠੇ।

ਇਨ੍ਹਾਂ ਦੋਹਾਂ ਦੀ ਹਾਲਤ ਬੜੀ ਖ਼ਰਾਬ ਹੋ ਗਈ, ਇਹ ਦੋਵੇਂ ਪਾਗ਼ਲ ਹੋ ਕੇ ਸੜਕਾਂ ਉੱਤੇ ਨਿਕਲ ਆਏ। ਜੋ ਮਾੜਾ ਚੰਗਾ ਖਾਣ ਪੀਣ ਨੂੰ ਲੱਭ ਜਾਵੇ, ਗ੍ਰਹਿਣ ਕਰ ਲੈਂਦੇ। ਇਨ੍ਹਾਂ ਦੋਹਾਂ ਦੀ ਐਨੀ ਮਾੜੀ ਹਾਲਤ ਹੋ ਗਈ ਕਿ ਰਾਹ ਲੰਘਦਿਆਂ ਕੋਲੋਂ ਦਵਾਨੀ ਚਵਾਨੀ ਮੰਗਣੀ। ਭੁੰਜੇ ਡਿੱਗੀਆਂ ਸਿਗਰਟਾਂ-ਬੀੜੀਆਂ ਦੇ ਸੂਟੇ ਲਾਉਣੇ ਅਤੇ ਸਿਗਰਟਾਂ ਮੰਗਣੀਆਂ। ਅੰਤ ਵਿਚ ਇਹ ਦੋਵੇਂ ਭਰਾ ਬੜੇ ਦੁਖੀ ਹੋ ਕੇ ਸ਼ੁਦਾਈ-ਪੁਣੇ ਵਿਚ ਹੀ ਬੇਮੁਖ ਰਹਿ ਕੇ ਚੜ੍ਹਾਈ ਕਰ ਗਏ।

ਪ੍ਰਿੰਸੀਪਲ ਗੰਗਾ ਸਿੰਘ

ਇਹ ਭੱਦਰ ਪੁਰਸ਼ ਨਾਮਧਾਰੀ ਸੂਬਾ ਦਸੰਧਾ ਸਿੰਘ ਜੀ ਦੇ ਸੱਕੇ ਭਣੇਵੇਂ ਸਨ। ਪੁਰਾਣੇ ਕੂਕਿਆਂ ਦੇ ਦੋਹਤੇ ਪੋਤੇ ਸਨ। ਬੜੇ ਪੜ੍ਹੇ ਲਿਖੇ ਵਿਦਵਾਨ, ਲੈਚਕਰਾਰ, ਕਵੀ, ਫ਼ਾਰਸੀ, ਸੰਸਕ੍ਰਿਤ ਆਦਿ ਭਾਸ਼ਾਵਾਂ ਦੇ ਗਿਆਤਾ ਲਿਖਾਰੀ ਆਦਿ ਗੁਣ ਸੰਪੰਨ ਸਨ। ਇਕ ਵਾਰ ਕੁਸੰਗਤ ਦੁਆਰਾ ਮਾਸ ਸ਼ਰਾਬ ਦਾ ਸੇਵਨ ਕਰ ਬੈਠੇ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਤਲਬ ਕਰ ਝਾੜ-ਝੰਬ ਕੀਤੀ। ਜਿਸ ਦਾ ਇਨ੍ਹਾਂ ਅਤਿ ਗੁੱਸਾ ਖਾ ਕੇ ਕੂਕਾਪੁਣਾ ਤਿਆਗ ਦਿੱਤਾ। ਭਾਈ ਫ਼ਤਹਿ ਸਿੰਘ ਨਾਮਧਾਰੀ ਫ਼ਿਲਾਸਫ਼ਰ ਨੇ ਇਨ੍ਹਾਂ ਦੀ ਸਤਿਗੁਰੂ ਅੱਗੇ ਸਿਫ਼ਾਰਸ਼ ਕਰ ਕੇ ਕਿਹਾ ਕਿ ਸੱਚੇ ਪਾਤਸ਼ਾਹ ਜੀ, ਇਹ ਮੁੰਡਾ ਸਿਆਣਾ ਤੇ ਵਿਦਵਾਨ ਹੈ, ਇਸ 'ਤੇ ਕ੍ਰਿਪਾ ਕਰ ਕੇ ਬਖ਼ਸ਼ਸ਼ ਕਰੋ ਤੇ ਇਸ ਤੋਂ ਕੰਮ ਲਿਆ ਜਾਏ। ਸਤਿਗੁਰੂ

ਜੀ ਨੇ ਫ਼ੁਰਮਾਇਆ ਕਿ ਮੈਨੂੰ ਮਰਯਾਦਾ ਦੀ ਲੋੜ ਹੈ, ਵਿਦਵਤਾ ਦੀ ਨਹੀਂ। ਇਸੇ ਦਾ ਕੀ ਪਤਾ ਕੱਲ ਨੂੰ ਸਿਰ ਵੀ ਮੁਨਾ ਲਵੇ। ਇਹ ਬਚਨ ਉਦੋਂ ਪੂਰਾ ਹੋਇਆ ਸੀ ਜਦ ਸਿੱਖ ਮਿਸ਼ਨ ਦਾ ਪ੍ਰਚਾਰ ਕਰਨ ਗਏ ਇੰਗਲੈਂਡ ਵਿਖੇ ਇਨ੍ਹਾਂ ਪੱਛਮੀ ਪ੍ਰਭਾਵ ਕਰਕੇ ਕੇਸ ਕਤਲ ਕਰਵਾ ਲਏ। ਜੋ ਕੇ ਸਾਰੀ ਸਿੱਖ ਕੌਮ ਦੀ ਨਮੋਸ਼ੀ ਦਾ ਕਾਰਨ ਬਣੇ। ਨਾਮਧਾਰੀ ਪੰਥ 'ਚੋਂ ਨਿਕਲਦੇ ਨੂੰ ਕੂਕਿਆਂ ਦੇ ਵਿਰੋਧੀ ਧੜੇ ਸਿੰਘ ਸਭਾ ਨੇ ਇਨ੍ਹਾਂ ਨੂੰ ੨੫੦ ਰੁਪਏ ਮਾਸਿਕ 'ਤੇ ਪ੍ਰਿੰਸੀਪਲ ਦਾ ਅਹੁਦਾ ਦੇ ਕੇ ਨੌਕਰ ਰੱਖ ਲਿਆ, ਜਿਸ ਦੇ ਪ੍ਰਭਾਵ ਕਰਕੇ ਸ੍ਰੀ ਗੰਗਾ ਸਿੰਘ ਜੀ ਆਪਣਾ ਅਸਲੀ ਘਰ ਹੀ ਭੁੱਲ ਗਏ। ਪ੍ਰਿੰਸੀਪਲ ਹੋਣ 'ਤੇ ਵੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਕੋਲ ਇਨ੍ਹਾਂ ਦਾ ਆਉਣਾ-ਜਾਣਾ ਆਮ ਸੀ। ਗੁਰੂ ਜੀ ਵੀ ਇਨ੍ਹਾਂ ਦਾ ਪੂਰਾ ਸਤਿਕਾਰ ਕਰਿਆ ਕਰਦੇ ਸਨ। ਕਿਉਂਕਿ ਗੁਰੂ ਸਦਾ ਬਖ਼ਸ਼ਿੰਦ ਹੁੰਦਾ ਹੈ।

☆

ਸਿੱਖ ਕੈਸਾ ਹੋਵੇ ?

ਪ੍ਰਾਚੀਨ ਮੁਨੀਸ਼ੀਆਂ ਨੇ ਸੰਤਾਨ ਦੋ ਪ੍ਰਕਾਰ ਦੀ—ਇਕ ਨਾਦੀ ਅਤੇ ਦੂਸਰੀ ਬਿੰਦੀ—ਮੰਨੀ ਹੈ।

ਸ੍ਰੀ ਦਸਮੇਸ਼ ਜੀ ਦਾ ਕਥਨ ਹੈ:

ਤਬ ਸਤਿਗੁਰ ਮਨ ਐਸ ਵਿਚਾਰਾ।
ਹੈ ਸੰਤਤ ਜਗ ਜੁਗ ਪ੍ਰਕਾਰਾ।
ਇਕ ਨਾਦੀ ਇਕ ਬਿੰਦੀ ਕਹੀਐ।
ਸੁ ਹਮਰੇ ਦੋਨੋ ਅਬ ਹਈਐ।
ਬਿੰਦੀ ਸੰਤਤ ਹਮਰੀ ਨਾਸੈ।
ਨਾਦੀ ਦਿਨ ਦਿਨ ਬਹੁ ਪ੍ਰਕਾਸੈ।

ਮਹਾਂਪੁਰਖਾਂ ਨੇ ਨਾਦੀ ਸੰਤਾਨ ਨੂੰ ਵੀ ਬਹੁਤ ਮਹਾਨਤਾ ਪ੍ਰਦਾਨ ਕੀਤੀ ਹੈ। ਨਾਦੀ ਸੰਤਤੀ ਇਸ ਪ੍ਰਕਾਰ ਦੀ ਹੋਣੀ ਚਾਹੀਦੀ ਹੈ ਕਿ ਉਹ ਆਪਣੇ ਗੁਰੂ ਤੋਂ ਕਦੇ ਮੁਖ ਨਾ ਮੋੜੇ ਅਤੇ ਹਮੇਸ਼ਾ ਗੁਰੂ ਦੇ ਅਨੁਕੂਲ ਰਹੇ। ਗੁਰੂਵਾਕ ਵੀ ਹੈ:

ਸੋ ਸਿਖ ਸਖਾ ਬੰਧਪ ਹੈ ਭਾਈ ਜੋ ਗੁਰ ਕੇ ਭਾਣੇ ਵਿਚ ਆਵੈ॥
ਆਪਣ ਭਾਣੈ ਜੋ ਚਲੈ ਭਾਈ ਸੁ ਵਿਛੁੜ ਚੋਟਾ ਖਾਵੈ॥

ਸਿੱਖ ਗੁਰੂ ਦੀ ਬੈ-ਖ਼ਰੀਦੀ ਹੋਈ ਵਸਤੂ ਹੈ ਭਾਵ ਕਿ ਸਿੱਖ ਉੱਤੇ ਕੇਵਲ ਗੁਰੂ ਦਾ ਹੀ ਹੱਕ ਹੁੰਦਾ ਹੈ। ਇਸ ਲਈ ਗੁਰੂ ਦੇ ਕਹੇ ਤੋਂ ਬਾਹਰ ਚੱਲਣਾ ਅਤੇ ਮਨਮੱਤ ਕਰਨਾ ਅਧਰਮ ਹੈ। ਜਿਵੇਂ ਕਿ:

ਮੈ ਬੰਦਾ ਬੈ ਖਰੀਦੁ ਸਚੁ ਸਾਹਿਬ ਮੇਰਾ॥
ਜੀਉ ਪਿੰਡ ਸਭੁ ਤਿਸ ਦਾ ਸਭੁ ਕਿਛੁ ਹੈ ਤੇਰਾ॥
ਮਾਣੁ ਨਿਮਾਣੇ ਤੂੰ ਧਣੀ ਤੇਰਾ ਭਰਵਾਸਾ॥
ਬਿਨੁ ਸਾਚੇ ਅਨਟੇਕ ਹੈ ਸੋ ਜਾਣਹੁ ਕਾਚਾ॥੧੧॥ ਰਹਾਉ॥

ਗੁਰੂ ਦੇ ਪ੍ਰਤਿ ਸਿੱਖ ਦਾ ਮਨ ਇਥੇ ਸਥਿਰ ਹੋਣਾ ਚਾਹੀਦਾ ਹੈ:

ਤੇਰਾ ਹੁਕਮੁ ਅਪਾਰ ਹੈ ਕੋਈ ਅੰਤ ਨ ਪਾਏ॥
ਜਿਸ ਗੁਰੁ ਪੂਰਾ ਭੇਟਸੀ ਸੋ ਚਲੈ ਰਜਾਏ॥੨॥

ਸਿੱਖ ਨੂੰ ਸਦਾ ਆਪਣੇ ਗੁਰੂ ਉੱਤੇ ਵਿਸ਼ਵਾਸ ਰੱਖਣਾ ਚਾਹੀਦਾ ਹੈ। ਉਸ ਨਾਲ ਕਦੇ ਮਨ ਦੇ ਵੱਸ ਹੋ ਕੇ ਚਤੁਰਾਈ ਨਹੀਂ ਵਰਤਣੀ ਚਾਹੀਦੀ, ਕਿਉਂਕਿ:

ਚਤੁਰਾਈ ਸਿਆਣਪਾ ਕਿਤੈ ਕਾਮਿ ਨ ਆਈਐ॥
ਤੁਠਾ ਸਾਹਿਬੁ ਜੋ ਦੇਵੈ ਸੋਈ ਸੁਖੁ ਪਾਈਐ॥ *(ਪੰਨਾ ੩੯੬)*

ਸ੍ਰੀ ਮਾਨ ਭਾਈ ਗੁਰਦਾਸ ਜੀ ਤਾਂ ਸਿੱਖ ਨੂੰ ਮੁਰਦਾ ਹੋ ਕੇ ਗੁਰੂ ਅੱਗੇ ਰਹਿਣ ਦੀ ਸਲਾਹ ਦਿੰਦੇ ਹਨ। ਜਿਸ ਪ੍ਰਕਾਰ ਮੁਰਦਾ ਆਪਣੇ ਆਪ ਕੁਝ ਨਹੀਂ ਕਰ ਸਕਦਾ, ਇਵੇਂ ਸਿੱਖ ਵੀ ਗੁਰੂ ਧਾਰਨ ਪਿੱਛੋਂ ਆਪਣੇ ਆਪ ਨੂੰ ਮੁਰਦਾ ਸਮਝ ਕੇ ਗੁਰੂ ਦੀ ਆਗਿਆ ਅਨੁਸਾਰ ਚੱਲੇ:

ਮੁਰਦਾ ਹੋਇ ਮੁਰੀਦੁ ਨ ਗਲੀ ਹੋਵਣਾ॥
ਸਾਬਰ[1] ਸਿਦਕਿ ਸਹੀਦੁ ਭਰਮ ਭਉ ਖੋਵਣਾ॥
ਗੋਲਾ[2] ਮੁਲ ਖਰੀਦੁ ਕਾਰੇ ਜੋਵਣਾ॥
ਨ ਤਿਸੁ ਭੁਖ ਨ ਨੀਦ ਨ ਖਾਣਾ ਸੋਵਣਾ॥
ਪੀਹਣਿ ਹੋਇ ਜਦੀਦ[3] ਪਾਣੀ ਢੋਵਣਾ॥
ਪੱਖੇ ਦੀ ਤਾਗੀਦ ਪਗ ਮਲਿ ਧੋਵਣਾ॥
ਸੇਵਕ ਹੋਇ ਸੰਜੀਦੁ[4] ਨ ਹਸਣ ਰੋਵਣਾ॥
ਦਰ ਦਰਵੇਸ ਰਸੀਦੁ ਪਿਰਮ ਰਸੁ ਭੋਵਣਾ॥
ਚੰਦ ਮੁਮਾਰਖਿ[5] ਈਦ ਪੁਗਿ ਖਲੋਵਣਾ॥

ਜਿਵੇਂ ਕਿ ਇਕ ਗੁਰੂ ਸੁੱਤੇ ਸਿੱਖ (ਚੇਲੇ) ਦੀ ਸ਼ਾਹ ਰਗ ਉੱਤੇ ਛੁਰੀ ਫੇਰਨ ਲੱਗਾ। ਸਿੱਖ ਨੇ ਬੜੀ ਤੀਬਰਤਾ ਨਾਲ ਅੱਖਾਂ ਖੋਲ੍ਹ ਕੇ ਵੇਖਿਆ ਅਤੇ ਦੋਬਾਰਾ ਝੱਟ ਪੱਟ ਹੀ ਅੱਖਾਂ ਮੀਟ ਲਈਆਂ। ਗੁਰੂ ਨੇ ਪੁੱਛਿਆ ਕਿ ਜਦ ਤੈਨੂੰ ਦਿਸ ਪਿਆ ਕਿ ਮੈਂ ਤੈਨੂੰ ਕਤਲ ਕਰਨ ਲੱਗਾ ਹਾਂ, ਇਸ ਦੇ ਬਾਵਜੂਦ ਵੀ ਤੂੰ ਅੱਖਾਂ ਕਿਉਂ ਬੰਦ ਕਰ ਲਈਆਂ। ਚੇਲੇ ਨੇ ਉੱਤਰ ਦਿੱਤਾ, "ਤੁਸੀਂ ਮੇਰੇ ਗੁਰੂ ਹੋ ਅਤੇ ਮੈਂ ਤੁਹਾਡਾ ਸਿੱਖ। ਮੈਨੂੰ ਤੁਹਾਡੇ ਉੱਤੇ ਪੂਰਾ ਵਿਸ਼ਵਾਸ ਹੈ। ਗੁਰੂ ਕਦੇ ਆਪਣੇ ਸਿੱਖ ਦਾ ਬੁਰਾ ਨਹੀਂ ਕਰ ਸਕਦਾ। ਜੇ ਤੁਸੀਂ ਮੈਨੂੰ ਕਤਲ ਵੀ ਕਰ ਦਿੰਦੇ ਤਾਂ ਉਸ ਵਿਚ ਮੇਰਾ ਭਲਾ ਹੀ ਲੁਕਿਆ ਹੋਣਾ ਸੀ।" ਇਸ ਪ੍ਰਕਾਰ ਸਿੱਖ ਨੂੰ ਗੁਰੂ

---

੧. ਸੰਤੋਖੀ। ੨. ਨੋਕਰ। ੩. ਨਵਾਂ। ੪. ਧੀਰਜ ਵਾਲਾ। ੫. ਵਧਾਈ।

ਦੀ ਹਰ ਰਜ਼ਾ ਵਿਚ ਰਾਜ਼ੀ ਰਹਿਣਾ ਚਾਹੀਦਾ ਹੈ। ਯਥਾ:

ਹਮ ਸਰਿ ਦੀਨ ਦਇਆਲ ਨ ਤੁਮ ਸਰਿ ਅਬ ਪਤੀਆਰੁ ਕਿਆ ਦੀਜੈ ॥
ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ ॥

(ਪੰਨਾ ੬੯੪)

ਇਸ ਦੇ ਨਾਲ ਸਿੱਖ ਕਹਾਉਣ ਦਾ ਉਹੀ ਅਧਿਕਾਰੀ ਹੈ, ਜੋ:

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ
ਸੁ ਭਲਕੇ ਉਠਿ ਹਰਿਨਾਮੁ ਧਿਆਵੈ ॥
ਉਦਮੁ ਕਰੇ ਭਲਕੇ ਪਰਭਾਤੀ
ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ
ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ
ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ
ਸੋ ਗੁਰਸਿਖੁ ਗੁਰੂ ਮਨਿ ਭਾਵੈ ॥ *(ਪੰਨਾ ੩੦੬)*

ਉਪ੍ਰੋਕਤ ਗੁਣਾਂ ਦਾ ਧਾਰਨੀ ਹੀ ਸਿੱਖ ਕਹਾਉਣ ਦਾ ਹੱਕ ਰੱਖਦਾ ਹੈ। ਇਸ ਪ੍ਰਕਾਰ ਦੇ ਸਿੱਖ ਨੂੰ ਸਤਿਗੁਰੂ ਕਦੇ ਵੀ ਨਹੀਂ ਵਿਸਾਰਦਾ, ਸਗੋਂ ਅੰਗ ਸੰਗ ਰਹਿੰਦਾ ਹੈ। ਸ੍ਰੀ ਗੁਰੂ ਅਮਰਦਾਸ ਜੀ ਸਿੱਖ ਦਾ ਮਾਰਗ-ਦਰਸ਼ਨ ਕਰਦੇ ਹੋਏ ਲਿਖਦੇ ਹਨ ਕਿ ਗੁਰੂ ਸਿੱਖ ਨੂੰ ਜਿਥੇ ਭੇਜੇ, ਉਥੇ ਜਾਏ। ਜਿਸ ਅਸਥਾਨ ਉੱਤੇ ਜਾਣ ਤੋਂ ਰੋਕੇ, ਉਥੇ ਨਾ ਜਾਵੇ। ਜਿਥੇ ਬਿਠਾਏ, ਉਥੇ ਬੈਠੇ। ਹਰ ਸਥਾਨ ਨੂੰ ਗੁਰੂ-ਰਜ਼ਾ ਅਨੁਸਾਰ ਪਵਿੱਤਰ ਸਮਝੇ:

ਜਹ ਬਹਸਾਲਹਿ ਤਹ ਬੈਸਾ ਸੁਆਮੀ ਜਹ ਭੇਜਹਿ ਤਹ ਜਾਵਾ ॥
ਸਭ ਨਗਰੀ ਮਹਿ ਏਕੋ ਰਾਜਾ ਸਭੇ ਪਵਿਤੁ ਹਹਿ ਥਾਵਾ ॥

(ਪੰਨਾ ੯੯੩)

ਇਸ ਪ੍ਰਕਾਰ ਉਪ੍ਰੋਕਤ ਲੱਖਣਾ ਵਾਲਾ ਗੁਰਸਿੱਖ ਹੀ ਸਿੱਖ ਕਹਾਉਣ ਦਾ ਹੱਕ ਰੱਖਦਾ ਹੈ। ਐਸੇ ਸਿੱਖ ਦੀ ਗੁਰੂ ਆਪ ਪ੍ਰਤੀਪਾਲਨਾ ਕਰਦੇ ਹਨ:

ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ ॥
ਸੇਵਕ ਕਉ ਗੁਰੁ ਸਦਾ ਦਇਆਲ ॥

ਗੁਰੂ ਕੈਸਾ ਹੋਵੈ ?

ਸੰਸਾਰ ਦੇ ਸਾਰੇ ਮੱਤ-ਮਤਾਂਤਰਾਂ ਵਾਲੇ, ਮਨੁੱਖ ਨੂੰ ਗੁਰੂ ਧਾਰਨ ਦਾ ਉਪਦੇਸ਼ ਕਰਦੇ ਹਨ। ਮਨੁੱਖੀ ਜੀਵਨ ਵਿਚ ਗੁਰੂ ਧਾਰਨਾ ਵੀ ਅਤਿ ਜ਼ਰੂਰੀ ਹੈ। ਪਰ ਗੁਰੂ ਕੈਸਾ ਹੋਵੇ ? ਕਿਉਂਕਿ ਗੁਰਬਾਣੀ ਵਿਚ ਗੁਰੂ ਕਈ ਪ੍ਰਕਾਰ ਦੇ ਲਿਖੇ ਹਨ। ਜਿਵੇਂ ਕਿ—ਪੂਰੇ ਗੁਰੂ, ਅੰਨ੍ਹੇ ਗੁਰੂ, ਕੱਚੇ ਗੁਰੂ ਆਦਿ। ਪੂਰੇ ਗੁਰੂ ਨੂੰ ਧਾਰਨਾ ਤੇ ਕੱਚੇ ਗੁਰੂ ਦਾ ਤਿਆਗਣਾ ਹੀ ਯੋਗ ਹੈ।

ਤਿਆਗਣ ਯੋਗ ਗੁਰੂਆਂ ਬਾਰੇ ਗੁਰੂ ਸਾਹਿਬ ਕਹਿੰਦੇ ਹਨ:

੧. ਨਾਨਕ ਅੰਧਾ ਹੋਇ ਕੈ ਦਸੇ ਰਾਹੈ ਸਭਸੁ ਮੁਹਾਏ ਸਾਥੈ॥
ਅਗੈ ਗਇਆ ਮੁਹੇ ਮੁਹਿ ਪਾਹਿ ਸੁ ਐਸਾ ਆਗੂ ਜਾਪੈ॥੨॥

(ਪੰਨਾ ੧੪੦)

੨. ਕੇਤੇ ਗੁਰ ਚੇਲੇ ਫੁਨਿ ਹੂਆ॥
ਕਾਚੇ ਗੁਰ ਤੇ ਮੁਕਤਿ ਨ ਹੂਆ॥ *(ਪੰਨਾ ੯੩੨)*

੩. ਗੁਰੂ ਜਿਨਾ ਕਾ ਅੰਧੁਲਾ ਸਿਖ ਭੀ ਅੰਧੇ ਕਰਮ ਕਰੇਨਿ॥
ਓਇ ਭਾਣੈ ਚਲਨਿ ਆਪਣੈ ਨਿਤ ਝੂਠੋ ਝੂਠੁ ਬੋਲੇਨਿ॥
ਕੂੜੁ ਕੁਸਤੁ ਕਮਾਵਦੇ ਪਰ ਨਿੰਦਾ ਸਦਾ ਕਰੇਨਿ॥
ਓਇ ਆਪਿ ਡੁਬੇ ਪਰ ਨਿੰਦਕਾ ਸਗਲੇ ਕੁਲ ਡੋਬੇਨਿ॥
ਜਿਤੁ ਓਹਿ ਲਾਏ ਤਿਤੁ ਲਗੇ ਓਏ ਬਪੁੜੇ ਕਿਆ ਕਰੇਨਿ॥੨॥

(ਪੰਨਾ ੯੫੧)

ਭਗਤ ਰਾਜ ਕਬੀਰ ਜੀ ਐਸੇ ਗੁਰੂਆਂ ਨੂੰ ਠੱਗ ਦੀ ਸੰਗਿਆ ਦਿੰਦੇ ਲਿਖਦੇ ਹਨ:

ਐਸੇ ਸੰਤ (ਗੁਰੂ) ਨ ਮੋ ਕਉ ਭਾਵਹਿ॥
ਡਾਲਾ ਸਿਉ ਪੇਡਾ ਗਟਕਾਵਹਿ॥੧॥ ਰਹਾਉ॥ *(ਪੰਨਾ ੪੭੬)*

ਇਨ੍ਹਾਂ ਮਗਰ ਲੱਗ ਕੇ ਮਨੁੱਖ ਦਾ ਹਲਤ ਪਲਤ ਵਿਗੜਦਾ ਹੈ। ਐਸੇ ਗੁਰੂਆਂ ਨੂੰ ਫਲ-ਹੀਣ ਦੇਵ ਮੰਨਿਆ ਹੈ। ਐਸੇ ਫਲ-ਹੀਣ ਗੁਰੂਆਂ ਦਾ ਤਿਆਗ

ਹੀ ਯੋਗ ਹੈ। ਜਿਸ ਤਰ੍ਹਾਂ ਕਿ :

ਤਜਹੁ ਦੇਵ ਫਲ ਹੀਣ ਤਜੋ ਰਾਜਾ ਅਣ ਚਾਰੀ।
ਤਜਹੁ ਭੁੜਕਣੀ ਤੁਰੀ ਤਜਹੁ ਬਹੁ ਰੰਡਨ ਨਾਰੀ।
ਤਜੋ ਪਿਆਰਾ ਦੇਸ ਜਹਾ ਕਿਛੁ ਪਵੈ ਨ ਪੱਲੇ।
ਤਜੋ ਪਿਆਰਾ ਬੰਧ ਜਹਿ ਕਿਛੁ ਕਹਿਆ ਨ ਚੱਲੇ।
ਸਭਾ ਤਜੋ ਬਹੁ ਗੁਨੀਜਨੋਂ ਜਹਾ ਬੁਰਾ ਭਲਾ ਸਭ ਏਕ।
ਮੀਤ ਤਜੋ ਵੁਹ ਸੁਰਜਨੋ ਜੋ ਮਨਿ ਸੋਂ ਰਾਖੇ ਭੇਦ।

ਇਵੇਂ ਹੀ ਉਪ੍ਰੋਕਤ ਗੁਰੂ ਤਿਆਗਣ ਯੋਗ ਹਨ।

ਅਸਲੀ ਤੇ ਪੱਕੇ ਗੁਰੂ ਦੇ ਲੱਛਣ

੧. **ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ ॥**
ਤਿਸ ਕੈ ਸੰਗਿ ਸਿਖ ਉਧਰੈ ਨਾਨਕ ਹਰਿ ਗੁਨ ਗਾਉ ॥੧॥
(ਪੰਨਾ ੨੮੬)

੨. **ਘਰ ਮਹਿ ਘਰੁ ਦਿਖਾਇ ਦਇ ਸੋ ਸਤਿਗੁਰੁ ਪੁਰਖੁ ਸੁਜਾਣੁ ॥**
ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨਿਸਾਣੁ ॥
(ਪੰਨਾ ੧੨੯੧)

੩. **ਬ੍ਰਹਮ ਬਿੰਦੇ ਸੋ ਸਤਿਗੁਰੂ ਕਹੀਐ ਹਰਿ ਹਰਿ ਕਥਾ ਸੁਣਾਵੈ ॥**
ਤਿਸੁ ਗੁਰ ਕਉ ਛਾਦਨ ਭੋਜਨ ਪਾਟ ਪਟੰਬਰ
ਬਹੁ ਬਿਧਿ ਸਤਿ ਕਰਿ ਮੁਖਿ ਸੰਚਹੁ
ਤਿਸੁ ਪੁਨ ਕੀ ਫਿਰਿ ਤੋਟਿ ਨ ਆਵੈ ॥੪॥
ਸਤਿਗੁਰੁ ਦੇਉ ਪਰਤਖਿ ਹਰਿ ਮੂਰਤਿ ਜੋ ਅੰਮ੍ਰਿਤ ਬਚਨ ਸੁਣਾਵੈ ॥
ਨਾਨਕ ਭਾਗ ਭਲੇ ਤਿਸੁ ਜਨ ਕੇ ਜੋ ਹਰਿ ਚਰਣੀ ਚਿਤ ਲਾਵੈ ॥੫॥
(ਪੰਨਾ ੧੨੬੪)

੪. **ਪਾਰਸੁ ਪਰਸਿ ਪਰਸੁ ਪਾਰਸਿ ਗੁਰਿ ਗੁਰੂ ਕਹਾਯਉ ॥**
(ਪੰਨਾ ੧੪੦੮)

੫. **ਬਲਿਹਾਰੀ ਗੁਰ ਆਪਣੇ ਸਦ ਬਲਿਹਾਰੈ ਜਾਉ ॥**
ਗੁਰ ਬਿਨੁ ਏਤਾ ਭਵਿ ਥਕੀ
ਗੁਰਿ ਪਿਰੁ ਮੇਲਿਮੁ ਦਿਤਮੁ ਮਿਲਾਇ ॥੧॥ ਰਹਾਉ ॥ *(ਪੰਨਾ ੧੦੧੫)*

ਉਤਲੇ ਲੱਖਣ ਜਿਸ ਪੁਰਖ 'ਤੇ ਢੁਕਦੇ ਹੋਣ, ਉਸ ਨੂੰ ਅਸਲੀ ਗੁਰੂ ਕਿਹਾ

ਜਾ ਸਕਦਾ ਹੈ ਪਰੰਤੂ ਸਿੱਖ ਪੰਥ ਵਿਚ ਗੁਰੂ ਨਾਨਕ ਦੇਵ ਜੀਅਤੇ ਉਨ੍ਹਾਂ ਦੀ ਪਰੰਪਰਾ ਦੇ ਗੁਰੂ ਗੋਬਿੰਦ ਸਿੰਘ ਜੀ ਜਾਂ ਸਤਿਗੁਰੂ ਰਾਮ ਸਿੰਘ ਜੀ ਤੇ ਉਨ੍ਹਾਂ ਦੇ ਉਤਰਾਧਿਕਾਰੀ ਹੀ ਗੁਰੂ ਧਾਰਨ ਕਰਨ ਜੋਗ ਹਨ, ਕਿਉਂਕਿ ਇਹ ਪਰੰਪਰਾ ਹੀ ਭਗਵਾਨ ਬਾਵਨ ਤੋਂ ਲੈ ਕੇ ਰਾਮ ਕ੍ਰਿਸ਼ਨ ਅਤੇ ਹੁਣ ਤਕ ਚੱਲਦੀ ਆ ਰਹੀ ਹੈ। ਸਿੱਖ ਨੂੰ ਐਸੇ ਗੁਰੂ ਤੋਂ ਸਦਾ ਕੁਰਬਾਨ ਹੋਣਾ ਚਾਹੀਦਾ ਹੈ। ਗੁਰੂਵਾਕ ਹੈ :

ਨਾਰਾਇਨ ਨਰਪਤਿ ਨਮਸਕਾਰੈ॥
ਐਸੇ ਗੁਰ ਕਉ ਬਲਿ ਬਲਿ ਜਾਈਐ
ਆਪਿ ਮੁਕਤੁ ਮੋਹਿ ਤਾਰੈ॥੧॥ *(ਪੰਨਾ ੧੩੦੨)*

ਲਿਖਣ ਦਾ ਭਾਵ ਹੈ, ਕੱਚੇ ਪੱਕੇ ਦੋ ਪ੍ਰਕਾਰ ਦੇ ਗੁਰੂ ਬਾਣੀ ਅਨੁਸਾਰ ਮੰਨੇ ਹਨ। ਕੱਚੇ ਗੁਰੂ ਤਿਆਗਣ ਤੇ ਪੱਕੇ ਅਸਲੀ, ਗ੍ਰਹਿਣ ਕਰਨ ਯੋਗ ਹਨ :

ਨਾਨਕ ਕਚੜਿਆ ਸਿਉ ਤੋੜਿ ਢੂਢਿ ਸੰਤ ਸਜਣ ਪਕਿਆ॥
ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ॥੧॥

(ਪੰਨਾ ੧੧੦੨)

ਕੱਚੇ ਤੇ ਪੱਕੇ, ਦੋਨੋਂ ਤਰ੍ਹਾਂ ਦੇ ਗੁਰੂ ਬਾਹਰੋਂ ਵੇਖਣ ਨੂੰ ਇਕ ਸਮਾਨ ਦਿੱਸਦੇ ਹਨ। ਬਾਹਰਲੀ ਰਹਿਣੀ-ਬਹਿਣੀ ਸਮ ਹੀ ਹੁੰਦੀ ਹੈ :

ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨਿ ਤਗ॥
ਗਲੀ ਤਿਨਾ ਜਪਮਾਲੀਆ ਲੋਟੇ ਹਥਿ ਨਿਬਗ॥
ਐਸੇ ਸੰਤ ਨ ਮੋ ਕਉ ਭਾਵਹਿ॥
ਡਾਲਾ ਸਿਉ ਪੇਡਾ ਗਟਕਾਵਹਿ॥੧॥ ਰਹਾਉ॥

ਦੋਨਾਂ ਦੀ ਸੁੱਚ ਸੋਧ ਵੀ ਸਮ ਹੀ ਹੁੰਦੀ ਹੈ :

ਬਾਸਨ ਮਾਂਜਿ ਚਰਾਵਹਿ ਊਪਰ ਕਾਠੀ ਧੋਇ ਜਲਾਵਹਿ॥
ਬਸੁਧਾ ਖੋਦਿ ਕਰਹਿ ਦੁਇ ਚੂਲੇ ਸਾਰੇ ਮਾਣਸ ਖਾਵਹਿ॥

ਭਗਤ ਕਬੀਰ ਜੀ ਐਸੇ ਬਨਾਵਟੀ ਗੁਰੂਆਂ ਨੂੰ ਪਾਪੀ, ਅਪਰਾਧੀ ਦੀ ਸੰਗਿਆ ਦਿੰਦੇ ਹਨ :

ਓਹਿ ਪਾਪੀ ਸਦਾ ਫਿਰਹਿ ਅਪਰਾਧੀ ਮੁਖਹੁ ਅਪਰਸ ਕਹਾਵਹਿ॥
ਸਦਾ ਸਦਾ ਫਿਰਹਿ ਅਭਿਮਾਨੀ ਸਗਲ ਕੁਟੰਬ ਡੁਬਾਹਿ॥੩॥

(ਪੰਨਾ ੪੭੬)

ਭਾਵ, ਇਹ ਆਪ ਤਾਂ ਡੁੱਬਦੇ ਹਨ, ਨਾਲ ਆਪਣੀਆਂ ਕੁੱਲਾਂ ਦਾ ਬੇੜਾ ਵੀ ਗ਼ਰਕ ਕਰਦੇ ਹਨ, ਕਿਉਂਕਿ ਐਸੇ ਕੱਚੇ ਗੁਰੂ ਮਾਇਆ ਵਾਸਤੇ ਮਾਇਆਵੀ ਜਾਲ ਵਿਛਾਉਂਦੇ ਹਨ। ਇਹਨਾਂ ਦੇ ਜਲ ਵਿਚ ਫਸ ਕੇ ਸਿੱਖ ਆਪਣਾ ਲੋਗ-ਪ੍ਲੋਕ ਦਾ ਨੁਕਸਾਨ ਕਰ ਲੈਂਦਾ ਹੈ।

ਇਸ ਪ੍ਰਕਾਰ ਪਾਖੰਡੀ, ਕੱਚੇ ਗੁਰੂ, ਪੂਰੇ ਸਤਿਗੁਰੂ ਦੇ ਵਿਰੋਧੀ ਹੁੰਦੇ ਹਨ। ਇਹ ਆਪਣਾ ਤਾਂ ਨੁਕਸਾਨ ਕਰਦੇ ਹੀ ਹਨ, ਨਾਲੇ ਸਿੱਖਾਂ ਨੂੰ ਵੀ ਬੇਮੁਖੀ ਵਾਲੇ ਪਾਸੇ ਪਾਉਂਦੇ ਹਨ। ਅਜਿਹੇ ਪੂਰੇ ਗੁਰੂ ਦੀ ਨਕਲ ਕਰਨ ਵਾਲਿਆਂ ਤੋਂ ਸਿੱਖ ਨੂੰ ਬਚਣਾ ਚਾਹੀਦਾ ਹੈ।

✡

ਸਹਾਇਕ ਪੁਸਤਕਾਂ ਆਦਿ ਦੀ ਸੂਚੀ

੧. ਸ੍ਰੀ ਆਦਿ ਗ੍ਰੰਥ ਸਾਹਿਬ ਜੀ
੨. ਸ੍ਰੀ ਦਸਮ ਗ੍ਰੰਥ ਸਾਹਿਬ ਜੀ
੩. ਭਾਈ ਬਾਲੇ ਵਾਲੀ ਜਨਮਸਾਖੀ
੪. ਵਾਰਾਂ ਭਾਈ ਗੁਰਦਾਸ ਜੀ (ਟੀਕਾ), ਗਿਆਨੀ ਨਰੈਣ ਸਿੰਘ ਜੀ
੪. ਵਾਰਾਂ ਭਾਈ ਗੁਰਦਾਸ ਜੀ, ਸ਼ਮਸ਼ੇਰ ਸਿੰਘ ਜੀ 'ਅਸ਼ੋਕ'
੫. ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਭਾਈ ਸੰਤੋਖ ਸਿੰਘ ਜੀ
੬. ਪੰਥ ਪ੍ਰਕਾਸ਼, ਗਿਆਨੀ ਗਿਆਨ ਸਿੰਘ ਜੀ
੭. ਤਵਾਰੀਖ਼ ਗੁਰੂ ਖ਼ਾਲਸਾ, ਗਿਆਨੀ ਗਿਆਨ ਸਿੰਘ ਜੀ
੮. ਗੁਰਬਿਲਾਸ ਪਾਤਸ਼ਾਹੀ ੧੦, ਭਾਈ ਕੋਇਰ ਸਿੰਘ ਜੀ
੯. ਗੁਰੂ ਨਾਨਕ ਵਿਜੈ, ਸੰਤ ਰੇਣ
੧੦. ਗੁਰੂ ਨਾਨਕ ਸੂਰਜੋਦੇ ਜਨਮਸਾਖੀ, ਬਾਬਾ ਗਣੇਸ਼ਾ ਸਿੰਘ ਜੀ ਬੇਦੀ
੧੧. ਮਹਿਮਾ ਪ੍ਰਕਾਸ਼, ਭਾਈ ਸਰੂਪ ਦਾਸ ਜੀ ਭੱਲਾ
੧੨. ਦਸਮੇਸ਼ ਪ੍ਰਕਾਸ਼, ਗਿਆਨੀ ਕਰਤਾਰ ਸਿੰਘ ਜੀ ਕਲਾਸਵਾਲੀਏ
੧੩. ਮਹਾਨ ਕੋਸ਼, ਭਾਈ ਕਾਨ੍ਹ ਸਿੰਘ ਜੀ ਨਾਭਾ
੧੪. ਮੇਰੀ ਜੀਵਨ ਕਹਾਣੀ, ਪ੍ਰੋ. ਸਾਹਿਬ ਸਿੰਘ ਜੀ
੧੫. ਜੀਵਨ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ, ਸੰਤ ਇੰਦਰ ਸਿੰਘ ਜੀ ਚਕ੍ਰਵਰਤੀ
੧੬. ਨਾਮਧਾਰੀ ਇਤਿਹਾਸ, ਗਿਆਨੀ ਨਾਹਰ ਸਿੰਘ ਜੀ
੧੭. ਜੱਸ ਜੀਵਨ, ਭਾਗ ੧-੬, ਤਰਨ ਸਿੰਘ ਜੀ ਵਹਿਮੀ
੧੮. ਨੰਦੇੜੋਂ ਬਾਅਦ ਦਸਮ ਗੁਰੂ ਦਰਸ਼ਨ, ਤਰਨ ਸਿੰਘ ਜੀ ਵਹਿਮੀ
੧੯. ਸਤਿਜੁਗ ਦਾ ਬਸੰਤ ਅੰਕ, ਸੰਮਤ ੧੯੯੨
੨੦. ਰੂਹਾਨੀ ਟੈਲੀਫ਼ੋਨ, ਸੰਤ ਨਿਧਾਨ ਸਿੰਘ ਜੀ ਆਲਿਮ
੨੧. ਟੇਪ ਭਾਸ਼ਨ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ

ਉਪਦੇਸ਼ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ

"ਬੇਮੁਖ ਉਹ ਹੈ, ਜਿਹੜਾ ਗੁਰੂ ਨੂੰ ਮੰਨ ਕੇ, ਗੁਰੂ ਤੋਂ ਮੂੰਹ ਫੇਰ ਜਾਵੇ।


ਸਤਿਗੁਰ ਤੇ ਜੋ ਮੁਹ ਫੇਰਹਿ ਮਥੇ ਤਿਨ ਕਾਲੇ॥
ਅਨਦਿਨੁ ਦੁਖ ਕਮਾਵਦੇ ਨਿਤ ਜੋਹੇ ਜਮਜਾਲੇ॥
ਸੁਪਨੈ ਸੁਖ ਨ ਦੇਖਨੀ ਬਹੁ ਚਿੰਤਾ ਪਰ ਜਾਲੇ॥

ਭਾਈ ਗੁਰਦਾਸ ਜੀ ਇਕ ਜਗ੍ਹਾ ਲਿਖਦੇ ਹਨ ਕਿ ਇਕ ਪਾਸੇ ਤੇ ਆਉਂਦਾ ਹੋਵੇ ਸ਼ੇਰ, ਤੇ ਇਕ ਪਾਸੇ ਹੋਵੇ ਬੇਮੁਖ, ਤਾਂ ਕਹਿੰਦੇ ਨੇ :

ਸੀਂਹ ਸਉਹਾਂ ਜਾਣਾ ਭਲਾ ਨਾ ਤਿਸੁ ਬੇਮੁਖ ਸਉਹਾਂ ਜਾਏ॥

ਸ਼ੇਰ ਦੇ ਸਾਹਮਣੇ ਜਾ ਕੇ ਬੇਸ਼ਕ ਮਰ ਜਾਵੇ ਪਰ ਬੇਮੁਖ ਦੇ ਮੱਥੇ ਨਾ ਲੱਗੇ।"

(੨੨ ਅਕਤੂਬਰ, ੧੯੫੫, ਬੈਂਕੌਕ)



ਸੰਤ ਜਗਦੀਸ਼ ਸਿੰਘ ਜੀ ਨਾਮਧਾਰੀ

ਪ੍ਰਕਾਸ਼ਨ ਵਿਭਾਗ
ਮਾਤਾ ਭਗਵਤੀ ਧਰਮ ਕਰਮ ਆਸ਼ਰਮ
ਅੰਮ੍ਰਿਤਸਰ